# ਚਿਰਾਗ

ਜੁਲਾਈ-ਸਤੰਬਰ 2005

**July -September 2005**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ

53

ਜੁਲਾਈ-ਸਤੰਬਰ 2005

# ਚਿਰਾਗ਼ ਤਿਮਾਹੀ

ਜੁਲਾਈ-ਸਤੰਬਰ 2005

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


- ਸੰਪਾਦਕੀ ਟਿੱਪਣੀ : ਪੰਜਾਬੀ ਭਾਸ਼ਾ ਤੇ ਸਰਕਾਰਾਂ
  ਛੱਡੋ ਖ਼ਾਬ ਤੇ ਜਾਗਦਾ ਸੱਚ ਵੇਖੋ
- ਮੁਲਾਕਾਤ : ਏਜਾਜ਼ ਅਹਿਮਦ/ਮੁਲਾਕਾਤੀ ਡਾ. ਭੀਮ ਇੰਦਰ ਸਿੰਘ
- ਵਿਸ਼ਵ ਕਵਿਤਾ/ ਵਾਘਿਓ ਪਾਰ : ਅਲਮਾਜ਼ ਅਬੀ ਨਾਦਰ,
  ਖਾਲਦ ਮਹਿਮੂਦ, ਅਖ਼ਲਾਕ ਆਤਫ਼, ਜਾਵੇਦ ਜ਼ੱਕੀ,
  ਬਾਬਾ ਨਜ਼ਮੀ
- ਚੀਨੀ ਕਹਾਣੀ : ਦੱਖਣੀ ਝੀਲ ਦਾ ਚੰਦ/ਲਿਊ ਫੂ ਤਾਓ
- ਵਤਨੋਂ ਦੂਰ : ਮਹਿਰਮ ਯਾਰ ਦੀ ਕਵਿਤਾ
- ਲੇਖ : ਕਵਿਤਾ ਦੀ ਘੜੀ/ਜੌਹਨ ਬਰਗਰ
- ਗਜ਼ਲ : ਦੇਵ ਰਾਊਕੇ
- ਵਿਸ਼ੇਸ਼ ਲੇਖ : ਅੰਧੀ ਰਈਅਤ ਗਿਆਨ ਵਿਹੂਣੀ ਗੁਰੂ ਗ੍ਰੰਥ ਸਾਹਿਬ ਜੀ ਦੇ
  400 ਸਾਲ/ਸੁਮੇਲ ਸਿੱਧੂ
- ਪੁਸਤਕ ਪੜਚੋਲ : ਆਖ਼ਰੀ ਪੱਤਾ, ਅੱਲਾ ਮੀਆਂ ਥੱਲੇ ਆ,
  ਕਾਂ ਬਨੇਰੇ ਸੁੱਕਣ
- ਖਿਆਲ ਆਪੋ ਆਪਣਾ : ਪ੍ਰੀਤਮ ਸਿੰਘ, ਸੁਖਪਾਲ ਸਿੰਘ ਥਿੰਦ, ਮਨਮੋਹਨ ਬਾਵਾ
- ਪੁਸਤਕ ਪ੍ਰਾਪਤੀ :
- ਮੁੱਖ ਚਿੱਤਰ : ਮਾਂ ਦਾ ਦਰਦ


Postal Address:
Harbhajan Singh Hundal,
V.Fatu Chak,
P.O. Dhilwan
Distt. Kapurthala -144804
(Pb.) India
Phone No. 01822-273188


ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਨਾਂ ਭੇਜੇ ਜਾਣ।

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1006 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰਜ਼ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਫੋਨ- 0181-2483033) (ਜਲੰਧਰ) ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - ਜੁਲਾਈ 2005


ਸੰਪਾਦਕੀ ਟਿੱਪਣੀਆਂ

## 1. ਪੰਜਾਬੀ ਭਾਸ਼ਾ ਤੇ ਸਰਕਾਰਾਂ

ਵਿਸ਼ਵ ਪੰਜਾਬੀ ਕਾਨਫਰੰਸ ਪਟਿਆਲਾ ਸੰਬੰਧੀ, ਜੋ ਕਿ 1-2-3 ਦਸੰਬਰ 2004 ਨੂੰ ਹੋਈ ਸੀ, ਅਸੀਂ ਚਿਰਾਗ਼ ਦੇ ਜਨਵਰੀ-ਮਾਰਚ 2005 ਦੇ ਅੰਕ ਵਿਚ ਵਿਸਤਾਰ ਨਾਲ ਇਸ ਦੀ ਸਫਲਤਾ ਦੀਆਂ ਸੰਭਾਵਨਾਵਾਂ ਬਾਰੇ ਜ਼ਿਕਰ ਕੀਤਾ ਸੀ। ਅਸੀਂ ਇਸ ਵਿਚ ਸ਼ਾਮਲ ਹੋਣ ਵਾਲਿਆਂ ਦੀ ਸੰਜੀਦਗੀ, ਲਗਨ, ਉਤਸ਼ਾਹ ਅਤੇ ਪੰਜਾਬੀ ਪ੍ਰਤੀ ਪ੍ਰਤੀਬੱਧਤਾ ਨੂੰ ਅਨੁਭਵ ਕਰਦਿਆਂ ਕੁਝ ਟਿੱਪਣੀਆਂ ਕੀਤੀਆਂ ਸਨ। ਅਸੀਂ ਇਥੇ ਦੋਵੇਂ ਪੰਜਾਬ ਦੀਆਂ ਸਰਕਾਰਾਂ ਦੇ ਮੁੱਖ ਮੰਤਰੀਆਂ ਦੇ ਐਲਾਨਾਂ ਨੂੰ ਅਮਲ ਵਿਚ ਲਿਆਉਣ ਦੀ ਆਸ ਪ੍ਰਗਟਾਉਂਦਿਆਂ ਆਪਣੇ ਸ਼ੰਕੇ ਵੀ ਪ੍ਰਗਟ ਕੀਤੇ ਸਨ। ਖ਼ਾਸ ਕਰਕੇ ਪਾਕਿਸਤਾਨ ਦੇ ਪੰਜਾਬ ਸੰਬੰਧੀ ਜਿਥੇ ਪੰਜਾਬੀ ਸਕੂਲਾਂ ਵਿਚ ਵੀ ਨਹੀਂ ਪੜ੍ਹਾਈ ਜਾਂਦੀ। ਭਾਰਤੀ ਪੰਜਾਬ ਵਿਚ ਜਿਥੇ ਪੰਜਾਬੀ ਸਿੱਖਿਆ ਦਾ ਮਾਧਿਅਮ ਹੋਣ ਦੇ ਬਾਵਜੂਦ ਪ੍ਰਾਈਵੇਟ ਸਕੂਲਾਂ ਵਿਚ ਮਾਧਿਅਮ ਵਜੋਂ ਨਾ ਅਪਨਾਉਣ ਦੀਆਂ ਜਾਣ-ਬੁੱਝ ਕੇ ਕੀਤੀਆਂ ਕੁਤਾਹੀਆਂ ਦਾ ਮਸਲਾ ਸਾਡੇ ਸਾਹਮਣੇ ਹੈ।

ਸਾਡੇ ਭਾਰਤੀ ਪੰਜਾਬ ਦੀਆਂ ਯੂਨੀਵਰਸਿਟੀਆਂ, ਪੰਜਾਬੀ ਅਕੈਡਮੀਆਂ ਆਦਿ ਵਿਚ ਅਤੇ ਸਾਹਿਤ ਸਭਾਵਾਂ ਅਤੇ ਹੋਰਨਾਂ ਅਦਾਰਿਆਂ ਦੁਆਰਾ ਸਮੇਂ-ਸਮੇਂ ਸੈਮੀਨਾਰ, ਨਾਟਕ, ਕਵੀ ਦਰਬਾਰ ਆਦਿ ਕੀਤੇ ਜਾਂਦੇ ਰਹਿੰਦੇ ਹਨ ਜਿਨ੍ਹਾਂ ਵਿਚ ਬੜੇ ਮਹੱਤਵਪੂਰਨ ਸਾਹਿਤਕ, ਸੱਭਿਆਚਾਰਕ, ਸਮਾਜਿਕ, ਦਾਰਸ਼ਨਿਕ, ਇਤਿਹਾਸਕ ਵਿਸ਼ਿਆਂ ਉਪਰ ਖੋਜ-ਪਰਚੇ ਮਿਹਨਤ ਨਾਲ ਲਿਖੇ, ਪੜ੍ਹੇ ਅਤੇ ਵਿਚਾਰੇ ਜਾਂਦੇ ਹਨ। ਪ੍ਰੰਤੂ ਇਹਨਾਂ ਵਧੀਆ ਕਾਰਜਾਂ ਵਿਚ ਇਕ ਬੜੀ ਵੱਡੀ ਊਣਤਾਈ ਸਾਹਮਣੇ ਆਉਂਦੀ ਹੈ, ਜਿਸ ਨਾਲ ਇਹ ਮਿਹਨਤ ਬੁੱਧੀਜੀਵੀਆਂ ਤੱਕ ਸੁੰਗੜ ਕੇ ਰਹਿ ਜਾਂਦੀ ਹੈ। ਇਸ ਦਾ ਭਾਵ ਇਹ ਹੈ ਕਿ ਇਹ ਸੈਮੀਨਾਰ ਯੂਨੀਵਰਸਿਟੀਆਂ ਅਤੇ ਵੱਡੇ ਸ਼ਹਿਰਾਂ ਵਿਚ ਹੀ ਕੀਤੇ ਜਾਂਦੇ ਹਨ। ਜਿਨ੍ਹਾਂ ਬਾਰੇ ਲੋਕਾਂ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਹ ਸ਼ਾਮਲ ਹੋ ਸਕਣ। ਜੇ ਕਰ ਪਤਾ ਲੱਗ ਵੀ ਜਾਵੇ ਤਾਂ ਵੀ ਉਹਨਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਬੜੀ ਘਟ ਹੈ, ਕਿਉਂਕਿ ਉਹਨਾਂ ਨੂੰ ਇਸ ਦੀ ਅਹਿਮੀਅਤ ਦਾ ਪਤਾ ਨਹੀਂ ਹੈ, ਜਿਸ ਦਾ ਕਾਰਨ ਸਾਡੇ ਸਾਹਿਤਕ ਬੁੱਧੀਜੀਵੀ, ਲੇਖਕਾਂ, ਵਿਦਵਾਨਾਂ ਦੀ ਉਹਨਾਂ ਨਾਲ ਲਗਾਤਾਰ ਦੂਰੀ ਬਣੀ ਹੋਈ ਹੈ। ਇਸ ਘਾਟ ਨੂੰ ਦੂਰ ਕਰਨ ਲਈ ਸੈਮੀਨਾਰਾਂ ਨੂੰ ਸਾਰਥਿਕ ਬਣਾਉਣ ਲਈ, ਪੰਜਾਬੀ ਸੰਬੰਧੀ ਜਿਹੜੀਆਂ ਮੰਗਾਂ ਦੀ ਪ੍ਰਾਪਤੀ ਲਈ ਧਰਨੇ ਆਦਿ ਮਾਰੇ ਜਾਂਦੇ ਹਨ, ਲੋਕਾਂ ਨੂੰ ਸਮਝਾ ਕੇ ਨਾਲ ਜੋੜਨ ਲਈ, ਇਹ ਜ਼ਰੂਰੀ ਹੈ ਕਿ ਸ਼ਹਿਰਾਂ ਦੀ ਥਾਂ ਇਹ ਸੈਮੀਨਾਰ ਪਿੰਡਾਂ ਵਿਚ ਹਾਇਰ ਸੈਕੰਡਰੀ ਸਕੂਲਾਂ ਅਤੇ ਪੇਂਡੂ ਕਾਲਜਾਂ ਦੇ ਵਿਦਿਆਰਥੀਆਂ ਅਤੇ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਪੰਜਾਬੀ ਦੇ ਵਿਕਾਸ ਲਈ ਲਹਿਰ ਨੂੰ ਪੈਦਾ ਕਰਨ ਵਿਚ ਸਹਾਇਤਾ ਵੀ ਮਿਲੇਗੀ ਅਤੇ ਬੁੱਧੀਜੀਵੀਆਂ ਅਤੇ ਲੋਕਾਂ ਨਾਲ ਨੇੜਤਾ ਪੈਦਾ ਹੋਵੇਗੀ ਅਤੇ ਪੰਜਾਬ ਦੀ ਬੌਧਿਕ ਕੰਗਾਲੀ ਦੂਰ ਕਰਨ ਵਿਚ ਇਹ ਨਿੱਗਰ ਕਦਮ ਸਾਬਤ ਹੋ ਸਕਣਗੇ।

ਉੱਤਰ-ਪਟਿਆਲਾ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਾਡੇ ਪੰਜਾਬ ਵਿਚ, ਲੰਮੇ ਸਮੇਂ ਤੋਂ ਬਣੀ ਖੜੋਤ ਲਈ ਜਿਥੇ ਹੋਰ ਵੱਖੋ-ਵੱਖ ਵਿਅਕਤੀ, ਅਦਾਰੇ ਅਤੇ ਸਰਕਾਰ ਜ਼ਿੰਮੇਵਾਰ ਹੈ ਉੱਥੇ ਕੇਂਦਰੀ ਪੰਜਾਬੀ ਸਾਹਿਤ ਸਭਾ (ਰਜਿ.) ਅਤੇ ਪੰਜਾਬੀ ਸਾਹਿਤ ਅਕਾਡਮੀ

ਲੁਧਿਆਣਾ ਅਤੇ ਚੰਡੀਗੜ੍ਹ ਖ਼ਾਸ ਕਰਕੇ ਜ਼ਿੰਮੇਵਾਰ ਠਹਿਰਾਈਆਂ ਜਾ ਸਕਦੀਆਂ ਹਨ। ਕੇਂਦਰੀ ਸਭਾ (ਰਜਿ.) ਉੱਤੇ ਕੁਝ ਵਿਅਕਤੀਆਂ ਦੀ ਪਿਛਲੇ 10-12 ਸਾਲਾਂ ਤੋਂ ਇਕ ਤਰ੍ਹਾਂ ਇਜਾਰਾਦਾਰੀ ਹੀ ਬਣੀ ਹੋਈ ਹੈ। ਇਹ ਵਿਅਕਤੀ-ਗਰੁੱਪ, ਇਸਦੀ ਮੈਂਬਰਸ਼ਿਪ ਦੀਆਂ ਤਿਕੜਮਾਂ ਅਪਣਾਉਂਦੇ ਹੋਏ, ਜਿਸ ਤਰ੍ਹਾਂ ਕੇਂਦਰੀ ਸਭਾ ਦੇ ਪ੍ਰਧਾਨ ਬਣੇ ਹਨ, ਉਸ ਨੂੰ ਇਸ ਲਈ ਅਫਸੋਸਜਨਕ ਨਹੀਂ ਕਿਹਾ ਜਾ ਸਕਦਾ ਕਿ ਉਹ ਕਿਉਂ ਬਣੇ ਹਨ। ਚਿੰਤਾ ਤਾਂ ਇਹ ਹੈ ਕਿ ਇਹ ਪਰਬੁੱਧ ਸਥਾਪਤ ਕਵੀ, ਸਾਹਿਤਕਾਰ ਸੱਜਣ, ਜੱਥੇਬੰਦਕ ਪ੍ਰਬੰਧਕੀ ਕਾਰਜਾਂ ਵਿਚ ਸਿਰੇ ਦੇ ਅਨਾੜੀ ਹਨ। ਜਿਨ੍ਹਾਂ ਨੂੰ ਸਿਰਫ਼ ਪ੍ਰਧਾਨ ਬਣਨ ਦਾ ਹੀ ਸ਼ੌਕ ਸੀ। ਅਫਸੋਸ ਇਸ ਗੱਲ ਦਾ ਹੈ ਕਿ ਇਸ ਚਾਲੂ ਟਰਮ ਦੇ ਪ੍ਰਧਾਨ ਨੂੰ ਛੱਡ ਕੇ ਸਾਰੇ ਹੀ ਪ੍ਰਗਤੀਵਾਦੀ ਹੋਣ ਦੇ ਬਾਵਜੂਦ ਵੀ ਲੋਕਾਂ ਨਾਲ ਸੰਬੰਧ ਜੋੜਨ ਨੂੰ ਅਣਡਿੱਠ ਕਰਨ ਵਾਲੇ ਸਿੱਧ ਹੋਏ ਹਨ। ਮੌਜੂਦਾ ਕੇਂਦਰੀ ਸਭਾ ਦੀ ਸਾਰੀ ਦੀ ਸਾਰੀ ਆਗੂ ਟੀਮ ਦੇ ਅਹੁਦੇਦਾਰਾਂ ਨੇ, ਸਭਾ ਦੇ ਹੋਂਦ ਨੂੰ ਅਣਹੋਂਦ ਵਿਚ ਬਦਲ ਦਿੱਤਾ ਹੈ। ਜੋ ਧਰਨੇ ਆਦਿ ਕੀਤੇ ਜਾ ਰਹੇ ਹਨ ਉਹ ਖਾਨਾਪੂਰੀ ਕਰਨ ਅਤੇ ਸਭਾ ਦੇ ਧਨ ਦਾ ਨਾਸ਼ ਕਰਨ ਤੋਂ ਬਿਨਾਂ ਕੁਝ ਨਹੀਂ ਹੈ। ਸੇਖੋਂ ਸਭਾ ਦਾ ਤਾਂ ਜ਼ਿਕਰ ਕਰਨ ਦੀ ਲੋੜ ਹੀ ਨਹੀਂ ਹੈ ਕਿਉਂਕਿ ਉਹ ਤਾਂ ਅਖ਼ਬਾਰੀ ਖ਼ਬਰਾਂ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਪ੍ਰੰਤੂ ਸੇਖੋਂ ਸਭਾ ਦੇ ਅਹੁਦੇਦਾਰਾਂ ਨੂੰ ਆਪਣੇ ਪ੍ਰਤੀ ਬੜਾ ਭਰਮ ਹੈ ਕਿਉਂਕਿ ਉਹ ਆਪਣੇ ਮਨ ਦੇ ਹਨ੍ਹੇਰੇ ਵਿਚੋਂ ਬਾਹਰ ਆ ਕੇ ਵੇਖਣ ਦੀ ਇੱਛਾ ਹੀ ਨਹੀਂ ਰੱਖਦੇ।

ਇਸ ਤੋਂ ਅੱਗੇ ਪੰਜਾਬ ਸਰਕਾਰ ਹੈ ਜੋ ਅੱਜ ਨਹੀਂ ਪਹਿਲਾਂ ਵੀ ਪੰਜਾਬੀ ਪ੍ਰਤੀ ਬੇਰੁਖੀ ਦੀ ਨੀਤੀ ਉੱਤੇ ਚੱਲ ਰਹੀ ਹੈ। ਪੰਜਾਬ, ਅੱਜ ਤਾਂ ਨਹੀਂ ਪ੍ਰੰਤੂ ਕਾਫੀ ਲੰਮਾ ਸਮਾਂ ਦੇਸ਼ ਦਾ ਵਿਕਸਿਤ ਰਾਜ ਗਿਣਿਆ ਜਾਂਦਾ ਰਿਹਾ ਹੈ। ਇਸ ਦਾ ਇਹ ਵਿਕਸਤਪਨ ਹੋਰ ਜਿਸ ਕਾਸੇ ਵਿਚ ਭਾਵੇਂ ਹੋਵੇ ਪਰ ਸਿੱਖਿਆ ਦੇ ਸੰਬੰਧ ਵਿਚ ਇਸ ਨੇ ਅੱਧੀ ਜਾਂ ਅੱਧੀ ਨਾਲੋਂ ਜ਼ਰਾ ਕੁ ਘੱਟ ਵਸੋਂ ਨੂੰ ਅਨਪੜ੍ਹ ਰੱਖਣ ਦੀ ਧਾਰੀ ਰੱਖੀ ਹੋਈ ਹੈ। ਇਥੋਂ ਦੇ ਸਿੱਖਿਆ ਮੰਤਰੀ, ਮੁਖ ਮੰਤਰੀ, ਪਿਛਲੇ ਹੋਣ ਚਾਹੇ ਇਸ ਵਾਰ ਦੇ ਸਿੱਖਿਆ ਦੇ ਸੰਬੰਧੀ ਹੱਦ ਦਰਜੇ ਦੇ ਗ਼ੈਰ-ਜ਼ਿੰਮੇਵਾਰ ਰਹੇ ਹਨ। ਅਸਲ ਵਿਚ ਇ ਲੋਕ ਸਿੱਖਿਆ ਬਾਰੇ ਲੋਕਾਂ ਲਈ ਇਸ ਦੀ ਮਹੱਤਤਾ ਅਤੇ ਜ਼ਰੂਰਤ ਬਾਰੇ ਅਨਪੜ੍ਹ ਹਨ। ਪਹਿਲਾਂ ਤੋਤਾ ਸਿੰਘ ਤੇ ਬਾਦਲ ਸਾਹਿਬ ਸਨ, ਹੁਣ ਹਰਨਾਮ ਦਾਸ ਜੌਹਰ ਅਤੇ ਕੈਪਟਨ ਸਾਹਿਬ ਹਨ ਅਤੇ ਤੀਜਾ ਖ਼ਜ਼ਾਨਾ ਮੰਤਰੀ ਸਿੰਗਲਾ ਹੈ, ਜਿਸ ਪੁੱਛੋ, "ਤੂੰ ਕੌਣ ਹੈ?" "ਖਾਹਮਖਾਹ" ਇਹ ਕਦੇ ਸਿੱਖਿਆ ਪ੍ਰਾਈਵੇਟ ਕਰਨ, ਕਦੇ 16 ਕਿਲੋਮੀਟਰਾਂ 'ਤੇ ਸਕੂਲ ਖੋਹਲਣ ਬਾਰੇ ਵੇਰਵੇ ਬਿਆਨ ਦੇ ਰਿਹਾ ਹੈ। ਕੈਪਟਨ ਸਾਹਿਬ ਵਿਧਾਨ ਸਭਾ ਵਿਚ ਅੰਗ੍ਰੇਜ਼ੀ ਦੀ ਵਰਤੋਂ ਦੇ ਐਲਾਨ ਕਰਦੇ ਹਨ। ਇਹ ਸਭ ਕੁਝ ਪੰਜਾਬੀ ਅਤੇ ਸਿੱਖਿਆ ਦੀ ਪੰਜਾਬ ਸਰਕਾਰ ਦੀ ਨੀਤੀ ਨੂੰ ਕੇਵਲ ਭੰਬਲਭੂਸੇ ਅਤੇ ਪੰਜਾਬ ਵਿਰੋਧੀ ਹੀ ਕਿਹਾ ਜਾ ਸਕਦਾ ਹੈ। ਜੋ ਇਹਨਾਂ ਬਾਦਲ ਸਰਕਾਰ ਤੋਂ ਵਿਰਸੇ ਵਿਚ ਲਈ ਹੈ। ਅਕਸਰ ਇਹ ਸਭ ਕੁਝ ਕਿਉਂ ਹੈ ਅਤੇ ਕੀ ਹੈ? ਇਹ ਅਫ਼ਸਰਸ਼ਾਹੀ ਹੈ ਜਿਹਨਾਂ ਦੇ ਰਾਹੀਂ ਬੋਲਦੀ ਹੈ, ਜਿਹੜੀ ਸਭ ਗ਼ਲਤ ਕਰਵਾ ਕੇ ਜ਼ਿੰਮੇਵਾਰ ਨਹੀਂ ਹੈ। ਇਹ ਤਾਂ ਨਿਰੇ ਧੂਤੂ ਹੀ ਆਖੇ ਜਾ ਸਕਦੇ ਹਨ। ਸੋ ਇਸ ਸਥਿਤੀ ਵਿਚੋਂ ਪੰਜਾਬ ਨੂੰ ਕੱਢਣ ਲਈ, ਪੰਜਾਬ ਦਾ ਦਰਦ ਮਹਿਸੂਸ ਕਰਨ ਵਾਰੇ ਵਿਸ਼ਾਲ ਬੁੱਧੀਜੀਵੀ ਵਰਗ ਨੂੰ ਲੋਕਾਂ ਕੋਲ ਜਾਣ ਦਾ ਕਠਨ, ਪਰਉਪਕਾਰੀ ਕਾਰਜ ਪ੍ਰਤੀਬੱਧਤਾ ਨਾਲ ਕਰਕੇ, ਪਟਿਆਲਾ ਵਿਸ਼ਵ ਪੰਜਾਬੀ ਕਾਨਫਰੰਸ ਦੇ ਉਦੇਸ਼ਾਂ ਨੂੰ ਅੱਗੇ ਲਿਜਾਇਆ ਜਾ ਸਕਦਾ ਹੈ।

ਇਸ ਬਾਰੇ ਸੰਖੇਪ ਵਿਚ ਅਸੀਂ ਇਹ ਕਹਿਣਾ ਚਾਹਾਂਗੇ ਕਿ 23 ਮਾਰਚ 2005 ਦੇ ਪੰਜਾਬੀ ਟ੍ਰਿਬਿਊਨ ਵਿਚ ਡਾ. ਸਤਿੰਦਰ ਸਿੰਘ ਨੂਰ ਦਾ ਲੇਖ "ਪਾਕਿਸਤਾਨ ਵਿਚ ਦਸ



ਦਿਨ" ਪੜ੍ਹਨ ਨਾਲ ਪਤਾ ਲੱਗਦਾ ਹੈ ਕਿ ਪਾਕਿਸਤਾਨੀ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਸਿੱਖਿਆ ਵਿਭਾਗ ਕਿੰਨੀ ਤਨਦੇਹੀ ਅਤੇ ਗੰਭੀਰਤਾ ਨਾਲ ਪੰਜਾਬੀ ਦੀ ਪੜ੍ਹਾਈ ਲਈ ਕੰਮ ਵਿਚ ਲੱਗਿਆ ਹੋਇਆ ਹੈ। ਬੇਸ਼ਕ ਹੁਣ ਤੱਕ ਉਹਨਾਂ ਪੰਜਾਬੀ ਨੂੰ ਵਿਸਾਰੀ ਰੱਖਿਆ ਹੈ। ਜਿਸ ਦਾ ਉਹਨਾਂ ਨੂੰ ਹੁਣ ਅਹਿਸਾਸ ਹੋਇਆ ਹੈ ਕਿ ਉਹਨਾਂ ਦੇ ਭਵਿੱਖ ਦੇ ਵਾਰਸਾਂ ਦੇ ਬੌਧਿਕ ਵਿਕਾਸ ਵਿਚ ਅਤੇ ਪੰਜਾਬੀ ਸੱਭਿਆਚਾਰ ਦੇ ਵਿਕਾਸ ਵਿਚ ਕਿੰਨਾ ਪਛੜ ਗਏ ਹਨ। ਉਹ ਪੰਜਾਬੀ ਟੈਕਸਟ ਬੁੱਕਾਂ ਦੀ ਤਿਆਰੀ ਵਿਚ, ਪੰਜਾਬੀ ਦੇ ਸਿਲੇਬਸ ਤਿਆਰ ਕਰਨ ਵਿਚ, ਪੰਜਾਬੀ ਪੜ੍ਹਾਉਣ ਲਈ ਪੰਜਾਬੀ ਅਧਿਆਪਕਾਂ ਦੀ ਸਿਖਲਾਈ ਅਤੇ ਤਿਆਰੀ ਵਿਚ, ਭਾਰਤੀ ਪੰਜਾਬ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਸ਼ਾਹਮੁਖੀ ਵਿਚ ਛਾਪਣ ਲਈ ਅਤੇ ਹੋਰ ਸੈਮੀਨਾਰਾਂ, ਗੋਸ਼ਟੀਆਂ, ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਨੂੰ ਇਕ ਤਰ੍ਹਾਂ ਜੰਗੀ ਪੱਧਰ ਉਪਰ ਕਰ ਰਹੇ ਹਨ। ਡਾ. ਨੂਰ ਨੂੰ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਡੀਨ ਨੇ ਕਿਹਾ ਕਿ "ਮੈਂ ਇਕ ਮਹੀਨਾ ਉਸ ਯੂਨੀਵਰਸਿਟੀ ਦੇ ਪੰਜਾਬੀ ਦੇ ਕੰਮ ਵਿਚ ਲਾਵਾਂ। ਸਾਲ ਵਿਚ ਕਦੇ ਵੀ।" ਉਹਨਾਂ ਆਪਣੇ ਸਮੁੱਚੇ ਪ੍ਰਭਾਵ ਨੂੰ ਪ੍ਰਗਟਾਉਂਦਿਆਂ ਲਿਖਿਆ ਹੈ ਕਿ "ਮੈਨੂੰ ਤਸੱਲੀ ਹੋਈ ਕਿ ਪੱਛਮੀ ਪੰਜਾਬ ਦੇ ਸਕੂਲਾਂ ਤੱਕ ਪੰਜਾਬੀ ਪਹੁੰਚ ਜਾਵੇਗੀ।"

**-ਸੰਪਾਦਕੀ ਮੰਡਲ**

## 2. ਛੱਡੋ ਖ਼ਾਬ ਤੇ ਜਾਗਦਾ ਸੱਚ ਵੇਖੋ

ਪੰਜਾਬ ਨੂੰ ਖਰੇ ਅਰਥਾਂ ਵਿਚ ਪੜ੍ਹਿਆ-ਲਿਖਿਆ ਬਣਾਉਣਾ ਏਂ ਤਾਂ ਮਾਂ-ਬੋਲੀ ਨੂੰ ਪੜ੍ਹਾਈ ਲਿਖਾਈ ਦਾ ਵਸੀਲਾ ਬਣਾਓ। ਕਿਤਾਬਾਂ ਵੰਡਿਆਂ , ਚੰਦੇ ਮਾਫ਼ ਕੀਤਿਆਂ, ਮਸ਼ਹੂਰੀਆਂ ਵਰਤਾਇਆ ਨਹੀਂ ਜੇ ਨਿਬੜਦੀ। ਕੌਮੀ ਪੱਧਰ 'ਤੇ ਵੇਲੇ ਦਾ ਨੁਕਸਾਨ ਨਾ ਕਰੋ। ਪੰਜਾਬ ਦੇ ਹੁਣ ਤੀਕਰ ਪੜ੍ਹਿਆ-ਲਿਖਿਆ ਨਾ ਹੋ ਸਕਣ ਦੀ ਇਕੋ ਵੱਡੀ ਵਜ੍ਹਾ ਏ, ਓਬੜ ਬੋਲੀਆਂ ਵਿਚ ਪੜ੍ਹਾਉਣਾ। ਏਥੇ ਮੁੱਢਲੀ ਤੇ ਉੱਤਲੀ ਦੋਵਾਂ ਪੱਧਰਾਂ ਦੀ ਪੜ੍ਹਾਈ ਮਾਂ ਬੋਲੀ ਦੀ ਥਾਂ ਬੇਗਾਨੀਆਂ ਬੋਲੀਆਂ ਵਿਚ ਹੁੰਦੀ ਏ। ਇਸ ਵਾਧੂ ਭਾਰ ਦਾ ਸਿੱਟਾ ਚੋਖੇ ਬਾਲ ਸਕੂਲਾਂ ਤੋਂ ਨੱਸ ਜਾਂਦੇ ਨੇ। ਜਿਹੜੇ ਨਹੀਂ ਨੱਸਦੇ, ਸਾਲਾਂ ਬੱਧੀ ਗੋਡੇ, ਅੱਡੀਆਂ ਰਗੜਦੇ ਰਹਿੰਦੇ ਹਨ। ਓੜਕ ਬੂਟੀਆਂ ਚੱਲਦੀਆਂ ਨੇ, ਸਨਦਾਂ ਡਿਗਰੀਆਂ ਦੇ ਮੁੱਲ ਪੈਂਦੇ ਨੇ। ਐਡੀ ਅੱਤ ਹੋਣੀ ਭਲਾ ਖਾਬਾਂ ਨਾਲ ਮੁੱਕ ਸਕਦੀ ਏ? ਪੜ੍ਹਿਆ-ਲਿਖਿਆ ਹੋਵਣ ਕੋਈ ਓਬੜ ਲਫ਼ਜ਼ਾਂ ਦੀ ਜੁਗਾਲੀ ਤੇ ਝਰੀਟਾ ਝਰਾਟੀ ਹੁੰਦੀ ਏ। ਇਹ ਤਾਂ ਸਮਝ ਸੁਰਤ ਦਾ ਵਧਾਰਾ ਆਪ ਵਿਸਾਹ ਦੀ ਖੱਟੀ ਹੁੰਦਾ ਹੈ। ਬਾਲ ਸਕੂਲੇ ਪੈਂਦਾ ਏ ਤਾਂ ਉਹਨੂੰ ਸੱਖਣਾ ਭਾਂਡਾ ਨਾ ਜਾਣੋ। ਉਹ ਆਪਣਾ ਲਫ਼ਜ਼-ਭੰਡਾਰ ਨਾਲ ਲਿਆਉਂਦਾ ਏ, ਇਹ ਲੱਫਾਜ਼ੀ ਕੋਈ ਥੋਥੇ ਸ਼ਬਦ ਨਹੀਂ, ਉਹਦੇ ਸਮਝਣ ਸੰਜਾਵਣ ਦੀ ਸ਼ਕਤੀ, ਉਹਦੀ ਸਮਝ ਸਿਆਣ ਹੁੰਦੇ ਨੇ, ਓਸ ਵੇਲੇ ਉਹ ਆਪਣੀ ਮਾਂ ਬੋਲੀ ਹੁੰਦਾ ਏ, ਏਸੇ ਵਾਸਤੇ ਪੂਰੀ ਦੁਨੀਆ ਵਿਚ ਮਾਂ ਬੋਲੀ ਦਾ ਆਦਰ ਕੀਤਾ ਜਾਂਦਾ ਏ। ਬਾਲ ਨੂੰ ਉਹਦੀ ਮਾਂ-ਬੋਲੀ ਵਿਚ ਈ ਪੜ੍ਹਨ ਲਿਖਣ ਸਿਖਾਇਆ ਜਾਂਦਾ ਏ। ਓਪਰੀ ਪੁੰਗਰੀ ਸੁਰਤ ਲੈ ਕੇ ਈ ਉਹਦੀ ਅਗਲ ਸੁਰਤ ਵਧਾਈ ਜਾਂਦੀ ਹੈ। ਉਹਦੇ ਉਸਰਨ ਨਿਸਰਨ ਦੀ ਪਰਨਾਲੀ ਅੱਗੇ ਕੋਈ ਔਕੜ ਨਹੀਂ ਆਵਣ ਦਿੱਤੀ ਜਾਂਦੀ। ਇੰਝ ਬਾਲ ਦਾ ਆਪ ਵਸਾਹ ਉਸਰਦਾ ਹੈ। ਉਹਦੀ ਹਸਤੀ ਹੁੰਦੀਆਂ ਨੇ। ਜਿੰਨੀਆਂ ਡੂੰਘੀਆਂ ਹੁੰਦੀਆਂ ਨੇ ਓਨਾ ਹੀ ਹਸਤੀ ਦਾ ਪਰਵਾਹ ਘਣਾ ਤੇ ਪਸਾਰਵਾਂ ਹੁੰਦਾ ਏ। ਉਹਦੀ ਸਮਝ ਸੁਰਤ ਤਗੜੀ ਤੇ ਨਰੋਈ ਹੁੰਦੀ ਏ। ਉਹ ਨਕਲਚੂ ਨਹੀਂ ਬਣਦਾ,

ਪਰਖਣ ਪੜਚੋਲਣ ਤੇ ਵਟਾਂਦ ਦੇਣ ਵਾਲਾ ਹੋ ਨਿਤਰਦਾ ਏ। ਉਹਦੇ ਵਿਚ ਐਨੀ ਤਾਕਤ ਹੁੰਦੀ ਏ, ਜੋ ਉਹ ਜਿਹੜੀ ਬੋਲੀ ਚਾਹਵੇ ਸੌਖੀ ਤਰ੍ਹਾਂ ਸਿਖ ਸਕਦਾ ਏ। ਜਿਹੜਾ ਇਲਮ ਚਾਹਵੇ ਸਿੱਖ ਸਕਦਾ ਏ। ਇਹਦੇ ਮੁਕਾਬਲੇ ਵਿਚ ਜਦੋਂ ਸਕੂਲ ਦੀਆਂ ਦਹਿਲੀਜ਼ਾ ਉੱਤੇ ਈ ਮਾਂ ਬੋਲੀ ਤੋਂ ਤਰੋੜ ਦਿੱਤਾ ਜਾਵੇ। ਉਹਦੇ ਸਾਹਮਣੇ ਕਿਸੇ ਹੋਰ ਦੁਨੀਆਂ ਦੇ ਲਫਜ਼ ਖਿਲਾਰ ਦਿੱਤੇ ਜਾਵਣ, ਉਹਨੂੰ ਉਹ ਲਫਜ਼ ਡੰਡੇ ਨਾਲ ਚੁਗਾਏ ਜਾਵਣ ਤਾਂ ਬਾਲ ਦੇ ਪੱਲੇ ਕੀ ਰਹਿ ਜਾਂਦਾ ਏ। ਬਾਲ ਬੇਵਸਾਹਿਆ ਹੋ ਜਾਂਦਾ ਏ। ਉਹਦੇ ਵਿਚ ਆਪ-ਹੀਣਤਾ ਆ ਜਾਂਦੀ ਏ। ਉਹਦੇ ਦਿਲ ਦਿਮਾਗ਼ ਉੱਤੇ ਡਰ ਦੇ ਤੰਬੂ ਤਣ ਜਾਂਦੇ ਨੇ। ਉਹਦਾ ਆਪਣੇ ਆਪ, ਆਪਣੇ ਆਲੇ-ਦੁਆਲੇ ਨਾਲ ਸਾਥ ਤਰੁੱਟ ਜਾਂਦਾ ਏ। ਪੜ੍ਹਾਈ ਉਹਦੇ ਲਈ ਮੌਤ ਬਣ ਜਾਂਦੀ ਏ। ਉਹ ਪੜ੍ਹਨੋਂ ਨੱਸਦਾ ਏ। ਸਿਰ ਉੱਤੇ ਲੱਦੀ ਧਿੰਗਾਣੀ ਬੋਲੀ ਰਟ ਕੇ ਉਹਦੀ ਝਰੀਟਾ-ਝਰਾਟੀ ਸਿੱਖ ਕੇ ਵੀ ਉਹਦੀ ਹਸਤੀ ਬੱਜੀ ਹੀ ਰਹਿੰਦੀ ਏ। ਉਹਦੀ ਹੋਂਦ ਵਿਚ ਕਾਣ ਨਹੀਂ ਜਾਂਦੀ। ਪੜ੍ਹਤਾ ਦੇ ਨਾਂ ਤੇ ਉਹ ਅਨਪੜ੍ਹ ਹੋ ਜਾਂਦਾ ਏ। ਦੂਜੀਆਂ ਬੋਲੀਆਂ ਉੱਤੇ ਉਹਦੀ ਪਕੜ ਸਾਰੀ ਉਮਰ ਨਹੀਂ ਬਣਦੀ। ਦੁਨੀਆ ਏਸ ਧਰੋਹ ਨੂੰ ਕਤਲੇਆਮ ਦਾ ਨਾਂ ਦਿੰਦੀ ਏ। ਇਹਦੇ ਦੋਸ਼ੀਆਂ ਉੱਤੇ ਉਹੋ ਕਾਨੂੰਨ ਲਾਗੂ ਕਰਨੇ ਮੰਗਦੀ ਏ, ਜਿਹੜੀਆਂ ਕੌਮਾਂ ਤੇ ਨਸਲਾਂ ਦਾ ਸਫਾਇਆ ਕਰ ਦੇਣ ਵਾਲਿਆਂ ਉੱਤੇ ਲਾਏ ਜਾਂਦੇ ਨੇ। ਕਿਉਂ ਜੋ ਪੜ੍ਹਾਈ ਲਿਖਾਈ ਵਿਹਾਰ ਵਿਚ ਮਾਂ-ਬੋਲੀ ਉੱਤੇ ਲੱਗੀ ਹਟਕ (ਰੋਕ) ਉਸ ਬੋਲੀ ਤੇ ਉਹਦੇ ਬੋਲਣ ਵਾਲਿਆਂ ਨੂੰ ਮਾਰਨ ਦਾ ਪਹਿਲਾ ਆਹਰ ਹੁੰਦਾ ਏ। ਇਹਦੇ ਨਤੀਜੇ ਵਿਚ ਨਸਲਾਂ ਆਪਣੀ ਮਾਂ ਬੋਲੀ ਦੇ ਬਾਰੇ ਬੇਕਿਰਕ ਹੋ ਜਾਂਦੀਆਂ ਨੇ, ਉਹ ਬੇਕਿਰਕੀ ਹੌਲੀ-ਹੌਲੀ ਵਧਦੀ ਜਾਂਦੀ ਏ। ਇਹਦੀ ਪਾਰੋਂ ਮਾਂ-ਬੋਲੀ ਮਰਦੀ ਟੁਰੀ ਜਾਂਦੀ ਏ। ਜਿੰਨੀ-ਜਿੰਨੀ ਇਹ ਮਰਦੀ ਜਾਂਦੀ ਏ, ਓਨੀ-ਓਨੀ ਤਵਾਰੀਖ ਮਰਦੀ ਏ, ਆਲਾ-ਦੁਆਲਾ ਮਰਦਾ ਏ, ਰਹਿਤਲ (ਕਲਚਰ) ਮਰਦੀ ਏ। ਹੋਵਣ ਥੀਵਣ ਦਾ ਵੀ ਇਕ ਉਚੇਚਾ ਢੰਗ, ਇਕ ਉਚੇਚਾ ਰੂਪ ਮਰਦਾ ਏ, ਸੂਝ-ਸਿਆਣਪ ਤੇ ਸੁਹਜ-ਸੁਆਦ ਵੀ ਮਰਦਾ ਏ। ਸਾਫ ਲਫ਼ਜ਼ਾਂ ਵਿਚ ਬੰਦਾ ਮਰਦਾ ਏ। ਦੁਨੀਆ ਤੋਂ ਬੰਦਿਆਂ ਦੇ ਹੋਵਣ ਦੀ ਇਕ ਵਿਨਕ ਮਰਦੀ ਏ। ਉਹਦੀ ਥਾਂ ਕਿਸੇ ਜ਼ੋਰਾਵਰ ਤੇ ਧਿੰਗਾਣੂ ਓਬੜ ਹੋਂਦ ਦਾ ਪ੍ਰਛਾਵਾ ਉੱਗਦਾ ਏ। ਗੁਲਾਮਾਂ ਦਾ ਗੁਲਾਮ, ਬਰਦਿਆਂ ਦਾ ਬਰਦਾ, ਭਾੜੇ ਦਾ ਖੱਚਰ

"ਹਮਾਰਾ ਖਵਾਬ ਪੜ੍ਹਿਆ ਲਿਖਿਆ ਪੰਜਾਬ"

ਵਾਲਿਆਂ ਨੂੰ ਇਹ ਜਾਗਦਾ ਸੱਚ ਨਹੀਂ ਦਿਸਦਾ। ਵੇਖਦੇ ਨਹੀਂ ਕਿ ਵੇਖਣ ਜੋਗੇ ਰਹੇ ਹੀ ਨਹੀਂ? •

**ਪੰਚਮ ਲਾਹੌਰ**


'ਯਾਤਰੀ ਦੀ ਅੱਖ' ਅਤੇ 'ਕੰਧ ਓਹਲੇ ਪ੍ਰਦੇਸ' ਤੋਂ ਬਾਅਦ

**ਹਰਭਜਨ ਸਿੰਘ ਹੁੰਦਲ ਦਾ**

ਪਾਕਿਸਤਾਨ ਬਾਰੇ ਲਿਖਿਆ

**'ਮੁਹੱਬਤ ਦਾ ਸਫ਼ਰਨਾਮਾ'**

ਪੰਨੇ 200 ਮੁੱਲ 240/-

ਮਨਪ੍ਰੀਤ ਪ੍ਰਕਾਸ਼ਨ - ਦਿੱਲੀ




ਮੁਲਾਕਾਤ

## ਖੱਬੇ ਪੱਖ ਦਾ ਕਾਂਗਰਸ ਨਾਲ ਗੁੰਝਲਦਾਰ ਨਾਤਾ ਹੈ : ਏਜਾਜ਼ ਅਹਿਮਦ

ਮੁਲਾਕਾਤੀ : ਡਾ. ਭੀਮ ਇੰਦਰ ਸਿੰਘ

ਪ੍ਰੋਫੈਸਰ ਏਜਾਜ਼ ਅਹਿਮਦ ਵਿਸ਼ਵ ਪ੍ਰਸਿੱਧ ਮਾਰਕਸਵਾਦੀ ਚਿੰਤਕ ਹਨ। ਉਹਨਾਂ ਦੀਆਂ ਲਿਖਤਾਂ ਵਿਚ ਵੀਹਵੀਂ ਸਦੀ ਦੇ ਸੱਠਵਿਆਂ ਤੋਂ ਬਾਅਦ ਸਾਹਿਤਕ ਸਿਧਾਤਾਂ ਵਿਚ ਵਾਪਰੀਆਂ ਤਬਦੀਲੀਆਂ ਨੂੰ ਪ੍ਰਮੁੱਖ ਵਿਸ਼ਾ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਵਿਚਾਰਧਾਰਾ ਵਿਚ ਭਾਰਤੀ ਸਾਹਿਤ ਦੇ ਸੰਕਲਪ ਅਤੇ ਤੀਸਰੀ ਦੁਨੀਆ ਦੇ ਆਰਥਿਕ, ਰਾਜਨੀਤਿਕ, ਸੱਭਿਆਚਾਰਕ ਆਦਿ ਢਾਂਚੇ ਬਾਰੇ ਲੇਖਾ ਜੋਖਾ ਵੀ ਸ਼ਾਮਲ ਹੁੰਦਾ ਹੈ। ਵਿਚਾਰਧਾਰਕ ਤੌਰ 'ਤੇ ਭਾਵੇਂ ਉਹ ਸੀ.ਪੀ.ਐਮ. ਨਾਲ ਜਾ ਜੁੜਦੇ ਹਨ। ਪਰ ਭਾਰਤ ਦੀ ਸਭਿਆਚਾਰਕ ਸਮਰੂਪਤਾ ਦੇ ਸਿਧਾਂਤਾਂ ਨੂੰ ਤਜ ਕੇ ਉਹ ਬਸਤੀਵਾਦੀ ਬਿਰਤਾਂਤ ਅਤੇ ਉਤਰ-ਬਸਤੀਵਾਦੀ ਸਿਧਾਂਤ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰਦੇ ਹਨ। ਇਸ ਪ੍ਰਕਿਰਿਆ ਦੌਰਾਨ ਉਹ ਸਮਕਾਲੀ ਸਭਿਆਚਾਰਕ ਆਲੋਚਨਾ ਸਬੰਧੀ ਆਮ ਧਾਰਾਵਾਂ ਨੂੰ ਰੱਦ ਕਰਦੇ ਹਨ। ਮਹਾਂ-ਬਿਰਤਾਂਤ ਦਾ ਅੰਤ ਕਹਿਣ ਵਾਲੇ ਉਤਰ-ਆਧੁਨਿਕਤਾਵਾਦ ਦੇ ਵਿਰੋਧ ਵਿਚ ਉਹ ਮਾਰਕਸਵਾਦ ਦੀ ਅਜੋਕੇ ਸਮੇਂ ਵਿਚ ਮਹੱਤਤਾ ਨੂੰ ਦ੍ਰਿੜ ਕਰਵਾਉਣਾ ਚਾਹੁੰਦੇ ਹਨ। ਮਾਰਕਸਵਾਦ ਦੇ ਸੰਬੰਧ ਵਿਚ ਉਹਨਾਂ ਦੀ ਹਾਂ-ਪੱਖੀ ਧਾਰਨਾ ਵੀ ਇਹੋ ਹੈ ਕਿ ਭਾਵੇਂ ਰੂਸ ਦੇ ਢਹਿ-ਢੇਰੀ ਹੋਣ ਨਾਲ ਮਾਰਕਸਵਾਦ ਨੂੰ ਵਿਹਾਰਕ ਤੌਰ 'ਤੇ ਸੱਟ ਲੱਗੀ ਹੈ ਪਰ ਸਿਧਾਂਤ ਦੇ ਤੌਰ 'ਤੇ ਅਜੇ ਵੀ ਉਹ ਦੁਨੀਆ ਦਾ ਇਕੋ-ਇਕ ਸਿਧਾਂਤ ਹੈ ਜਿਸ ਰਾਹੀਂ ਅਜੋਕੇ ਹਾਲਾਤਾਂ ਨੂੰ ਪੂਰਨ ਡੂੰਘਾਈ ਨਾਲ ਸਮਝਿਆ ਜਾ ਸਕਦਾ ਹੈ। ਪੇਸ਼ ਹੈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਉਹਨਾਂ ਨਾਲ ਲੰਮੀ ਮੁਲਾਕਾਤ ਦੇ ਕੁਝ ਅੰਸ਼ :

? **ਤੁਸੀਂ ਕਿਸੇ ਵੇਲੇ 'ਇਨ ਥਿਓਰੀ' ਵਰਗੀਆਂ ਸਾਹਿਤ-ਸਿਧਾਂਤ ਦੀਆਂ ਪੁਸਤਕਾਂ ਲਿਖੀਆਂ, ਪਰ ਹੁਣ ਤੁਸੀਂ ਸਿਆਸਤ, ਆਰਥਿਕਤਾ, ਸਭਿਆਚਾਰ ਅਤੇ ਫਲਸਫ਼ੇ ਬਾਰੇ ਏਨਾ ਕਿਉਂ ਲਿਖ ਰਹੇ ਹੋ?**

— ਮੈਂ ਆਉਣ ਵਾਲੇ ਦਿਨਾਂ ਵਿਚ ਵਿਭਿੰਨ ਵਿਸ਼ਿਆਂ 'ਤੇ ਵਿਭਿੰਨ ਕਾਨਫਰੰਸਾਂ, ਸੈਮੀਨਾਰ, ਪ੍ਰੋਗਰਾਮਾਂ ਵਿਚ ਭਾਸ਼ਣ ਦੇਣੇ ਹਨ। ਮਿਸਾਲ ਵਜੋਂ ਇਕ ਥਾਂ ਡਾਨ ਕੁਇਜ਼ਟੇ 'ਤੇ ਭਾਸ਼ਣ ਹੈ, ਇਕ ਥਾਂ 'ਉਤਰੀ ਭਾਰਤ ਵਿਚ ਧਰਮ ਦਾ ਇਤਿਹਾਸ' ਦੇ ਵਿਸ਼ੇ 'ਤੇ ਬੋਲਣਾ ਹੈ। ਫਿਰ ਮੁੰਬਈ ਵਿਚ 'ਉਤਰਆਧੁਨਿਕਤਾ ਸਿਧਾਂਤ ਅਤੇ ਵਿਹਾਰ', ਵਿਸ਼ੇ 'ਤੇ ਅਤੇ ਫਿਰ ਉਸੇ ਬਾਦ ਦੁਪਹਿਰ 'ਫਿਰਕੂਵਾਦ :ਕੀ ਸੰਘਰਸ਼ ਮੁੱਕ ਗਿਆ ਹੈ?' ਵਿਸ਼ੇ ਦੇ ਭਾਸ਼ਨ ਦੇਣਾ ਹੈ। ਪੰਜਵੇਂ ਦਿਨ ਮੈਂ ਵਿਸ਼ਵੀਕਰਨ ਅਤੇ ਉਤਰਆਧੁਨਿਕਤਾ ਬਾਰੇ ਬੋਲਣਾ ਹੈ। ਛੇਵੇਂ ਦਿਨ ਮੇਰੀ ਧਰਮ, ਸਿਆਸਤ ਅਤੇ ਪਛਾਣ ਦੇ ਮਸਲਿਆਂ 'ਤੇ ਵਰਕਸ਼ਾਪ ਲੱਗਣੀ ਹੈ। ਇਹ ਮੇਰਾ ਆਉਣ ਵਾਲੇ ਕੁਝ ਦਿਨਾਂ ਦਾ ਸ਼ਡਿਊਲ ਹੈ। ਇਹਨਾਂ ਵਿਚ ਦੋ ਤਿੰਨ ਵਿਸ਼ੇ ਸਾਹਿਤ, ਫਲਸਫਾ, ਧਰਮ ਆਦਿ ਨਾਲ ਸੰਬੰਧਤ ਹਨ। ਵੱਖ-ਵੱਖ ਵਿਸ਼ਿਆਂ 'ਤੇ ਮੇਰੇ ਆਰਟੀਕਲ ਵੀ ਛਪਦੇ ਰਹਿੰਦੇ ਹਨ। ਮੇਰੀ ਲਿਖਤ 'ਇਨ ਥਿਓਰੀ' ਵਰਗੀ ਲਿਖਤ ਤੋਂ ਲਾਂਭੇ ਜ਼ਰੂਰ ਹੋਈ ਹੈ। ਦਿਲਚਸਪ ਗੱਲ ਇਹ ਹੈ ਕਿ ਮੈਂ ਲਿਖਿਆ ਸਿਆਸੀ, ਦਾਰਸ਼ਨਿਕ ਆਦਿ ਮਸਲਿਆਂ 'ਤੇ ਵੀ ਹੈ ਪਰ ਇਹ ਕਿਤਾਬ 'ਇਨ ਥਿਓਰੀ' ਇੰਗਲੈਂਡ ਵਿਚ ਛਪੀ ਸੀ ਇਸ ਲਈ ਮਸ਼ਹੂਰ ਹੋ ਗਈ ਤੇ ਵੱਧ ਤਵੱਜੋ

ਲੈ ਗਈ ਕਿਉਂਕਿ ਇੰਗਲੈਂਡ ਵਿਚ ਛਪੇ ਨੂੰ ਹਰ ਕੋਈ ਪੜ੍ਹਦਾ ਹੈ। ਕਿਤਾਬਾਂ ਮੇਰੀਆਂ ਭਾਰਤ ਵਿਚ ਵੀ ਛਪਦੀਆਂ ਹਨ ਪਰ 'ਇਨ ਥਿਓਰੀ' ਇਸ ਲਈ ਵਧ ਮਕਬੂਲ ਹੋ ਗਈ ਕਿਉਂਕਿ ਇਹ ਬਾਹਰ ਛਪੀ ਸੀ ਤੇ ਮੈਂ ਇਸ ਪੁਸਤਕ ਲਈ ਇਥੇ ਜਾਣਿਆ ਜਾਣ ਲੱਗਾ। ਇੰਗਲੈਂਡ ਵਿਚ ਵੀ ਇਸੇ ਕਰਕੇ ਮਕਬੂਲ ਹੋਇਆ ਸੀ। ਮੇਰੀਆਂ ਹੋਰ ਪੁਸਤਕਾਂ ਭਾਰਤ ਵਿਚ ਵੀ ਛਪੀਆਂ ਹਨ, ਪਰ ਭਾਰਤ ਵਿਚ ਛਪੀਆਂ ਹੋਣ ਕਰਕੇ ਇਹਨਾਂ ਦਾ ਨੋਟਿਸ ਘੱਟ ਲਿਆ ਗਿਆ ਹੈ।

**? ਤੁਸੀਂ ਵਿਸ਼ਵੀਕਰਨ ਅਤੇ ਉਤਰਆਧੁਨਿਕਤਾਵਾਦ ਦੀ ਗੱਲ ਕੀਤੀ ਹੈ। ਅਮਰੀਕਨ ਸਾਮਰਾਜਵਾਦ ਅਤੇ ਉਤਰਆਧੁਨਿਕਤਾਵਾਦ ਵਿਚ ਕੀ ਸੰਬੰਧ ਹਨ?**

— ਇਹਨਾਂ ਦਾ ਆਪਸ ਵਿਚ ਸਿੱਧਾ ਸੰਬੰਧ ਕੋਈ ਨਹੀਂ ਹੈ। ਦੋਹਾਂ ਦਾ ਬੁਨਿਆਦੀ ਫ਼ਰਕ ਇਹ ਹੈ ਕਿ ਉਤਰਆਧੁਨਿਕਤਾ ਐਮ.ਟੀ.ਵੀ. ਹੈ ਜਾਂ 24 ਘੰਟੇ ਚੱਲਣ ਵਾਲੇ ਫੈਸ਼ਨ ਚੈਨਲ ਹਨ। ਉਤਰਆਧੁਨਿਕਤਾ ਉਹ ਨੰਗੇਜਵਾਦ ਹੈ ਜੋ ਹੁਣ ਮਨੋਰੰਜਨ ਕਹਾਉਂਦਾ ਹੈ। ਇਹ ਜਨ ਮਨੋਰੰਜਨ ਅਤੇ ਮਨੁੱਖੀ ਚੇਤਨਾ ਦਾ ਨਵਬਸਤੀਵਾਦੀਕਰਨ ਹੈ। ਬੁਨਿਆਦੀ ਤੌਰ 'ਤੇ ਉਤਰਆਧੁਨਿਕਤਾ ਸਭਿਆਚਾਰਕ ਪੱਧਰ 'ਤੇ ਵਾਪਰੀ ਹੈ। ਉਤਰਆਧੁਨਿਕਤਾ ਦਾ ਸੰਕਲਪ, ਫੂਕੋ, ਦੈਰਿਦਾ ਆਦਿ ਨਾਲ ਵੀ ਜੋੜਨ ਦਾ ਯਤਨ ਕੀਤਾ ਜਾਂਦਾ ਹੈ। ਪਰ ਕੋਈ ਇਸ ਬਾਰੇ ਬਹੁਤਾ ਸਪੱਸ਼ਟ ਨਹੀਂ ਹੈ ਕਿ ਉਤਰਆਧੁਨਿਕਤਾ ਤੋਂ ਮਤਲਬ ਕੀ ਹੈ ਜਾਂ ਉਸ ਦੇ ਕਿਸ ਵਿਸਤਾਰ ਦੀ ਲੋੜ ਹੈ? ਇਸ ਨੂੰ ਜਨ-ਸਭਿਆਚਾਰ ਦੇ ਪੱਧਰ ਤੋਂ ਸਮਝਣ ਲਈ ਉਤਰ-ਸੰਰਚਨਾਵਾਦ ਦੀ ਗੱਲ ਅਤੇ ਫ਼ਲਸਫ਼ਈ ਝੁਕਾਅ ਅਤੇ ਉਸਦੀਆਂ ਸਿਆਸੀ ਉਲਝਣਾਂ/ਭਾਵਅਰਥਾਂ ਦੀ ਗੱਲ ਕਰਨੀ ਹੋਵੇ ਤਾਂ ਉਸ ਦਾ ਅਮਰੀਕਨ ਸਾਮਰਾਜਵਾਦ ਨਾਲ ਅਸਿੱਧਾ ਸੰਬੰਧ ਜ਼ਰੂਰ ਹੈ। ਇਹ ਇਕ ਸਿਆਸੀ ਮਸਲਾ ਹੈ ਕਿਉਂਕਿ ਇਸ ਵਿਚ ਸਾਮਰਾਜ ਵਿਰੋਧੀ, ਉਦਾਰਵਾਦ ਪੱਖੀ, ਦਾਰਸ਼ਨਿਕ ਵਿਰੋਧਤਾਈਆਂ ਵਾਲੀ ਸਥਿਤੀ ਮੌਜੂਦ ਹੈ। ਜਿਵੇਂ ਕਿ ਹਾਬਰਮਾਸ ਵਰਗੇ ਸਾਬਕਾ ਮਾਰਕਸਵਾਦੀ ਲੇਖਕ ਹੁਣ ਫੂਕੋ ਦੇ ਹਵਾਲੇ ਦੀ ਗੱਲ ਕਰਦੇ ਹਨ ਅਤੇ ਇਹ ਹੁਣ ਸਾਮਰਾਜਵਾਦੀ ਲੋਕਰਾਜਵਾਦੀ ਕਹਾਉਂਦੇ ਹਨ। ਇਸ ਲਈ ਇਸ ਦਾ ਅਮਰੀਕਨ ਸਾਮਰਾਜਵਾਦ ਨਾਲ ਅਸਿੱਧਾ ਸੰਬੰਧ ਹੈ ਕਿਉਂਕਿ ਦੂਜੇ ਪਾਸੇ ਇਹੋ ਲੋਕ ਅਮਰੀਕਨ ਸਾਮਰਾਜਵਾਦ ਦਾ ਵਿਰੋਧ ਵੀ ਕਰਦੇ ਹਨ। ਇਹਨਾਂ ਦੀ ਸਥਿਤੀ ਕਾਫੀ ਗੁੰਝਲਦਾਰ ਬਣੀ ਹੋਈ ਹੈ। ਮਿਸਾਲ ਵਜੋਂ ਜਦੋਂ ਫੂਕੋ ਨੂੰ ਕੋਈ ਉਤਰਆਧੁਨਿਕਤਾਵਾਦ ਬਾਰੇ ਪੁੱਛਦਾ ਹੈ ਤਾਂ ਉਹ ਉੱਤਰ ਵਿਚ ਕਹਿੰਦਾ ਹੈ ਕਿ "ਤੁਸੀਂ ਇਹ ਉਤਰਆਧੁਨਿਕਤਾ ਵਰਗਾ ਸ਼ਬਦ ਕਿੱਥੋਂ ਲਿਆ ਹੈ?" ਮੈਂ ਤਾਂ ਨਵੇਂ ਸਿਧਾਤਾਂ ਬਾਰੇ ਕੁਝ ਜਾਣਦਾ ਨਹੀਂ। ਇਸ ਲਈ ਇਹ ਲੋਕ ਆਪ ਹੀ ਉਤਰਆਧੁਨਿਕਤਾ ਬਾਰੇ ਸਪੱਸ਼ਟ ਨਹੀਂ ਹਨ ਅਤੇ ਦੈਰਿਦਾ ਵੀ ਇਸ ਬਾਰੇ ਸਪਸ਼ਟਤਾ ਨਾਲ ਕੁਝ ਨਹੀਂ ਕਹਿ ਸਕਿਆ। ਅਜੇ ਅਸੀਂ ਵੀ ਉਤਰਆਧੁਨਿਕਤਾ ਬਾਰੇ ਭੰਬਲਭੂਸੇ ਵਿਚ ਹੀ ਹਾਂ, ਸਿਰਫ਼ ਅਸੀਂ ਹੀ ਕਿਉਂ ਕੁੱਲ ਦੁਨੀਆਂ ਦੇ ਲੋਕਾਂ ਦੀ ਇਹੋ ਸਥਿਤੀ ਹੈ।

**? ਫ੍ਰੈਡਰਿਕ ਜੇਮਸਨ ਬਾਰੇ ਤੁਹਾਡੇ ਕੀ ਵਿਚਾਰ ਹਨ ਜੋ ਕਦੇ ਮਾਰਕਸਵਾਦੀ ਹੋ ਜਾਂਦੇ ਹਨ ਤੇ ਕਦੇ ਉਤਰਆਧੁਨਿਕਤਾਵਾਦੀ?**

— ਜੇਮਸਨ ਬਾਰੇ? ਹਾਂ ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ ਕਿ ਉਹ ਉਤਰਆਧੁਨਿਕਤਾ ਨੂੰ ਬਹੁਤ ਹੱਦ ਤੱਕ ਸਵੀਕਾਰ ਕਰਦਾ ਹੈ। ਉਹ ਉਤਰਆਧੁਨਿਕਤਾ ਦੀ ਸਿਧਾਂਤਕ ਸਥਿਤੀ ਨੂੰ ਮੰਨ ਰਿਹਾ ਹੈ ਤੇ ਇਕ ਹਥਠੋਕੇ ਵਜੋਂ ਉਸ ਨੂੰ ਵਰਤਦਾ ਹੈ। ਪਰ ਦੂਜੇ ਪਾਸੇ ਉਸ ਨੇ ਜਮਾਤੀ ਦਰਜਾਬੰਦੀ ਵਾਲੀ ਉਤਰਆਧੁਨਿਕਤਾ ਦੀ ਭਰਪੂਰ



ਆਲੋਚਨਾਤਮਕ ਵਿਆਖਿਆ ਵੀ ਕੀਤੀ ਹੈ। ਉਸਨੇ ਜਮਾਤੀ ਦਰਜਾਬੰਦੀ ਅਤੇ ਜਨ-ਸਭਿਆਚਾਰ ਦੇ ਆਪਸੀ ਸੰਬੰਧਾਂ ਨੂੰ ਸਮਝਾਉਣ ਦਾ ਯਤਨ ਕੀਤਾ ਹੈ।

**? ਤੁਸੀਂ ਮਾਰਕਸਵਾਦੀ ਆਲੋਚਕ / ਚਿੰਤਕ ਵਜੋਂ ਜਾਣੇ ਜਾਂਦੇ ਹੋ। ਤੁਹਾਡੇ ਵਿਚਾਰ ਅਨੁਸਾਰ ਅਜੋਕੇ ਸਮੇਂ ਵਿਚ ਮਾਰਕਸਵਾਦ ਦੀ ਕੀ ਪ੍ਰਸੰਗਿਕਤਾ ਹੈ?**

— ਮਾਰਕਸਵਾਦ ਤੋਂ ਤੁਹਾਡੀ ਕੀ ਮੁਰਾਦ ਹੈ? ਮਾਰਕਸਵਾਦ ਦਾ ਇਕ ਪਾਸੇ ਤਾਂ ਸੰਬੰਧ ਸੋਸ਼ਲਿਸਟ ਲਹਿਰਾਂ ਨਾਲ ਹੈ। ਕੀ ਮਾਰਕਸਵਾਦ ਨੂੰ ਖੁਦਮੁਖ਼ਤਿਆਰ ਸਿਧਾਂਤ ਵਜੋਂ ਸਮਝਣਾ ਚਾਹੁੰਦੇ ਹੋ? ਜੇ ਤੁਸੀਂ ਇਸ ਤਰ੍ਹਾਂ ਵੇਖਦੇ ਹੋ ਤਾਂ ਤੁਹਾਨੂੰ ਇਹ ਵਿਖਾਈ ਦੇਵੇਗਾ ਕਿ ਖੁਦ ਮਾਰਕਸਵਾਦੀਆਂ ਦੇ ਅੰਦਰ ਵੀ ਬਹਿਸਾਂ ਚੱਲਦੀਆਂ ਰਹਿੰਦੀਆਂ ਹਨ। ਮਾਰਕਸਵਾਦੀ ਦੀ ਸਮਝ ਵੱਖ-ਵੱਖ ਰਾਜਨੀਤਿਕ ਲਹਿਰਾਂ ਵਿਚ, ਬੁੱਧੀਜੀਵੀ ਝੁਕਾਵਾਂ ਵਿਚ ਆਪਣੀ-ਆਪਣੀ ਥਾਂ ਰਹੀ ਹੈ। ਮਾਰਕਸਵਾਦ ਤੋਂ ਜੇ ਤੁਹਾਡੀ ਮੁਰਾਦ ਕਾਰਲ ਮਾਰਕਸ, ਲੈਨਿਨ ਅਤੇ ਰੋਜ਼ਾ ਲਗਜ਼ਮਬਰਗ ਵਰਗੇ ਕਲਾਸਕੀ ਮਾਰਕਸਵਾਦੀ ਚਿੰਤਕਾਂ ਤੋਂ ਹੈ ਤਾਂ ਮਾਰਕਸਵਾਦ ਦਾ ਇਕ ਸਿਧਾਂਤਕ ਚੌਖਟਾ ਹੈ। ਉਸ ਸਿਧਾਂਤਕ ਚੌਖਟੇ ਅੰਦਰ ਕੱਟੜਵਾਦੀ ਝੁਕਾਅ ਵੀ ਰਹੇ ਹਨ, ਗ਼ੈਰ-ਕੱਟੜਵਾਦੀ ਝੁਕਾਅ ਵੀ ਰਹੇ ਹਨ। ਸਮਾਜਿਕ ਲਹਿਰਾਂ ਨੇ ਵੀ ਵੱਖ-ਵੱਖ ਰੂਪ ਅਖ਼ਤਿਆਰ ਕੀਤੇ ਹਨ। ਹਿੰਦੁਸਤਾਨ ਵਿਚ ਮਾਰਕਸਵਾਦ ਦਾ ਜੋ ਝੁਕਾਅ ਭਾਰੂ ਰਿਹਾ ਹੈ, ਉਸ ਵਿਚ 1950 ਤੋਂ ਬਾਅਦ ਇਸ ਨੇ ਪਾਰਲੀਮੈਂਟਰੀ ਰਾਹ ਅਖ਼ਤਿਆਰ ਕੀਤਾ ਜਿਸ ਰਾਹੀਂ ਸਿਸਟਮ ਦੇ ਅੰਦਰ ਇਕ ਸਮਾਜਵਾਦੀ ਲਹਿਰ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਇਲਾਵਾ ਦੂਸਰੇ ਕਮਿਊਨਿਸਟ ਲਹਿਰਾਂ ਵਾਲੇ ਗਰੁੱਪ ਰੂਪੋਸ਼ ਵੀ ਰਹੇ ਹਨ। ਜੋ ਪਾਰਲੀਮਾਨੀ ਢਾਂਚੇ ਤੋਂ ਬਾਹਰ ਹਨ ਉਹਨਾਂ ਦੀ ਸਮਝ ਵਿਚ ਵਿਵਹਾਰ ਅਤੇ ਵਿਚਾਰ ਦੀ ਪੱਧਰ 'ਤੇ ਵਿਭਿੰਨਤਾ ਹੈ। ਇਹ ਇਸ ਦਾ ਖ਼ਾਸਾ ਹੈ। ਜਿਹੜੇ ਲੋਕ ਮਾਰਕਸਵਾਦ ਵਿਰੋਧੀ ਹੁੰਦੇ ਹਨ, ਉਹਨਾਂ ਦਾ ਖਿਆਲ ਇਹ ਹੈ ਕਿ ਮਾਰਕਸਵਾਦ ਮਹਿਜ਼ ਇਕ ਕੱਟੜ ਸਿਧਾਂਤ ਹੈ।

**? ਅਜਿਹੇ ਲੋਕ ਅਕਸਰ ਕਹਿੰਦੇ ਹਨ ਕਿ ਹੁਣ ਮਾਰਕਸਵਾਦ ਨਿਘਾਰ ਵੱਲ ਹੈ। ਕੀ ਤੁਹਾਨੂੰ ਲੱਗਦਾ ਹੈ ਕਿ ਮਾਰਕਸਵਾਦ ਵਿਚ ਨਿਘਾਰ ਆਇਆ ਹੈ?**

— ਇਹ ਇਕ ਮਾਰਕਸਵਾਦ ਵਿਰੋਧੀ ਵਤੀਰਾ ਹੈ ਜਿਸ ਵਿਚ ਮਾਰਕਸਵਾਦ ਨੂੰ ਸੋਵੀਅਤ ਯੂਨੀਅਨ ਦੇ ਪਰਿਆਇ ਵਜੋਂ ਸਮਝਿਆ ਜਾਂਦਾ ਹੈ। ਇਹ ਇਕ ਪ੍ਰਕਾਰ ਦੀ ਮਾਰਕਸਵਾਦ ਨੂੰ ਗਾਲ੍ਹ ਹੈ। ਦੂਸਰੀ ਗੱਲ ਇਹ ਹੈ ਕਿ ਜਦੋਂ ਉਹ ਕਹਿੰਦੇ ਹਨ ਕਿ ਮਾਰਕਸਵਾਦ ਵਿਚ ਨਿਘਾਰ ਆਇਆ ਹੈ ਤਾਂ ਇਹ ਇਕ ਸ਼ੱਕੀ ਨਜ਼ਰੀਆ ਹੈ। ਜੇ ਤੁਸੀਂ ਸਮਾਜਵਾਦੀ ਲਹਿਰਾਂ ਦੀ ਗੱਲ ਕਰਦੇ ਹੋ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਸ਼ਵ ਪੱਧਰ 'ਤੇ ਸਮਾਜਵਾਦੀ ਲਹਿਰਾਂ ਵਿਚ ਨਿਘਾਰ ਆਇਆ ਹੈ। ਤੁਸੀਂ ਭਾਵੇਂ ਇਸ ਨੂੰ ਨਿਘਾਰ ਕਹੋ ਜਾਂ ਹਾਰ ਕਹੋ, ਇਹ ਦੋਵੇਂ ਇਹ ਹਨ। ਜੋ ਵਿਸ਼ਵ ਪਰਿਦ੍ਰਿਸ਼ ਤੋਂ ਇਕਦਮ ਅਲੋਪ ਹੋਏ ਹਨ ਉਹ ਹਨ ਸਮਾਜਵਾਦੀ ਰਾਜ ਅਤੇ ਮੇਰੀ ਤਾਂ ਚੀਨ ਬਾਰੇ ਵੀ ਰਾਇ ਇਹ ਹੈ ਕਿ ਉਥੇ ਅਜੇ ਤਕ ਵੀ ਜਨਤਕ ਜਾਇਦਾਦ ਦੀ ਚੜ੍ਹਤ ਹੈ ਅਤੇ ਖ਼ਾਸ ਤੌਰ 'ਤੇ ਜ਼ਮੀਨ ਅਜੇ ਤਕ ਲੋਕਾਂ ਦੀ ਸਾਂਝੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਚੀਨ ਵਿਚ ਸਮਾਜਵਾਦ ਦੀ ਪੁਨਰ ਸਥਾਪਤੀ ਦੀ ਸੰਭਾਵਨਾ ਵੱਧ ਹੈ, ਪਰ ਚੀਨ ਹੁਣ ਸਮਾਜਵਾਦੀ ਮੁਲਕ ਨਹੀਂ ਹੈ। ਇਹ ਗੱਲ ਬਹੁਤ ਲੋਕ ਆਖਦੇ ਹਨ। ਇਕ ਰਾਜਸੀ ਢਾਂਚੇ ਵਜੋਂ ਸਮਾਜਵਾਦ ਹੌਲੀ-ਹੌਲੀ ਨਿਘਾਰ ਵੱਲ ਹੈ। ਪਰ ਮਾਰਕਸਵਾਦ ਇਕ ਸਿਧਾਂਤ ਵਜੋਂ

ਅੱਜ ਵੀ ਜ਼ਿੰਦਾ ਹੈ ਤੇ ਮੇਰਾ ਯਕੀਨ ਹੈ ਕਿ ਇਹ ਨਿਘਾਰ ਵੱਲ ਨਹੀਂ ਗਿਆ, ਕਿਉਂਕਿ ਸਾਬਕਾ ਸਮਾਜਵਾਦੀ ਰਾਜਾਂ ਨੇ ਜਿਵੇਂ ਕਮਿਊਨਿਸਟ ਸਿਧਾਂਤ ਦੀ ਵਿਆਖਿਆ ਕੀਤੀ ਹੈ ਉਹ ਹੁਣ ਨਹੀਂ ਹਨ, ਪਰ ਜਿਹਨਾਂ ਮੁਲਕਾਂ 'ਚ ਸਮਾਜਵਾਦੀ ਰਾਜ ਨਹੀਂ ਰਿਹਾ ਉਥੇ ਮੇਰਾ ਯਕੀਨ ਹੈ ਕਿ ਸਮਾਜਵਾਦ ਦਾ ਖਾਤਮਾ ਨਹੀਂ ਹੋਇਆ।

**? ਪੱਛਮੀ ਮਾਰਕਸਵਾਦ ਬਾਰੇ ਤੁਹਾਡੇ ਕੀ ਵਿਚਾਰ ਹਨ? ਕੀ ਮਾਰਕਸਵਾਦ ਦੇ ਪੁਨਰ-ਉਥਾਨ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ?**

— ਮੈਂ ਨਹੀਂ ਸਮਝਦਾ ਕਿ ਪੱਛਮ ਵਿਚ ਮਾਰਕਸਵਾਦ ਦਾ ਸਿਧਾਂਤਕ ਤੌਰ 'ਤੇ ਖਾਤਮਾ ਹੋ ਗਿਆ ਹੈ। ਦੂਸਰੀ ਗੱਲ ਇਹ ਹੈ ਕਿ ਇਹ ਵਾਕਈ ਇਕ ਸਚਾਈ ਹੈ ਕਿ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਸਮਾਜਵਾਦੀ ਲਹਿਰਾਂ ਵਿਚ ਨਿਘਾਰ ਆਇਆ ਹੈ। ਖ਼ਾਸ ਕਰਕੇ ਤੁਸੀਂ ਪੱਛਮੀ ਯੂਰਪ ਅਰਥਾਤ ਫ੍ਰਾਂਸ, ਪੁਰਤਗਾਲ ਆਦਿ ਜਿਥੇ ਕਦੇ ਵੱਡੀਆਂ ਸਮਾਜਵਾਦੀ ਪਾਰਟੀਆਂ ਹੁੰਦੀਆਂ ਸਨ ਉਹ ਟੁੱਟ ਗਈਆਂ ਹਨ ਅਤੇ ਬਦਲ ਗਈਆਂ ਹਨ। ਜਿਥੋਂ ਤੱਕ ਮਾਰਕਸਵਾਦ ਦੇ ਪੁਨਰ ਉਥਾਨ ਦਾ ਪ੍ਰਸ਼ਨ ਹੈ, ਮੇਰੀ ਰਾਇ ਵਿਚ, ਵੀਹਵੀਂ ਸਦੀ ਜੋ ਮਹਾਨ ਸੰਘਰਸ਼ਾਂ ਦੀ ਸਦੀ ਸੀ। ਇਕ ਸੰਘਰਸ਼ ਰਾਸ਼ਟਰਵਾਦੀ ਅੰਦੋਲਨਾਂ ਦਾ ਬਸਤੀਵਾਦ ਦੇ ਵਿਰੁੱਧ ਸੀ ਤੇ ਦੂਜਾ ਸਮਾਜਵਾਦੀ ਅਜੰਡੇ 'ਤੇ ਲੜਿਆ ਗਿਆ ਸੰਘਰਸ਼ ਸੀ। ਮੇਰਾ ਵਿਚਾਰ ਹੈ ਕਿ ਸਾਨੂੰ ਇਹ ਦੋ ਮਹਾਨ ਸੰਘਰਸ਼ ਯਾਦ ਰੱਖਣੇ ਚਾਹੀਦੇ ਹਨ ਅਤੇ ਇਹਨਾਂ ਦੇ ਜਿੱਤਾਂ ਨੂੰ ਜ਼ਿੰਦਾ ਰੱਖਣਾ ਚਾਹੀਦਾ ਹੈ, ਪਰ ਇਹ ਵੀ ਸਚਾਈ ਹੈ ਕਿ ਵੀਹਵੀਂ ਸਦੀ ਦੇ ਅੰਤ ਤੱਕ ਅਸੀਂ ਦੂਜੇ ਮੁਕਾਮ 'ਤੇ ਪਹੁੰਚ ਗਏ ਹਾਂ ਜਿਥੇ ਜਿਹੜੇ ਰਾਜ ਬਸਤੀਵਾਦ ਚੋਂ ਨਿਕਲ ਕੇ ਹੋਂਦ ਵਿਚ ਆਏ ਹਨ, ਉਹਨਾਂ ਨੂੰ ਅਤੇ ਸਮਾਜਵਾਦੀ ਰਾਜਾਂ ਨੂੰ ਵੀ ਅਮਰੀਕਨ ਨਵਬਸਤੀਵਾਦ ਨੇ ਆਪਣੇ ਕਬਜ਼ੇ 'ਚ ਲੈ ਲਿਆ ਹੈ। ਦੂਜੇ ਪਾਸੇ ਜੋ ਵਾਪਰ ਰਿਹਾ ਹੈ ਉਹ ਇਹ ਹੈ ਕਿ ਇਹਨਾਂ ਦੋਹਾਂ ਸੰਘਰਸ਼ਾਂ ਨੇ ਇਕ ਸ਼ਕਤੀਸ਼ਾਲੀ ਵਿਸ਼ਵੀ ਦਵੰਦਾਤਮਕ ਵਿਰੋਧਤਾਈ ਨੂੰ ਜਨਮ ਦਿੱਤਾ ਹੈ ਤੇ ਇਕ ਨਵੇਂ ਸੰਘਰਸ਼ ਲਈ ਜ਼ਮੀਨ ਤਿਆਰ ਕੀਤੀ ਹੈ। ਇਸ ਸੰਘਰਸ਼ ਵਿਚ ਨਾ ਸਿਰਫ ਕਿਰਤੀ ਜਮਾਤ ਦਾ ਸੰਘਰਸ਼ ਸਗੋਂ ਨਾਰੀ ਮੁਕਤੀ ਅੰਦੋਲਨ, ਕਾਮਾ ਵਰਗ ਦਾ ਅੰਦੋਲਨ, ਯੂਰਪੀ ਨਸਲਵਾਦ, ਆਦਿਵਾਸੀਆਂ ਦੇ ਰਾਸ਼ਟਰੀ ਸੰਘਰਸ਼, ਦਲਿਤ ਜਾਤੀਆਂ ਦੇ ਸੰਘਰਸ਼ ਵੀ ਸ਼ਾਮਲ ਹੋ ਗਏ ਹਨ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਸਮਾਜਵਾਦੀ ਅਤੇ ਕੌਮੀ ਬਸਤੀਵਾਦ ਵਿਰੋਧੀ ਲੜਾਈਆਂ ਨੇ ਹੀ ਉਪਰੋਕਤ ਵਿਭਿੰਨ ਸੰਘਰਸ਼ ਪੈਦਾ ਨਹੀਂ ਕੀਤੇ ਹਨ ਬਲਕਿ ਇਹ ਉਸ ਲੋਕਰਾਜੀ ਤਰਕ ਵਿਚੋਂ ਉਪਜੇ ਹਨ ਜਿਸ ਨੇ ਸਾਮਰਾਜਵਾਦ ਅਤੇ ਬਸਤੀਵਾਦ ਵਿਰੋਧੀ ਸੰਘਰਸ਼ਾਂ ਨੂੰ ਕਾਇਮ ਰੱਖਿਆ ਹੈ। ਅਸਲ ਵਿਚ ਇਸ ਸੰਘਰਸ਼ ਨੇ ਲੋਕਾਂ ਅੰਦਰ ਅੰਦੋਲਨਕਾਰੀ ਭਾਵਨਾ ਪੈਦਾ ਕੀਤੀ ਸੀ। ਇਸ ਸੰਘਰਸ਼ ਦਾ ਮਨੋਰਥ ਜਾਂ ਪਹੁੰਚ ਤਾਂ ਬਦਲੀ ਹੈ ਪਰ ਇਸ ਦੀ ਆਤਮਾ ਉਹੀ ਹੈ। ਹੁਣ ਇਹ ਕੇਵਲ ਪ੍ਰੋਲੇਤਾਰੀ ਵਰਗ ਦੀ ਆਜ਼ਾਦੀ ਦਾ ਸਵਾਲ ਨਹੀਂ ਬਲਕਿ ਪੂਰੇ ਦਾ ਪੂਰਾ ਢਾਂਚਾ ਹੀ ਆਜ਼ਾਦੀ ਚਾਹੁੰਦਾ ਹੈ। ਦਲਿਤ ਵੀ ਆਜ਼ਾਦੀ ਚਾਹੁੰਦਾ ਹੈ, ਔਰਤ ਵੀ ਆਜ਼ਾਦ ਹੋਣਾ ਲੋਚਦੀ ਹੈ, ਸਾਰੇ ਆਜ਼ਾਦ ਹੋਣਾ ਚਾਹੁੰਦੇ ਹਨ। ਇਸ ਲਈ ਮਾਰਕਸਵਾਦ ਦੇ ਪੁਨਰ ਉਥਾਨ ਦੀ ਸੰਭਾਵਨਾ ਇਸ ਸਮੁੱਚੇ ਸੰਘਰਸ਼ਸ਼ੀਲ ਢਾਂਚੇ ਵਿਚ ਹੈ ਜਿਸ ਦੀ ਅੱਜ ਦੇ ਸਮੇਂ ਵਿਚ ਵੱਡੀ ਲੋੜ ਹੈ। ਭਵਿੱਖੀ ਇਨਕਲਾਬ ਦੀਆਂ ਸੰਭਾਵਨਾਵਾਂ ਇਹਨਾਂ ਸੰਘਰਸ਼ਾਂ ਵਿਚ ਸਮੋਈਆਂ ਹੋਈਆਂ ਹਨ ਤੇ ਇਥੋਂ ਹੀ ਵੱਡੀਆਂ ਲੜਾਈਆਂ ਨਿਕਲ ਸਕਦੀਆਂ ਹਨ। ਪ੍ਰੋਲੇਤਾਰੀ ਅੰਦੋਲਨ ਨੂੰ



ਹੁਣ ਇਹਨਾਂ ਅੰਦੋਲਨਾਂ ਨੂੰ ਨਾਲ ਲੈ ਕੇ ਚੱਲਣਾ ਪਵੇਗਾ। ਇਹਨਾਂ ਸਾਰੇ ਸੰਘਰਸ਼ਾਂ ਜਾਂ ਅੰਦੋਲਨਾਂ ਵਿਚ ਪ੍ਰੋਲੇਤਾਰੀ ਅੰਦੋਲਨ ਦੀ ਗਤੀਸ਼ੀਲਤਾ ਪਈ ਹੈ। ਇਸ ਤਰ੍ਹਾਂ ਨਾਲ ਇਹਨਾਂ ਸੰਘਰਸ਼ਾਂ ਦੀ ਆਪਣੀ ਇਤਿਹਾਸਕ ਮਹੱਤਤਾ ਹੈ। ਨਾਰੀ ਮੁਕਤੀ ਦੇ ਅੰਦੋਲਨਾਂ ਦੀ ਸ਼ੁਰੂਆਤ 19ਵੀਂ ਸਦੀ ਦੀਆਂ ਸਮਾਜਵਾਦੀ ਲਹਿਰਾਂ ਵਿਚ ਨਿਹਿਤ ਹੈ। ਇਹ ਗੱਲ ਜਾਤਪਾਤੀ ਸੰਘਰਸ਼ ਬਾਰੇ ਕਹੀ ਜਾ ਸਕਦੀ ਹੈ। ਜੇਕਰ ਭਾਰਤ ਦੀ ਪੱਧਰ ਤੇ ਜਾਤਪਾਤੀ ਸੰਘਰਸ਼ ਦੀ ਗੱਲ ਕਰਨੀ ਹੋਵੇ ਤਾਂ ਇਸ ਦੀ ਅਹਿਮੀਅਤ ਸਮਾਜਵਾਦੀ ਸੰਘਰਸ਼ ਵਿਚ ਸਦਾ ਹੀ ਰਹੇਗੀ। ਭਾਰਤ ਵਿਚ ਸਾਰੇ ਸਮਾਜਵਾਦੀ ਝੁਕਾਅ ਜਾਤਪਾਤ ਵਿਰੋਧੀ ਰਹੇ ਹਨ। ਇਸ ਪ੍ਰਕਾਰ ਇਹਨਾਂ ਸੰਘਰਸ਼ਾਂ ਦੇ ਇਤਿਹਾਸਕ ਸੰਬੰਧਾਂ ਅਤੇ ਮਹੱਤਤਾ ਨੂੰ ਮੱਦੇਨਜ਼ਰ ਰੱਖਣਾ ਪਵੇਗਾ। ਮੁੱਕਦੀ ਗੱਲ ਇਹ ਹੈ ਕਿ ਮਾਰਕਸਵਾਦ ਸਿਧਾਂਤਕ ਅਤੇ ਵਿਹਾਰਕ ਪੱਧਰ 'ਤੇ ਵੱਡੇ ਤਜਰਬਿਆਂ ਵਿਚੋਂ ਲੰਘ ਰਿਹਾ ਹੈ।

**? ਇਸ ਨਵੇਂ ਇਤਿਹਾਸਕ ਮੋੜ 'ਤੇ ਭਾਰਤੀ ਕੌਮੀ ਬੁਰਜੂਆਜ਼ੀ ਦਾ ਕਿਹੋ ਜਿਹਾ ਰੋਲ ਹੈ? ਇਸ ਦੌਰ ਵਿਚ ਸਮਾਜਵਾਦੀ ਅੰਦੋਲਨ ਸਾਹਮਣੇ ਕਿਹੜੀਆਂ ਚੁਣੌਤੀਆਂ ਮੌਜੂਦ ਹਨ?**

— ਇਹ ਜੋ ਨਵਾਂ ਇਤਿਹਾਸਕ ਮੋੜ ਆਇਆ ਹੈ ਇਸ ਵਿਚ ਸਾਮਰਾਜਵਾਦ ਪੂਰੀ ਦੁਨੀਆ 'ਤੇ ਛਾਇਆ ਹੋਇਆ ਹੈ ਤੇ ਰਾਸ਼ਟਰੀ ਬੁਰਜੂਆ ਜਮਾਤ ਵੀ ਮੋਟੇ ਤੌਰ 'ਤੇ ਇਸ ਦਾ ਹਿੱਸਾ ਬਣੀ ਹੋਈ ਹੈ, ਜੋ ਕਦੇ ਸਾਮਰਾਜਵਾਦ ਵਿਰੋਧੀ ਹੁੰਦੀ ਸੀ। ਇਹ ਹੁਣ ਨਵੀਂ ਇਤਿਹਾਸਕ ਸਥਿਤੀ ਹੈ ਕਿ ਰਾਸ਼ਟਰੀ ਬੁਰਜੂਆ ਜਮਾਤ ਸਾਮਰਾਜ ਵਿਰੋਧੀ ਅਜੰਡੇ ਨੂੰ ਛੱਡ ਗਈ ਹੈ। ਇਸ ਲਈ ਹੇਠੋਂ ਤੁਹਾਡਾ ਵਾਹ ਸੌ ਤਰ੍ਹਾਂ ਦੇ ਸੰਘਰਸ਼ਾਂ ਦੇ ਨਾਲ ਪੈ ਰਿਹਾ ਅਤੇ ਵੱਡੀ ਸਮਾਜਵਾਦੀ ਲਹਿਰ ਕਈ ਪ੍ਰਕਾਰ ਦੇ ਆਰਥਿਕ-ਸਭਿਆਚਾਰਕ-ਸਮਾਜਕ ਅੰਦੋਲਨਾਂ ਵਿਚ ਨਜ਼ਰ ਆ ਰਹੀ ਹੈ, ਜੋ ਸਮਾਜਵਾਦੀ ਅੰਦੋਲਨਾਂ ਦੇ ਹੀ ਛੋਟੇ-ਛੋਟੇ ਰੂਪ ਹਨ। ਉਸ ਇਨਕਲਾਬੀ ਲਹਿਰ ਨੂੰ ਕਿਵੇਂ ਸਿਰਜਿਆ ਜਾਵੇ, ਜੋ ਇਹਨਾਂ ਸਾਰੇ ਅੰਦੋਲਨਾਂ ਨੂੰ ਨਾਲ ਲੈ ਕੇ ਟੁਰੇ, ਇਹਨਾਂ ਨੂੰ ਇਕ ਵੱਖਰੀ ਭਾਂਤ ਦੀ ਲੋਕਰਾਜੀ ਸਮੂਹਕ (Collectivistic) ਜਥੇਬੰਦੀ ਦੇ ਰੂਪ ਵਿਚ ਢਾਲੇ ਜੋ ਭਵਿੱਖ ਦੇ ਸਮਾਜਵਾਦੀ ਅੰਦੋਲਨ ਦੀ ਸ਼ਕਲ ਅਖ਼ਤਿਆਰ ਕਰ ਸਕੇ। ਇਹ ਮੁੱਖ ਮੁੱਦਾ ਹੈ ਜਾਂ ਸਾਡੇ ਸਾਹਮਣੇ ਮੁੱਖ ਚੁਣੌਤੀ ਹੈ। ਦੂਜੀ ਧਿਆਨਯੋਗ ਗੱਲ ਇਹ ਹੈ ਕਿ ਹਰ ਜਗ੍ਹਾ ਹੁਣ ਪ੍ਰੋਲੇਤਾਰੀ ਦਾ ਆਕਾਰ ਬਦਲ ਗਿਆ ਹੈ। ਜਿਹਨਾਂ ਸਮਿਆਂ 'ਚ ਮਾਰਕਸ ਨੇ ਲਿਖਿਆ ਉਦੋਂ ਪ੍ਰੋਲੇਤਾਰੀ ਵਰਗ ਪੱਛਮ ਦੇ ਥੋੜ੍ਹੇ ਜਿਹੇ ਮੁਲਕਾਂ ਤੱਕ ਸੀਮਤ ਸੀ। ਉਦੋਂ ਸਾਰੇ ਯੂਰਪ ਦੀਆਂ ਟਰੇਡ ਯੂਨੀਅਨਾਂ ਦੀ ਗਿਣਤੀ ਸੌ-ਦੋ-ਸੌ ਦੇ ਲਗਭਗ ਸੀ। ਕਾਮਾ ਵਰਗ ਵਿਚ ਆਪਣੇ ਰਾਸ਼ਟਰਾਂ ਅੰਦਰ ਨਸਲਵਾਦੀ ਅਤੇ ਸਭਿਆਚਾਰਕ ਸਮਰੂਪਤਾ ਹੈ। ਉਹਨਾਂ ਨੂੰ ਜਥੇਬੰਦ ਕਰਨਾ ਅੱਜ ਦੇ ਮੁਕਾਬਲੇ ਸੌਖਾ ਸੀ। ਹੁਣ ਤੱਕ ਜੋ ਹੋ ਚੁੱਕਾ ਹੈ ਉਹ ਇਹ ਹੈ ਕਿ ਹੁਣ ਕਿਰਤੀਆਂ ਦੀ ਗਿਣਤੀ ਕਰੋੜਾਂ ਵਿਚ ਹੈ। ਇਸ ਲਈ ਪ੍ਰੋਲੇਤਾਰੀਕਰਨ ਦੀ ਬੇਇੰਤਹਾ ਸੰਭਾਵਨਾ ਹੈ। ਇਸਦੀ ਨਸਲਵਾਦੀ ਅਤੇ ਸਭਿਆਚਾਰਕ ਤੌਰ 'ਤੇ ਵਿਭਿੰਨਤਾ ਬਹੁਤ ਹੈ। ਭਾਰਤ ਵਿਚ ਖਾਸ ਸਥਿਤੀ ਇਹ ਹੈ ਕਿ ਇਥੇ ਜਾਤਪਾਤੀ ਢਾਂਚਾ ਬਹੁਤ ਮਜ਼ਬੂਤ ਹੈ ਅਤੇ ਪ੍ਰੋਲੇਤਾਰੀ ਵਰਗ ਦਾ ਇਕ ਹੋ ਜਾਣਾ ਵੀ ਸਾਮਰਾਜਵਾਦੀ ਤਾਕਤਾਂ ਦੀ ਲੁੱਟਖਸੁੱਟ ਦਾ ਨਿਸ਼ਾਨਾ ਬਣਿਆ ਰਹਿੰਦਾ ਹੈ। ਉਹਨਾਂ ਦੀ ਏਕਤਾ ਨੂੰ ਸਾਮਰਾਜੀ ਤਾਕਤਾਂ ਆਪਣੇ ਹੱਕ ਵਿਚ ਭੁਗਤਾਉਂਦੀਆਂ ਹਨ ਜਿਵੇਂ ਕਿ ਮਜ਼ਦੂਰਾਂ ਨੂੰ ਪੂੰਜੀਵਾਦੀ ਲੁੱਟ ਰਹੇ ਹਨ। ਮਜ਼ਦੂਰਾਂ ਅਤੇ ਪੂੰਜੀਵਾਦੀਆਂ ਤੇ ਤਣਾਉ ਵਿਚ ਅੰਦਰੂਨੀ ਵੱਖਰਤਾ ਬਹੁਤ ਹੈ। ਤੁਹਾਡੇ ਪੰਜਾਬ ਵਿਚ ਜਦੋਂ ਬਿਹਾਰ

ਦਾ ਦਲਿਤ ਕੰਮ ਕਰਨ ਆਉਂਦਾ ਹੈ, ਜਾਤ ਤੋਂ ਭਾਵੇਂ ਉਹ ਵੀ ਦਲਿਤ ਹੈ ਪਰ ਉਹ ਭਾਸ਼ਾ ਦੇ ਪੱਖੋਂ ਅਤੇ ਸਮਾਜਕ ਪੱਖੋਂ ਤੁਹਾਡੇ ਦਲਿਤ ਨਾਲੋਂ ਬਿਲਕੁਲ ਵੱਖਰਾ ਹੈ ਕਿਉਂਕਿ ਦੋਨਾਂ ਦੀ ਖੇਤਰੀ ਪਹਿਚਾਣ ਵੱਖਰੀ ਹੈ। ਇਸ ਤਰ੍ਹਾਂ ਅੰਤਰ-ਖੇਤਰੀ ਪੱਧਰ 'ਤੇ ਵਿਭਿੰਨਤਾਵਾਂ ਦੇ ਹੁੰਦਿਆਂ ਪ੍ਰੋਲਤਾਰੀ ਨੂੰ ਇਕਮੁੱਠ ਜਾਂ ਜਥੇਬੰਦ ਕਰਨਾ ਔਖਾ ਕੰਮ ਹੈ। ਪਿਛਲੇ 50 ਸਾਲਾਂ ਵਿਚ ਦੁਨੀਆ ਦੇ ਇਤਿਹਾਸ ਵਿਚ ਵੱਡੀ ਪੱਧਰ 'ਤੇ ਪ੍ਰੋਲਤਾਰੀਕਰਨ ਹੋਇਆ ਹੈ। ਚੀਨ ਅਤੇ ਭਾਰਤ ਵਿਚ ਤਾਂ ਸਭ ਤੋਂ ਵੱਧ ਹੋਇਆ ਹੈ। ਭਾਵੇਂ ਇਹ ਪ੍ਰੋਲਤਾਰੀਕਰਨ ਕਾਫੀ ਹੱਦ ਤੱਕ ਹੋ ਗਿਆ ਹੈ ਪਰ ਇਸ ਪ੍ਰੋਲਤਾਰੀ ਜਮਾਤ ਨੂੰ ਜਥੇਬੰਦ ਕਰਨਾ ਹੀ ਮਾਰਕਸਵਾਦੀਆਂ ਸਾਹਮਣੇ ਵੱਡੀ ਵੰਗਾਰ ਹੈ।

? **ਬਸਤੀਵਾਦ ਵੇਲੇ ਦੁਸ਼ਮਣ ਅੱਖਾਂ ਸਾਹਮਣੇ ਸੀ, ਪਰ ਹੁਣ ਵਾਲੀ ਸਥਿਤੀ ਇਹ ਹੈ ਕਿ ਅਮਰੀਕਨ ਨਵਬਸਤੀਵਾਦ ਅਦਿੱਖ ਹੈ। ਇਸ ਲਈ ਭਾਰਤੀ ਪੱਧਰ 'ਤੇ ਸਾਮਰਾਜ ਵਿਰੁੱਧ ਲੜਾਈ ਕਿਸ ਦੇ ਵਿਰੁੱਧ ਹੋਵੇਗੀ?**

— ਤੁਹਾਡੀ ਗੱਲ ਬਿਲਕੁਲ ਦਰੁਸਤ। ਸਭ ਤੋਂ ਵੱਡੀ ਸਮੱਸਿਆ ਇਹੋ ਹੈ। ਇਸ ਵਿਚ ਦੂਸਰੀ ਗੱਲ ਇਸ ਦੇ ਨਾਲ ਜੁੜੀ ਹੋਈ ਇਹ ਹੈ ਕਿ ਬਸਤੀਵਾਦੀ ਦੌਰ ਵਿਚ ਤੁਹਾਡੀ ਰਾਸ਼ਟਰੀ ਬੁਰਜੂਆਜ਼ੀ ਦਾ ਇਕ ਹਿੱਸਾ ਬਸਤੀਵਾਦ ਵਿਰੋਧੀ ਸੀ। ਹੁਣ ਰਾਸ਼ਟਰੀ ਬੁਰਜੂਆਜ਼ੀ ਦੀ ਇਹ ਅਸਲੀਅਤ ਨਹੀਂ ਹੈ। ਹੁਣ ਵਾਲਾ ਸੰਵਿਧਾਨਕ ਭਾਰਤੀ ਰਾਸ਼ਟਰੀ ਰਾਜ ਰਾਸ਼ਟਰ ਲਈ ਸਾਮਰਾਜਵਾਦ ਦੇ ਪ੍ਰਤੀਨਿਧ ਦਾ ਕੰਮ ਕਰ ਰਿਹਾ ਹੈ। ਉਹ ਕਹਿੰਦੇ ਹਨ ਕਿ ਤੁਹਾਡੀ ਭਲਾਈ ਉਸ ਵਿਚ ਹੈ ਜੋ ਵਿਸ਼ਵ ਬੈਂਕ ਜਾਂ ਅੰਤਰਰਾਸ਼ਟਰੀ ਮੁਦਰਾ ਫੰਡ ਨੇ ਤੁਹਾਡੇ 'ਤੇ ਥੋਪਿਆ ਹੈ। ਸੋ ਤੁਹਾਡਾ ਸਵਾਲ ਵਾਜਬ ਹੈ, ਪਰ ਮੇਰਾ ਖਿਆਲ ਇਹ ਹੈ ਕਿ ਤੁਸੀਂ ਉਦੋਂ ਤੱਕ ਸਾਮਰਾਜਵਾਦ ਦੇ ਖਿਲਾਫ ਸੰਘਰਸ਼ ਨਹੀਂ ਕਰ ਸਕਦੇ ਜਦੋਂ ਤਕ ਤੁਸੀਂ ਆਪਣੇ ਰਾਸ਼ਟਰੀ ਰਾਜ ਨੂੰ ਨਹੀਂ ਬਦਲ ਲੈਂਦੇ, ਕਿਉਂਕਿ ਭਾਰਤੀ ਰਾਸ਼ਟਰੀ ਰਾਜ ਅਮਰੀਕਨ ਸਾਮਰਾਜਵਾਦ ਅਤੇ ਸਾਡੇ ਲੋਕਾਂ ਦਰਮਿਆਨ ਇਸ ਤਰ੍ਹਾਂ ਦਾ ਏਜੰਟ ਜਾਂ ਵਿਚੋਲਾ ਬਣ ਗਿਆ ਹੈ। ਕੋਈ ਵੀ ਸਾਮਰਾਜ ਵਿਰੋਧੀ ਸੰਘਰਸ਼ ਭਾਰਤੀ ਰਾਸ਼ਟਰੀ ਰਾਜ ਵਿਚ ਇਨਕਲਾਬੀ ਤਬਦੀਲੀ ਲਿਆਉਣ ਦਾ ਕਾਰਨ ਬਣਾ ਦਿੱਤਾ ਜਾਂਦਾ ਹੈ। ਮੈਂ ਪਹਿਲਾਂ ਵੀ ਕਿਹਾ ਸੀ ਕਿ ਬਈ ਸਾਡੇ ਡਾ. ਮਨਮੋਹਨ ਸਿੰਘ, ਮੌਨਟੇਕ ਸਿੰਘ ਅਤੇ ਚਿਦਾਂਬਰਮ ਤੋਂ ਵੱਡਾ ਨਵਉਦਾਰਵਾਦੀ ਹੋਰ ਕੌਣ ਹੋਵੇਗਾ? ਜਦੋਂ ਉਹ ਗਰੀਬੀ ਅਤੇ ਬੇਰੁਜ਼ਗਾਰੀ ਹਟਾਉਣ ਦੀ ਗੱਲ ਕਰਦੇ ਹਨ ਤਾਂ ਉਹ ਨਵਉਦਾਰਵਾਦ ਵਿਚ ਅਸੰਭਵ ਗੱਲ ਬਾਰੇ ਕਹਿ ਰਹੇ ਹਨ। ਜਦੋਂ ਕਾਂਗਰਸ ਤੋਂ ਐਨ.ਡੀ.ਏ. ਹਾਰੀ, ਤਾਂ ਕਾਂਗਰਸੀ ਖ਼ੁਦ ਹੈਰਾਨ ਸਨ ਕਿ ਉਹ ਏਨੀਆਂ ਵੋਟਾਂ ਲੈ ਕੇ ਕਿਵੇਂ ਜਿੱਤ ਗਏ? ਅਸਲ ਵਿਚ ਕਿਸਾਨਾਂ ਵੱਲੋਂ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਵਿਰੋਧ ਵਿਚ ਵੋਟ ਦਿੱਤੀ ਗਈ ਸੀ। ਆਂਧਰਾ ਵਿਚ ਚੰਦਾਬਾਬੂ ਨਾਯਡੂ ਨੂੰ ਕਾਂਗਰਸ ਨੇ ਨਹੀਂ ਹਰਾਇਆ ਬਲਕਿ ਕਿਸਾਨਾਂ ਦੇ ਸਾਮਰਾਜ ਵਿਰੋਧੀ ਰਵੱਈਏ ਨੇ ਹਰਾਇਆ। ਜੇ ਅੱਜ ਕਾਂਗਰਸ ਥੋੜ੍ਹੇ ਬਹੁਤ ਆਰਥਕ ਸੁਧਾਰਾਂ ਦੀ ਗੱਲ ਕਰਦੀ ਹੈ ਤਾਂ ਇਸ ਲਈ ਕਿ ਇਸ ਨੂੰ ਆਪਣਾ ਪਾਲਾ ਮਾਰਦਾ ਹੈ। ਸਾਡਾ ਸੰਘਰਸ਼ ਉਹਨਾਂ ਦੇ ਖਿਲਾਫ਼ ਹੈ ਜੋ ਸਾਮਰਜਾਵਾਦ ਦੇ ਪ੍ਰਤੀਨਿਧ ਹਨ ਜਿਵੇਂ ਕੱਲ੍ਹ ਦੀ ਤਾਰੀਖ ਵਿਚ ਚੰਦ੍ਰਾਬਾਬੂ ਨਾਯਡੂ ਸੀ ਤੇ ਅੱਜ ਦੀ ਤਾਰੀਖ ਵਿਚ ਮੌਨਟੇਕ ਸਿੰਘ ਆਹਲੂਵਾਲੀਆ ਵਰਗੇ ਹਨ। ਸੋ ਜਦੋਂ ਤੱਕ ਅਸੀਂ ਆਪਣੇ ਰਾਸ਼ਟਰੀ ਰਾਜ ਵਿਚ ਤਬਦੀਲੀ ਨਹੀਂ ਲਿਆਉਂਦੇ ਉਦੋਂ ਤੱਕ ਸੰਘਰਸ਼ ਸੰਭਵ ਨਹੀਂ। ਭਾਵੇਂ ਪੈਪਸੀ ਦੇ ਪਲਾਂਟ ਲਾਉਣ



ਵਾਲੀਆਂ ਬਹੁਕੌਮੀ ਕੰਪਨੀਆਂ ਵੀ ਸਾਡੀਆਂ ਦੁਸ਼ਮਣ ਹਨ ਪਰ ਪਹਿਲਾਂ ਘਰ ਵਿਚਲੇ ਦੁਸ਼ਮਣ ਨਾਲ ਸਿੱਝਣਾ ਪਵੇਗਾ।

? **ਪਿਛਲੇ ਸਮਿਆਂ ਦੌਰਾਨ ਭਾਰਤ ਦੇ ਕੁਝ ਹਿੱਸਿਆਂ ਵਿਚ ਨਕਲਸਵਾਦੀ ਲਹਿਰ ਨੇ ਇਕ ਵਾਰ ਫਿਰ ਜ਼ੋਰ ਫੜਿਆ ਹੈ। ਭਾਰਤ ਦੀਆਂ ਨਕਸਲਵਾਦੀ ਪਾਰਟੀਆਂ ਬਾਰੇ ਤੁਹਾਡੀ ਕੀ ਰਾਏ ਹੈ?**

— ਇਸ ਬਾਰੇ ਹਿੰਦੁਸਤਾਨ 'ਚ ਵੀ ਬਹਿਸ ਚੱਲ ਰਹੀ ਹੈ। ਇਸ ਬਹਿਸ ਦਾ ਵੱਡਾ ਮੁੱਦਾ ਇਹ ਹੈ ਕਿ ਤੁਸੀਂ ਪਾਰਲੀਮਾਨੀ ਢਾਂਚੇ ਵਿਚ ਰਹਿ ਕੇ ਆਪਣੀ ਸਿਆਸਤ ਕਰਨੀ ਹੈ ਜਾਂ ਉਸ ਤੋਂ ਬਾਹਰ ਰਹਿ ਕੇ ਬਗਾਵਤ ਕਰਨੀ ਚਾਹੁੰਦੇ ਹੋ। ਕੁਝ ਨਕਸਲਵਾਦੀ ਹਥਿਆਰਬੰਦ (ਐਮ.ਐਲ.) ਗਰੁੱਪਾਂ ਦਾ ਇਹੋ ਵਿਚਾਰ ਹੈ। ਮੇਰੀ ਆਪਣੀ ਸੋਚ ਇਹ ਹੈ ਕਿ ਸਾਨੂੰ ਪਹਿਲਾਂ ਇਹ ਨੁਕਤਾ ਧਿਆਨ ਵਿਚ ਰੱਖਣਾ ਪਵੇਗਾ ਕਿ ਅਸੀਂ ਉਸ ਲੋਕਰਾਜੀ ਢਾਂਚੇ ਵਿਚ ਹਾਂ ਜੋ ਵਿਸ਼ਵ ਵਿਚ ਪ੍ਰਤੀਨਿਧਤਾ ਕਰਨ ਵਾਲਾ ਲੋਕਰਾਜੀ ਢਾਂਚਾ ਹੈ। ਇਕ ਸਥਾਪਤ ਲੋਕਰਾਜ ਹੈ ਜੋ ਬੁਨਿਆਦ ਤੌਰ 'ਤੇ ਏਥੇ ਵਾਪਰਿਆ ਹੈ। ਇਸ ਲਈ ਹੀ ਸਿਧਾਂਤਕ ਤੌਰ 'ਤੇ ਦੱਬੇ-ਕੁਚਲੇ ਲੋਕਾਂ ਵਿਚ ਚੇਤਨਾ ਜਗਾਉਣਾ ਏਨਾ ਸੰਭਵ ਜਾਂ ਸੌਖਾ ਕੰਮ ਨਹੀਂ ਹੈ। ਤੁਸੀਂ ਇਸ ਲੋਕਰਾਜੀ ਰਾਜ ਵਿਚ ਵੋਟ ਦੇ ਅਧਿਕਾਰ ਰਾਹੀਂ ਹੀ ਰਾਜ ਵਿਚ ਬਦਲ ਲਿਆ ਸਕਦੇ ਹੋ ਕਿਉਂਕਿ ਭਾਰਤ ਦਾ ਪਾਰਲੀਮਾਨੀ ਲੋਕਰਾਜੀ ਢਾਂਚਾ ਮਜ਼ਬੂਤ ਹੈ। ਏਥੋਂ ਹੀ ਅਵਾਮ ਦੇ ਮਨ ਵਿਚ ਇਹ ਚੇਤਨਾ ਘਰ ਕਰ ਚੁੱਕੀ ਹੈ ਕਿ ਰਾਜ-ਪਲਟਾ ਵੋਟ ਦੇ ਅਧਿਕਾਰ ਨੂੰ ਵਰਤ ਕੇ ਲਿਆਂਦਾ ਜਾ ਸਕਦਾ ਹੈ। ਤੁਹਾਨੂੰ ਇਹ ਸਾਰੀਆਂ ਚੀਜ਼ਾਂ ਸਮਝਣੀਆਂ ਪੈਣਗੀਆਂ। ਸਾਡਾ ਤਜਰਬਾ ਇਹ ਹੈ ਕਿ ਜਿਹੜੇ ਗਰੁੱਪ ਪਾਰਲੀਮਾਨੀ ਢਾਂਚੇ ਤੋਂ ਬਾਹਰ ਰਹਿਣਾ ਚਾਹੁੰਦੇ ਹਨ ਅਤੇ ਹਥਿਆਰਬੰਦ ਸੰਘਰਸ਼ ਜਾਂ ਜਦੋ-ਜਹਿਦ ਰਾਹੀਂ ਸਮਾਜਵਾਦ ਲਿਆਉਣਾ ਚਾਹੁੰਦੇ ਹਨ, ਉਹ ਬਹੁਤਾ ਅਸਰ ਨਹੀਂ ਛੱਡ ਸਕੇ। ਭਾਵੇਂ ਮੁਲਕ ਦੇ ਬਹੁਤੇ ਹਿੱਸਿਆਂ ਵਿਚ ਲੋਕ ਸੀ.ਪੀ.ਆਈ ਤੇ ਸੀ.ਪੀ.ਐਮ. ਤੱਕ ਵੀ ਨਹੀਂ ਪਹੁੰਚੇ। ਸਮਾਜਵਾਦੀ ਲਹਿਰਾਂ ਇਤਿਹਾਸਕ ਤੌਰ 'ਤੇ ਇਸ ਸਮੱਸਿਆ ਨਾਲ ਜੂਝ ਰਹੀਆਂ ਹਨ। ਸੋ ਸਵਾਲ ਇਹ ਹੈ ਕਿ ਇਕ ਪ੍ਰਾਜੈਕਟ ਸਮਾਜਵਾਦੀ ਹੈ ਅਤੇ ਦੂਸਰਾ ਰਾਸ਼ਟਰੀ ਲੋਕਤੰਤਰੀ ਪ੍ਰਾਜੈਕਟ ਵੀ ਹੈ। ਇਤਿਹਾਸਕ ਤੌਰ 'ਤੇ ਪੱਛਮੀ ਬੁਰਜੂਆਜ਼ੀ ਜਗੀਰਦਾਰੀ ਢਾਂਚੇ ਨੂੰ ਤੋੜ ਕੇ ਇਨਕਲਾਬ ਲੈ ਆਈ ਸੀ। ਭਾਰਤ ਦੀ ਬੁਰਜੂਆਜ਼ੀ ਇਹ ਨਹੀਂ ਕਰ ਸਕੀ। ਸਾਡੀ ਬੁਰਜੂਆਜ਼ੀ ਨੇ ਜਾਗੀਰਦਾਰੀ ਨਾਲ ਸਮਝੌਤਾਵਾਦੀ ਰਵੱਈਆ ਅਪਣਾ ਲਿਆ। ਅਸਲ ਵਿਚ ਇਥੋਂ ਦੀ ਬੁਰਜੂਆਜ਼ੀ ਦੀ ਸਿਆਸੀ ਸ਼ਕਤੀ ਜਾਗੀਰਦਾਰਾਂ 'ਤੇ ਨਿਰਭਰ ਕਰਦੀ ਹੈ ਕਿਉਂਕਿ ਇਹਨਾਂ ਦੀ ਸਿਆਸੀ ਸ਼ਕਤੀ ਨਿਰਭਰ ਹੀ ਪੇਂਡੂ ਵੋਟ ਬੈਂਕ ਉੱਤੇ ਹੈ। ਇਸ ਲਈ ਹਿੰਦੁਸਤਾਨ ਵਿਚ ਸਮਾਜਵਾਦੀਆਂ ਲਈ ਦੂਜੀ ਸਮੱਸਿਆ ਇਹ ਹੈ ਕਿ ਇਥੋਂ ਦਾ ਲੋਕਤੰਤਰੀ ਢਾਂਚਾ ਜਾਗੀਰਦਾਰੀ ਵਿਰੋਧੀ ਕ੍ਰਾਂਤੀ ਨਹੀਂ ਲਿਆ ਸਕਿਆ। ਤੁਸੀਂ ਕਿਵੇਂ ਸਮਾਜਵਾਦੀ ਇਨਕਲਾਬ ਲਿਆਉਣਾ ਹੈ? ਤੀਜੇ, ਰਾਜ ਦੀਆਂ ਦਮਨਕਾਰੀ ਚਾਲਕ ਸ਼ਕਤੀਆਂ, ਸੰਚਾਰ ਤੇ ਤਕਨਾਲੋਜੀ ਆਧਾਰਿਤ ਸਾਧਨ ਅਤੇ ਵਿਸ਼ਵ ਵਿਚ ਪੂੰਜੀ ਦੇ ਵਰਤਾਰੇ ਦੇ ਕਾਰਨ ਹਥਿਆਰਬੰਦ ਇਨਕਲਾਬ ਬਹੁਤ ਮੁਸ਼ਕਲ ਜਾਪਦਾ ਹੈ। ਕੁਝ ਹੱਦ ਤੱਕ ਇਹ ਨੀਤੀਗਤ ਸਮੱਸਿਆ ਹੈ।

? **ਜਿਹੜੀਆਂ ਸਾਡੀਆਂ ਸੀ.ਪੀ.ਆਈ. ਤੇ ਸੀ.ਪੀ.ਐਮ. ਪਾਰਟੀਆਂ ਹਨ ਜਦੋਂ ਇਹ ਕਾਂਗਰਸ ਨਾਲ ਮਿਲਕੇ ਚਲਦੀਆਂ ਨੇ ਤਾਂ ਕੀ ਉਹ ਅਸਿੱਧੇ ਤੌਰ 'ਤੇ ਸਾਮਰਾਜਵਾਦ ਦੀ ਹਾਮੀ ਨਹੀਂ ਭਰਦੀਆਂ?**

— ਇਹਨਾਂ ਦੇ ਕਾਂਗਰਸ ਨਾਲ ਸੰਬੰਧਾਂ ਬਾਰੇ ਗੱਲ ਕਰਾਂਗੇ। ਇਹਨਾਂ ਦੀ ਸਥਿਤੀ ਬੜੀ ਵਿਅੰਗਮਈ ਹੈ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਵਾਪਰਿਆ ਹੈ ਕਿ ਸੀ.ਪੀ.ਐਮ. ਨੇ ਕਾਂਗਰਸ ਨੂੰ ਸਮਰਥਨ ਦਿੱਤਾ ਹੈ ਅਤੇ ਕਾਂਗਰਸ ਸਰਕਾਰ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਸੀ.ਪੀ.ਐਮ. 'ਤੇ ਨਿਰਭਰ ਹੋਣਾ ਪਿਆ ਹੈ। ਇਸ ਦਾ ਇਕੋ ਇਕ ਆਧਾਰ ਇਹ ਹੈ ਕਿ ਫਾਸ਼ੀਵਾਦ ਵਿਰੋਧੀ ਤਾਕਤਾਂ ਦਾ ਗਰੁੱਪ ਰਾਸ਼ਟਰੀ ਏਕਤਾ ਮੰਚ ਬਣ ਕੇ ਉੱਭਰਿਆ ਹੈ। ਇਹ ਬੀ.ਜੇ.ਪੀ. ਦੀ ਨਹੀਂ ਆਰ.ਐਸ.ਐਸ. ਦੀ ਗੱਲ ਹੈ। ਬੀ.ਜੇ.ਪੀ. ਅਤੇ ਕਾਂਗਰਸ ਵਿਚ ਅੰਤਰ ਇਹ ਹੈ ਕਿ ਕਾਂਗਰਸ ਨਿਰੋਲ ਸਿਆਸੀ ਪਾਰਟੀ ਹੈ ਭਾਵੇਂ ਚੰਗੀ ਮਾੜੀ, ਲੂਲ੍ਹੀ ਲੰਗੜੀ ਜੋ ਵੀ ਦਿਖਾਈ ਦਿੰਦੀ ਹੈ, ਇਹ ਨਿਰੋਲ ਸਿਆਸੀ ਪਾਰਟੀ ਹੈ। ਬੀ.ਜੇ.ਪੀ. ਇਕ ਮੋਰਚਾ (Front) ਹੈ, ਮਹਾਜ਼ ਹੈ ਅਤੇ ਆਰ.ਐਸ.ਐਸ. ਆਧਾਰਤ ਰਾਜ ਦਾ ਮਹਾਜ਼ ਹੈ। ਸੀ.ਪੀ.ਆਈ ਸਮੇਂ ਸਮੇਂ ਕਾਂਗਰਸ ਨਾਲ ਵੱਖ-ਵੱਖ ਮੁੱਦਿਆਂ ਤੇ ਸੰਬੰਧ ਰੱਖਦੀ ਆਈ ਹੈ ਪਰ ਸੀ.ਪੀ.ਐਮ. ਦੇ ਸਮਰਥਨ ਦਾ ਆਧਾਰ ਫਾਸ਼ੀਵਾਦ ਵਿਰੋਧੀ ਤਾਕਤਾਂ ਨਾਲ ਲੜਾਈ ਹੀ ਹੈ। ਸੀ.ਪੀ.ਐਮ. ਦੀ ਸਥਿਤੀ ਹੁਣ ਵੀ ਇਹੋ ਹੈ ਕਿ ਉਹ ਭਾਰਤ ਵਿਚ ਕਿਸੇ ਕਿਸਮ ਦੀ ਸੁਧਾਰਵਾਦੀ ਜਾਂ ਸਥਾਈ (ਮਜ਼ਬੂਤ) ਡੈਮੋਕਰੇਸੀ ਦੇ ਹੱਕ ਵਿਚ ਨਹੀਂ ਜਦ ਤਕ ਇਥੇ ਉਹਨਾਂ ਪਾਰਟੀਆਂ ਦਾ ਸਮਝੌਤਾ ਨਹੀਂ ਹੁੰਦਾ ਜੋ ਕਾਂਗਰਸ ਵਿਰੋਧੀ ਵੀ ਹਨ ਤੇ ਬੀ.ਜੇ.ਪੀ. ਵਿਰੋਧੀ ਵੀ ਹਨ। ਉਹਨਾਂ ਦਾ ਤਾਜ਼ਾਤਰੀਨ ਦਸਤਾਵੇਜ਼ ਜੋ ਮੈਂ ਵੇਖਿਆ ਹੈ ਉਸ ਵਿਚ ਇਹਨਾਂ ਦਾ ਘੋਸ਼ਣਾ ਪੱਤਰ ਬੜਾ ਦਿਲਚਸਪ ਹੈ, ਜਿਸ ਵਿਚ ਇਹਨਾਂ ਦਾ ਕਹਿਣਾ ਹੈ ਕਿ ਤੀਜੇ ਮੁਹਾਜ਼ ਦਾ ਬਣਨਾ ਬਹੁਤ ਲਾਜ਼ਮੀ ਹੈ। ਇਸ ਤੀਜੇ ਫਰੰਟ ਦਾ ਆਧਾਰ ਚੁਣਾਵੀ ਮੁੱਦੇ ਨਹੀਂ ਸਗੋਂ ਰਾਜਸੀ ਤਾਕਤਾਂ ਦਾ ਸੰਗਠਨ ਹੀ ਹੋਵੇਗਾ ਜੋ ਲੋਕਪੱਖੀ ਮੁੱਦਿਆਂ ਨੂੰ ਸਾਹਮਣੇ ਰੱਖੇਗਾ, ਨਾ ਕਿ ਕਾਂਗਰਸ ਨੂੰ ਕਿਸੇ ਚੁਣਾਵੀ ਵਿਰੋਧ ਦਾ ਸਾਹਮਣਾ ਕਰਾਏਗਾ। ਸੋ, ਇਹ ਫਾਸ਼ੀਵਾਦ ਵਿਰੋਧੀ ਤਾਕਤਾਂ ਦੇ ਵਿਰੁੱਧ ਇਕ ਚੰਗਾ ਗੱਠਜੋੜ ਹੈ। ਅਜੋਕੀ ਪਾਰਲੀਆਮੈਂਟ ਵਿਚ ਖੱਬੇ ਪੱਖੀ ਪਾਰਟੀਆਂ ਦੀ ਪਹਿਲੇ ਸਮਿਆਂ ਨਾਲੋਂ ਸਭ ਤੋਂ ਵੱਧ ਗਿਣਤੀ ਹੈ। ਇਤਿਹਾਸਕ ਕਾਰਨ ਜੋ ਵੀ ਹੋਣ ਫਾਸ਼ੀਵਾਦ ਨੂੰ ਕੁਝ ਰਾਜਾਂ ਵਿਚ ਸੀਮਤ ਕਰ ਦੇਣਾ ਚਾਹੀਦਾ ਹੈ ਜਾਂ ਤੁਸੀਂ ਦੋਹਾਂ ਦਾ ਬਾਈਕਾਟ ਕਰਦੇ ਹੋ। ਮਤਲਬ ਇਹ ਕਿ ਬੀ.ਜੇ.ਪੀ. ਦੀ ਹਕੂਮਤ ਸਥਾਈ ਰਹਿੰਦੀ ਹੈ ਤਾਂ ਇਕ ਵੇਲੇ ਆਰ.ਐਸ.ਐਸ. ਹਕੂਮਤ ਕਰਨ ਲੱਗੇਗੀ। ਇਸ ਲਈ ਫਾਸ਼ੀਵਾਦ ਵਿਰੋਧੀ ਮਹਾਜ਼ ਬਣਾਉਣਾ ਬਹੁਤ ਜ਼ਰੂਰੀ ਹੈ। ਮੌਜੂਦਾ ਸੀ.ਪੀ.ਐਮ. ਦਾ ਸਮਰਥਨ ਜੋ ਕਾਂਗਰਸ ਨੂੰ ਮਿਲਿਆ ਹੈ ਉਹ ਜ਼ਾਹਰਾ ਤੌਰ 'ਤੇ ਇਹਨਾਂ ਹੀ ਕਾਰਨਾਂ ਕਰਕੇ ਮਿਲਿਆ ਹੈ। ਉਸ ਦੀ ਵਿਚੋਂ ਵਿਚ ਕੋਸ਼ਿਸ਼ ਇਹ ਹੈ ਕਿ ਇਕ ਤਰਫ਼ ਤਾਂ ਕਾਂਗਰਸ ਆਪਣੇ ਬਚਾਓ ਲਈ ਸੀ.ਪੀ.ਐਮ. ਤੇ ਟੇਕ ਰੱਖਦੀ ਹੈ। ਉਹ ਕਾਂਗਰਸ, ਜਿਸ ਵਿਚ ਕੱਟੜ ਹੱਕਾਂ, ਕਿਸਾਨੀ ਦੇ ਹਿੱਤਾਂ ਅਤੇ ਲਿਤਾੜੇ ਗਰੀਬ ਵਰਗ ਦੇ ਹਿੱਤਾਂ ਦੁਆਲੇ ਤੁਰ ਰਹੇ ਹਨ। ਇਸ ਬਦਲਾਵ ਦਾ ਕਾਰਨ ਸੀ.ਪੀ.ਐਮ. ਦਾ ਕਾਂਗਰਸ ਨਾਲ ਇਹ ਗੁੰਝਲਦਾਰ ਨਾਤਾ ਹੀ ਹੈ। ਸੋ ਹੁਣ ਸਪੱਸ਼ਟ ਹੈ ਕਿ ਸੀ.ਪੀ.ਐਮ. ਨੇ ਕਾਂਗਰਸ ਨੂੰ ਉਸ ਤਰ੍ਹਾਂ ਦਾ ਸਮਰਥਨ ਨਹੀਂ ਦਿੱਤਾ ਜਿਵੇਂ ਤੁਸੀਂ ਕਹਿ ਰਹੇ ਹੋ। ਸੀ.ਪੀ.ਐਮ. ਸਮਰਥਨ ਨਾ ਦਿੰਦੀ ਤਾਂ ਵਿਸ਼ਵੀ ਆਰਥਿਕ ਨੀਤੀ ਮੁਲਕ ਵਿਚ ਉਸ ਤਰ੍ਹਾਂ ਲਾਗੂ ਹੋ ਜਾਣੀ ਸੀ ਜਿਵੇਂ ਪਹਿਲਾਂ ਬੀ.ਜੇ.ਪੀ. ਚਾਹੁੰਦੀ ਸੀ। •

(ਕਿਊ-15, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ)



ਵਿਸ਼ਵ ਕਵਿਤਾ

# ਤੇਰਾ ਕਿਵੇਂ ਰਿਹਾ

ਅਲਮਾਜ਼ ਅਬੀ ਨਾਦਰ (ਅਰਬੀ ਕਵੀ)

9 /11 ਤਾਰੀਖ ਤੋਂ ਬਾਅਦ
ਤੇਰੇ ਲਈ ਕਿਵੇਂ ਰਿਹਾ?
ਤੂੰ ਅਰਬ ਹੈਂ,
ਤੇਰੀ ਗੱਲ ਦਾ ਕੋਈ ਮਹੱਤਵ ਹੈ
ਤੂੰ ਏਨੀ ਸੁਹਿਰਦਤਾ
ਤੇ ਏਨੇ ਪਿਆਰ ਨਾਲ ਗੱਲ ਕਰਦਾ ਹੈਂ
ਕਿ ਮੈਨੂੰ ਡਰਨਾ ਭੁੱਲ ਗਿਆ ਹੈ
ਕਿਉਂਕਿ ਮੈਨੂੰ ਪਤਾ ਹੈ ਕਿ ਇਹ ਪ੍ਰਸ਼ਨ
ਤੇਰੇ ਲਈ ਕਿਉਂ ਅਰਥ ਰੱਖਦਾ ਹੈ।
ਆਖਰਕਾਰ, ਕੋਈ ਵੀ ਆਸ ਨਹੀਂ ਰੱਖਦਾ,
ਕਿ ਸਾਡੇ ਨਾਲ ਇਨਸਾਫ ਹੋਵੇਗਾ
ਤੇ ਅਸੀਂ ਸੁੱਕੇ ਹੀ ਨਿਕਲ ਜਾਵਾਂਗੇ,
ਸਾਡੇ ਇਤਿਹਾਸ ਵਿਚ ਕੋਈ ਇਸ ਦੀ
ਇਜਾਜ਼ਤ ਹੀ ਨਹੀਂ ਦਿੰਦਾ

9/11 ਤੋਂ ਬਾਅਦ ਤੇਰੇ ਨਾਲ ਕਿਵੇਂ ਹੋਈ?
ਇਹ ਵੀ ਪੁੱਛਿਆ ਜਾ ਸਕਦਾ
ਕਿ ਮੇਰੇ ਨਾਲ ਹਮੇਸ਼ਾ ਕਿਵੇਂ ਹੁੰਦਾ ਰਿਹਾ
ਕਿਵੇਂ ਟੀ.ਵੀ. ਉੱਤੇ
ਮੇਰੇ ਚਾਚਿਆਂ / ਤਾਇਆ ਦੇ ਕੁਹਾੜਿਆਂ ਵਾਲੇ ਬਿੰਬ,
ਦੁਸ਼ਮਣਾਂ ਵੱਲ ਸੇਧਿਤ ਵਿਖਾਏ ਜਾਂਦੇ ਰਹੇ।
ਇਹ ਇੱਕ ਸਾਲ ਦੀ ਗੱਲ ਨਹੀਂ
ਪਿਛਲੇ ਵੀਹਾਂ ਸਾਲਾਂ ਤੋਂ ਕਿਵੇਂ ਹੁੰਦਾ ਰਿਹਾ?
ਹਵਾਈ ਅੱਡਿਆਂ 'ਤੇ ਰੋਕਿਆ ਜਾਣਾ
ਆਪਣਾ ਨਾਂ ਉੱਚੀ ਸਾਰੀ ਬੋਲਣ
ਜੰਮਣ-ਭੋਂ ਦੀ ਪੜਤਾਲ ਕਰਨਾ
ਤੇ ਇਹ ਇੱਛਾ ਕਰਨੀ ਕਿ ਗੱਲ ਝੂਠ ਹੋਵੇ।
ਕਿਵੇਂ ਚਿੜਾਇਆ ਜਾਂਦਾ ਸੀ ਸਾਨੂੰ
ਮੇਰੇ ਊਠ ਨੂੰ ਸਾਹਮਣੇ ਰੋਕ ਲੈਣਾ
ਮੀਟਿੰਗ ਤੋਂ ਲੇਟ ਕਰਨਾ ਕਿ ਮੇਰੀ ਜਾਦੂਮਈ ਵਹੀ
ਦੀ ਗੈਸ ਮੁੱਕ ਜਾਵੇ
ਧੁੱਸਿਆਂ ਦੇ ਵਪਾਰੀ ਵਾਂਗ
ਸ਼ੱਕੇ ਬਾਜ਼ੀ ਕਰਦੇ ਦਾ ਮਾਖੌਲ ਉਡਾਉਣਾ

ਪਰ ਮੈਨੂੰ ਨਾ ਪੁੱਛ ਕਿ 9/11 ਤੋਂ ਬਾਅਦ
ਕਿਵੇਂ ਹੁੰਦਾ ਰਿਹਾ?
ਉਹਨਾਂ ਨੂੰ ਪੁੱਛ
ਜਿਹੜੇ ਮੁੰਡੇ ਸ਼ੇਰਾਂ ਦੇ ਪਿੰਜਰਿਆਂ ਵਿਚ ਤਾੜੇ
"ਗੁਆਂਤਾਨਾਮੋ" ਖਾੜੀ ਵਿਚ ਕੈਦ ਨੇ
ਜਾਂ ਅਫਗਾਨ ਪੇਂਡੂਆਂ ਨੂੰ ਪੁੱਛ
ਜਿਹੜਾ ਟੱਬਾਂ ਲਾਗੇ ਨਹਾਉਣ ਲਈ ਖਲੋਤੇ ਸੀ
ਤੇ ਉਹਨਾਂ ਦੇ ਘਰ ਢਾਹੇ ਜਾ ਰਹੇ ਸੀ,
ਅਮਰੀਕਨ ਮੁੰਡਿਆਂ ਨੂੰ ਪੁੱਛ
ਜਿਹੜੇ ਪਹਾੜ ਲਾਗੇ ਖਲੋਤੇ
ਵਧ ਰਹੀ ਠੰਡ ਨਾਲ ਠਿਠਰਦੇ ਰਹੇ ਸੀ
ਤੇ ਮਾਕੋਨ ਜਾਂ ਪੱਛਮੀ ਸ਼ਿਕਾਗੋ
ਜਾਂ ਹਾਰਲੇਪ ਦੀ ਯਾਦ ਨਹੀਂ ਸੀ ਦਿਵਾਉਂਦੇ।
ਜਾਂ ਫਿਰ ਫਲਿਸਤੀਨੀਆਂ ਨੂੰ ਪੁੱਛ ਵੇਖ
ਜੋ ਜਾਣੀ-ਪਛਾਣੀ ਮਲਬੇ ਦੀ ਢੇਰੀ ਵੱਲ ਤੱਕਦੇ ਨੇ
ਤੇ ਹੈਰਾਨ ਹੁੰਦੇ ਕਿ ਮਲਬੇ ਥੱਲਿਓਂ ਲਾਸ਼ਾਂ
ਕਿਵੇਂ ਕੱਢਣੀਆਂ ਨੇ।
ਤੇ ਕੀ ਉਹਨਾਂ ਲਾਸ਼ਾਂ ਦੇ ਅਜੇ ਵੀ
ਇਸ ਤਰ੍ਹਾਂ ਦੇ ਨਾਂ ਹਨ
ਨਗਮਾਈਨ, ਜਮਾਲ, ਬਾਬਾ, ਉਮੀ ਆਦਿ।

ਇਰਾਕ ਦੇ ਲੋਕਾਂ ਨੂੰ ਪੁੱਛੋ
ਜਿਹਨਾਂ ਦੀਆਂ ਪ੍ਰਾਰਥਨਾਵਾਂ
ਸਾਡੇ ਦੇਸ਼ ਨੂੰ ਲਾਹਨਤਾਂ ਪਾਉਣਗੀਆਂ
ਕਿਉਂਕਿ ਅਸੀਂ ਉਹਨਾਂ ਉੱਤੇ ਗੋਲਾ-ਬਾਰੀ ਕੀਤੀ
ਉਹਨਾਂ ਦੇ ਵਾਲ ਪੁੱਟੇ
ਉਹਨਾਂ ਉੱਤੇ ਸ਼ਿਸ਼ਤਾਂ ਬੰਨ੍ਹੀਆਂ। •

## ਕੀੜੀ ਦਾ ਆਟਾ

ਖ਼ਾਲਦ ਮਹਿਮੂਦ
ਪਾਕਿਸਤਾਨ

ਝਾੜ ਕਿਸੇ ਨੇ ਸੀਨੇ ਲਾਇਆ,
ਨਿੱਤ ਨਿੱਤ ਮਿੱਟੀ ਰੁਲਦਿਆਂ ਰਹਿਣ।
ਸੱਜਣ ਵੇ!
ਅਸੀਂ ਭੋਏਂ 'ਤੇ ਡੁੱਲ੍ਹੇ ਆਟੇ ਵਾਂਗੂੰ
ਸਾਨੂੰ ਕੀੜੀਆਂ ਚੁਗ ਲੈ ਜਾਣਾ। •





# ਫਿਰ ਸ਼ੀਹਾਂ ਪੱਤਣ ਮੱਲੇ

ਡਾ. ਜਾਵੇਦ ਜ਼ਕੀ

ਸਹਿਮੀ ਸਹਿਮੀ, ਤਰੁੱਠੀ ਤਰੁੱਠੀ
ਸੁਰਤ ਸਮਝ ਤੋਂ ਮੱਠੀ
ਖ਼ਬਰੇ ਕਿਹੜੇ ਸਾਊ ਵੇਲੇ ਨੂੰ
ਨਵੇਂ ਆਦਰਸ਼ਾਂ ਦੇ ਚੰਨ ਸੂਰਜ
ਅੱਖਾਂ ਦੇ ਵੀੜੇ ਚਮਕ ਕੇ
ਬੇਆਸੀ ਦੀ ਝੁੱਲ ਨੂੰ ਲਾਹ ਕੇ
ਆਪਣੀਆਂ ਸੂਲੀਆਂ ਮੋਢੇ ਚਾ ਕੇ
ਸੁਰਤ ਦੇ ਜੁਗਨੂੰ ਦੇ
ਚਾਨਣ ਥੀਂ ਰਾਹ ਲਿਸ਼ਕਾ ਕੇ
ਨਾਬਰ ਸੋਚ ਵਿਚਾਰ ਸੁਝਾ ਕੇ
ਜਾ ਵੰਗਾਰਨ ਧਾੜਵੀਆਂ ਨੂੰ ਜਾ ਕੇ

ਕਾਲ ਘਤੇਂਦੀ ਗੇੜੇ
ਚਾ ਸਾਂਗ ਨੁਕੀਲੀ ਹੱਥੇ,
ਨਾਰਦ ਉੱਠਿਆ ਗੱਜ ਕੇ
ਧਰ ਕਾਵੜ ਨੂੰ ਮੱਥੇ
ਸ਼ੀਹਾਂ ਦੇ ਵੱਗ ਅੱਗੇ ਲਾ ਕੇ
ਸ਼ਹਿਰਾਂ ਝੋਕਾਂ ਲੱਥੇ
ਰੁੱਤ ਚੜ੍ਹੀ ਫਿਰ ਓਹੋ ਭਾਗੀ
ਵਾਹਰੀ ਰੁੱਤ ਚਟਿਆਰੀ।
ਤੇ ਖ਼ਲਕਤ ਕਰਮਾਂ ਮਾਰੀ।
ਤਰੁੱਟੀ ਤਰੁੱਟੀ, ਲੁੱਟੀ ਲੁੱਟੀ
ਸਾਹ ਸਤ ਸੀਨੀ ਘੁੱਟੀ

## ਗ਼ਜ਼ਲ /ਅਖ਼ਲਾਕ ਆਤਫ਼

ਸੌਂ ਗਿਆ ਰੋ ਰੋ ਕਦੀ, ਹੱਸ ਹੱਸ ਕੇ ਦੋਹਰਾ ਹੋ ਗਿਆ।
ਮੈਂ ਕਿਸੇ ਦੀ ਯਾਦ ਅੰਦਰ ਸਭ ਤੋਂ ਵੱਖਰਾ ਹੋ ਗਿਆ।

ਵਕਤ ਦਾ ਕੋਈ ਵੀ ਮਲ੍ਹਮ ਕਰ ਨਹੀਂ ਸਕਦਾ ਅਸਰ,
ਜ਼ਖ਼ਮ ਉਹਦੇ ਹਿਜਰ ਦਾ ਐਨਾ ਕੁ ਗਹਿਰਾ ਹੋ ਗਿਆ।

ਹੋ ਗਏ ਨੇ ਮਨ ਦੇ ਸ਼ੀਸ਼ੇ ਕਾਲਿਆਂ ਪੱਥਰਾਂ ਜਿਹੇ,
ਜਿਸਮ ਕਾਲੇ ਰੰਗ ਦਾ ਭਾਵੇਂ ਸੁਨਹਿਰਾ ਹੋ ਗਿਆ।

ਆਪਣਿਆਂ ਕੌਲਾਂ ਦੀ ਰਾਖੀ ਵੀ ਨਾ ਜਿਹੜੇ ਕਰ ਸਕੇ,
ਸਾਡੀਆਂ ਸੋਚਾਂ ਤੇ ਹੁਣ ਉਹਨਾਂ ਦਾ ਪਹਿਰਾ ਹੋ ਗਿਆ।

ਚੱਲ ਪਈ ਮਹਿਸਨ-ਕੁਸ਼ੀ ਦੀ ਰੀਤ ਜਦ ਤੋਂ ਦੋਸਤੋ,
ਦਾਰ ਦਾ ਫੰਦਾ ਵੀ ਕਿੰਨਾ ਕਦਰ ਜੋਗਾ ਹੋ ਗਿਆ।

ਪੀ ਕੇ ਲਹੂ ਇਸ ਦੇਸ਼ ਦੇ ਇਕ ਦਰਦਮੰਦ ਇਨਸਾਨ ਦਾ,
ਮੁਨਸਫ਼ਾਂ ਦਾ ਵਹਿਸ਼ੀਆਂ ਦੇ ਵਾਂਗ ਚਿਹਰਾ ਹੋ ਗਿਆ।

ਮੈਂ ਤੇ ਇਕ ਅੱਥਰੂ ਹਾਂ 'ਆਤਫ਼' ਡਿੱਗ ਹੀ ਪੈਣਾ ਸੀ ਅਖ਼ੀਰ,
ਉਹ ਤੇ ਫੁੱਲ ਸੀ, ਜੋ ਕਿਸੇ ਦੇ ਸਿਰ ਦਾ ਸਿਹਰਾ ਹੋ ਗਿਆ।

(ਪੰਚਮ ਲਾਹੌਰ)

## ਵਾਘਿਉਂ ਪਾਰ/ ਦੋ .ਗਜ਼ਲਾਂ /ਬਾਬਾ ਨਜ਼ਮੀ

1.

ਸਾਰੀ ਕੌਮ ਨਚਾਉਂਦੇ ਪਏ ਨੇ ਧਰਤੀ ਦੇ ਕੁਝ ਲੋਕ।
ਲੁੱਟ ਖਜ਼ਾਨਾ ਖਾਂਦੇ ਪਏ ਨੇ ਧਰਤੀ ਦੇ ਕੁਝ ਲੋਕ।

ਆਪਣੇ ਹੱਥੀਂ ਲਾ ਕੇ ਮਹਿੰਦੀ, ਸਾਡੇ ਲਹੂ ਦੀ ਵੇਖ,
ਆਪਣੇ ਸ਼ਗਨ ਮਨਾਉਂਦੇ ਪਏ ਨੇ ਧਰਤੀ ਦੇ ਕੁਝ ਲੋਕ।

ਐਨਾ ਰੌਲਾ ਪਾ ਨਹੀਂ ਸਕਦੇ, ਜੱਗ ਦੇ ਲੱਖਾਂ ਢੋਲ,
ਜਿੰਨਾ ਰੌਲਾ ਪਾਉਂਦੇ ਪਏ ਨੇ, ਧਰਤੀ ਦੇ ਕੁਝ ਲੋਕ।

ਇੱਕ ਦਿਹਾੜੇ ਬਹਿ ਕੇ ਕੱਠੇ ਕੱਢੋ ਇਹ ਦਾ ਖੋਜ,
ਸਾਨੂੰ ਕਿਉਂ ਲੜਾਉਂਦੇ ਪਏ ਨੇ ਧਰਤੀ ਦੇ ਕੁਝ ਲੋਕ।

ਦੂਜੇ ਲੋਕ ਵੀ ਇਹਨਾਂ ਵਾਲਾ ਰੰਗ ਚੜ੍ਹਾ ਨਾ ਲੈਣ,
ਜਿਹੜਾ ਰੰਗ ਵਿਖਾਉਂਦੇ ਪਏ ਨੇ ਧਰਤੀ ਦੇ ਕੁਝ ਲੋਕ।

ਜਿਹਨਾਂ ਮੈਨੂੰ ਲੈ ਕੇ ਜਾਣਾ, ਮੇਰੀ ਮੰਜ਼ਿਲ ਤੀਕ,
ਦੀਵੇ ਅਜੇ ਜਗਾਉਂਦੇ ਪਏ ਨੇ ਧਰਤੀ ਦੇ ਕੁਝ ਲੋਕ।

ਕਿੰਨਾ ਅਸਾਂ ਕਮਾਇਆ, 'ਬਾਬਾ' ਕੁੱਟ ਕੇ ਪੂਰਾ ਸਾਲ,
ਐਨਾ ਰੋਜ਼ ਕਮਾਉਂਦੇ ਪਏ ਨੇ ਧਰਤੀ ਦੇ ਕੁਝ ਲੋਕ।

2.

ਜੱਗ 'ਤੇ ਕੌਣ ਸ਼ਰਾਰਤ ਕਰਦਾ ਫਿਰਦਾ ਏ।
ਵਿਚ ਦਿਲਾਂ ਦੇ ਨਫ਼ਰਤ ਭਰਦਾ ਫਿਰਦਾ ਏ।

ਕਬਰੇ ਲੈ ਕੇ ਜਾਵਾਂ ਦਿਲ ਦੀ ਪੀੜਾ ਨਿੱਤ,
ਬੰਦਾ, ਬੰਦੇ ਕੋਲੋਂ ਡਰਦਾ ਫਿਰਦਾ ਏ।

ਇੱਕੋਂ ਗੁੰਝਲ ਨਹੀਂ ਖੁੱਲ੍ਹੀ ਸਦੀਆਂ ਤੋਂ,
ਜਿੱਤਣ ਵਾਲਾ ਕਿਹੜਾ ਹਰਦਾ ਫਿਰਦਾ ਏ।

ਕੋਈ ਵੀ ਸੱਚੀ ਗੱਲ ਨਹੀਂ ਕਰਦਾ ਉੱਘੜ ਕੇ,
ਚੁੱਪ ਦਾ ਕੌਣ ਇਸ਼ਾਰਾ ਕਰਦਾ ਫਿਰਦਾ ਏ।

ਹਿੱਕ 'ਤੇ ਸੜਦੀ ਪਈ ਏ ਮੇਰੀ ਧਰਤੀ ਦੀ,
ਬੱਦਲ ਖੌਰੇ ਕਿੱਥੇ ਵਰ੍ਹਦਾ ਫਿਰਦਾ ਏ।

ਬੰਦੇ ਜਿੰਨੀ ਕੋਈ ਮਖਲੂਕ ਵੀ ਭੁੱਖੀ ਨਹੀਂ,
ਬਚਿਆ ਆਪਣੇ ਕੱਲ੍ਹ ਲਈ ਧਰਦਾ ਫਿਰਦਾ ਏ।

ਚੰਗੇ ਡਾਲਰ ਫੜ ਕੇ ਇੱਜ਼ਤਾਂ ਲੈਨਾ ਵਾ,
ਲੱਕੜੀ ਦੇ ਨਾਲ ਲੋਹਾ ਤਰਦਾ ਫਿਰਦਾ ਏ।



## .ਗਜ਼ਲ / ਦੇਵ ਰਾਊਕੇ

ਮੇਰੇ ਜੀਵਨ ਵਿਚ ਆਏ ਜੋ ਵੀ ਪਲ ਹਨ।
ਕੀ ਦੱਸਾਂ ਉਹ ਬਣੇ-ਤਣੇ ਹੀ ਨਾਵਲ ਹਨ।

ਜਿਨ੍ਹਾਂ ਦੇ ਬੋਲਾਂ ਵਿਚ ਸੌ-ਸੌ ਵੱਲ-ਛਲ ਹਨ।
ਮੋਮ ਨਹੀਂ ਉਹ ਸਭ ਦੇ ਸਭ ਪੱਥਰ ਦਿਲ ਹਨ।

ਦੋਸ਼ ਦਿਆਂ ਕੀ ਦੱਸੋ ਮੈਂ ਹੁਣ ਦੁਨੀਆ ਨੂੰ,
ਮੈਨੂੰ ਮਗਰ ਉਜਾੜਨ 'ਚ ਮਿੱਤਰ ਸ਼ਾਮਲ ਹਨ।

ਜਿਨ੍ਹਾਂ ਦੇ ਪਾਲੇ ਸੁਪਨੇ ਲਹਿਰਾਂ ਫੜਨ ਲਈ;
ਕੀ ਉਹ ਰਾਹੀਂ ਇੱਕ ਨੰਬਰ ਦੇ ਪਾਗਲ ਹਨ।

ਮੇਰੇ ਹਿੱਸੇ ਕਿਉਂ ਆਈ ਹੈ ਮਾਤੀ ਮੌਜ,
ਮਿੱਤਰ ਹੀ ਇਸ ਗੱਲੋਂ ਹਾਕਲ ਬਾਕਲ ਹਨ।

ਕੁੱਖਾਂ ਦਾ ਜਿਹੜੇ ਮਾਪੇ ਕਰਦੇ ਨੇ ਕਤਲ,
ਨਾ ਮਾਵਾਂ ਉਹ ਧਰਮੀ, ਨਾ ਬਾਬਲ ਧਰਮੀ ਹਨ।

ਔਖ 'ਚ ਸਭ ਨੇ ਆਪਣਾ ਛੱਡ ਦਿੱਤਾ ਹੈ ਸਾਥ,
ਬੱਚੇ ਪੁੱਛਣ ਇਹ ਕਿੱਦਾਂ ਦੇ ਅੰਕਲ ਹਨ।

ਉਹਨਾਂ ਅੱਗੇ ਆਪੇ ਬਣਦੇ ਜਾਂਦੇ ਰਾਹ,
ਪੈਰ ਜਿਨ੍ਹਾਂ ਦੇ ਐ ਯਾਰੋ, ਖੁਦ ਮੰਜ਼ਿਲ ਹਨ।

ਐ ਦੇਵ! ਉਲਾਂਭਾ ਦੇਵਾਂ ਇਹ ਕੁਰਸੀ ਨੂੰ,
ਕਿਉਂ ਮੁਨਸਿਫ਼ ਉਹ ਬਣ ਬੈਠੇ ਜੋ ਕਾਤਿਲ ਹਨ।

ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ, ਜਿਲ੍ਹਾ ਮੋਗਾ।

ਪੰਜਾਬੀ .ਗਜ਼ਲ-ਸ਼ਾਸਤਰ ਦੇ ਖੇਤਰ ਵਿੱਚ ਨਵਾਂ ਅਨੋਖਾ ਅਤੇ ਸਵਿਸਥਾਰ ਉਪਰਾਲਾ
ਉਸਤਾਦ .ਗਜ਼ਲਗੋ ਸੁਲੱਖਣ ਸਰਹੱਦੀ ਦਾ
**ਸੰਪੂਰਨ ਪਿੰਗਲ ਅਤੇ ਅਰੂਜ਼**
ਸਫ਼ੇ 340 ਮੁੱਲ 350/-
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**
(ਇਸ ਪੁਸਤਕ ਤੋਂ ਬਾਅਦ ਪਾਠਕ ਨੂੰ ਗ਼ਜ਼ਲ ਦੇ ਸੁਹਜ ਸ਼ਾਸਤਰ ਨੂੰ ਜਾਨਣ ਲਈ ਕਿਸੇ ਹੋਰ ਪੁਸਤਕ ਦੀ ਪੜ੍ਹਨ ਦੀ ਜ਼ਰੂਰਤ ਨਹੀਂ ਰਹਿੰਦੀ।)
ਸੰਪਰਕ — ਸਰਹੱਦੀ ਮੋਬਾਇਲ 94174-84337
ਪਿੰਡ ਕੋਹਾੜ, ਡਾਕ. ਡਿਹਰੀਵਾਲ ਦਰੋਗਾ, ਜਿਲ੍ਹਾ ਗੁਰਦਾਸਪੁਰ

# ਦੱਖਣੀ ਝੀਲ ਦਾ ਚੰਦ

ਲਿਊ ਫ਼ੂ ਤਾਓ

ਕੁਝ ਵਰ੍ਹੇ ਪਹਿਲਾਂ ਤਾਈਂ ਦੱਖਣੀ ਝੀਲ ਦੇ ਵਿੰਗੇ-ਟੇਢੇ ਕੰਢੇ ਲਾਗਲੀ ਥਾਂ 'ਤੇ ਕੇਵਲ ਇਕੋ ਇਕ ਦਵਾਈਆਂ ਦਾ ਕਾਰਖਾਨਾ ਸੀ, ਸਰਕਾਰੀ ਪ੍ਰਬੰਧ ਹੇਠ ਚਲਦਾ ਪਰ, ਪਿਛਲੇ ਕੁਝ ਵਰ੍ਹਿਆਂ ਅੰਦਰ ਸ਼ਹਿਰ ਦੇ ਲੋਕਾਂ ਵਲੋਂ ਪ੍ਰਦੂਸ਼ਨ ਵਿਰੁੱਧ ਉੱਠਦੀਆਂ ਆਵਾਜ਼ਾਂ ਦੇ ਫ਼ਲਸਰੂਪ, ਇੱਕੜ-ਦੁੱਕੜ ਸਾਰੇ ਸਰਕਾਰੀ ਪ੍ਰਬੰਧ ਹੇਠਲੇ ਕਾਰਖਾਨੇ ਇਸ ਥਾਂ ਤੇ ਆਉਂਦੇ ਗਏ। ਹੁਣ ਇਹ ਥਾਂ ਸ਼ਹਿਰ ਦਾ ਰਸਾਇਣਕ ਉਦਯੋਗ ਕੇਂਦਰ ਬਣ ਗਈ ਹੈ।

ਆਓ, ਤੁਹਾਨੂੰ ਇਹਨਾਂ ਕਾਰਖਾਨਿਆਂ ਬਾਰੇ ਜਾਣਕਾਰੀ ਦਿਆਂ। ਘੁੰਮਦੀ ਪੱਕੀ ਸੜਕ ਦੇ ਪੂਰਬੀ ਪਾਸੇ ਇਹਨਾਂ ਕਾਰਖਾਨਿਆਂ ਦੇ ਸਾਈਨ-ਬੋਰਡ ਇਕ ਪਾਲ 'ਚ ਲੱਗੇ ਹੋਏ ਨੇ — ਮੱਧ ਦੱਖਣੀ ਰਸਾਇਣਕ ਕਾਰਖਾਨਾ, ਲਾਲ-ਝੰਡਾ ਰਸਾਇਣਕ ਕਾਰਖ਼ਾਨਾ, ਚਿੰਗਾੜੀ ਰਸਾਇਣਕ ਕਾਰਖ਼ਾਨਾ ਵਗੈਰਾ ਵਗੈਰਾ। ਸੱਚਮੁਚ ਇਹ ਨਾਂ ਬੜੇ ਸ਼ਾਨਦਾਰ ਨੇ , ਵੱਡੇ ਉਦਯੋਗਾਂ ਵਰਗੇ। ਅਸਲ 'ਚ ਇਹ ਛੋਟੇ-ਛੋਟੇ ਕਾਰੋਬਾਰ ਸਨ। ਇਹਨਾਂ ਵਿਚ ਮਸਾਂ ਸੌ ਕੁ ਮਜ਼ਦੂਰ ਕੰਮ ਕਰਦੇ ਸੀ। ਕਈ ਲੋਕੀਂ ਤਾਂ ਇਹਨਾਂ ਨੂੰ ਨੀਵੇਂ ਦਰਜੇ ਦਾ ਕੰਮਕਾਰ ਸਮਝਦੇ ਸਨ। ਇਹਨਾਂ ਨੂੰ ਕਾਰਖ਼ਾਨਾ ਕਹਿਣਾ ਈ ਪਸੰਦ ਨਹੀਂ ਸੀ ਕਰਦੇ। ਉਹ ਇਹਨਾਂ ਨੂੰ ਇਹਨਾਂ ਦੇ ਨਾਵਾਂ ਦੇ ਯੋਗ ਨਹੀਂ ਸੀ ਸਮਝਦੇ। ਪਰ ਇਹਨਾਂ ਨੇ ਬੜੀ ਤੇਜ਼ ਰਫ਼ਤਾਰ ਤਰੱਕੀ ਕੀਤੀ। ਇਹਨਾਂ ਵਿਚਲੇ ਕੁਝ ਕਾਰਖ਼ਾਨਿਆਂ ਦੇ ਉਤਪਾਦਨ ਦੀ ਬਰਾਬਰੀ ਤਾਂ ਮੱਧ-ਦੱਖਣੀ ਚੀਨ ਵਿਚਲਾ ਕੋਈ ਵੀ ਕਾਰਖ਼ਾਨਾ ਨਹੀਂ ਸੀ ਕਰ ਸਕਦਾ।

ਚਿੰਗਾੜੀ ਕਾਰਖ਼ਾਨੇ ਦੀ ਉਦਾਹਰਣ ਲੈਂਦੇ ਹਾਂ। ਇਹ ਦੇਖਣ ਨੂੰ ਉੱਜੜਿਆ ਜਿਹਾ ਲੱਗਦਾ ਸੀ। ਕੋਈ ਵੀ ਵਿਅਕਤੀ ਇਹਦੇ ਬਾਰੇ ਚੰਗੀ ਰਾਏ ਨਹੀਂ ਸੀ ਬਣਾ ਸਕਦਾ। ਪਰ, ਇਸਦੇ ਉਤਪਾਦਨ ਦੀਆਂ ਕਈ ਵਸਤਾਂ ਬਹੁਤ ਪ੍ਰਸਿੱਧ ਸਨ। ਜਿਵੇਂ ਚਿਰਨੂਤਮ-ਲੇਪ, ਫੈਰਿਕ-ਕਲੋਰਾਈਡ, ਫੇਰਸ-ਕਲੋਰਾਈਡ ਅਤੇ ਖ਼ਾਸ ਕਰ ਟਮਾਟੋ-ਸਾਸ ਦੀ ਬੋਤਲ ਦਾ ਛੋਟਾ ਜਿਹਾ ਰਬੜ ਦਾ ਢੱਕਣ। ਇਹਨਾਂ ਸਾਰੀਆਂ ਚੀਜ਼ਾਂ ਵਸਤਾਂ ਦਾ ਸਾਲਾਨਾ ਉਤਪਾਦਨ ਮੁੱਲ ਦਸ ਲੱਖ ਰੁਪਏ ਤੋਂ ਵੀ ਵੱਧ ਸੀ। ਇਸ ਕਾਰਖਾਨੇ ਦਾ ਫੇਰਿਕ ਕਲੋਰਾਈਡ ਸਾਰੇ ਊਹਾਨ ਸ਼ਹਿਰ ਵਿਚ ਪਾਣੀ ਸੋਧਕ ਵਸਤੂ ਦੇ ਰੂਪ ਵਿਚ ਲਾਜ਼ਮੀ ਵਸਤੂ ਸੀ। ਇਸ ਛੋਟੇ ਕਾਰੋਬਾਰ ਦਾ ਪੂਰਾ ਨਾਮ ਸੀ 'ਸਿੰਘ ਸਟਰੀਟ ਚਿੰਗਾੜੀ ਕੈਮੀਕਲ ਫੈਕਟਰੀ, ਊਛਾਂਗ ਨਗਰ ਏਰੀਆ ਊਹਾਨ ਸਿਟੀ"। ਪਰ ਇਸ ਦੀ ਮੋਹਰ-ਪੈਡ ਤੇ 'ਸਿੰਘ ਸਟਰੀਟ' ਜਾਣ ਬੁੱਝ ਕੇ ਨਹੀਂ ਸੀ ਉਕਰਾਇਆ ਗਿਆ। ਵਿਸ਼ੇਸ਼ ਅਧਿਕਾਰੀਆਂ ਪਾਸੋਂ ਇਸ ਦੀ ਆਗਿਆ ਲੈਣ ਲਈ, ਕਾਰਖਾਨੇ ਦੇ ਪਾਰਟੀ ਸਕੱਤਰ ਵਾਨ ਨੇ ਇਸ ਦਾ ਉਚੇਚ ਨਾਲ ਕਾਰਨ ਸਮਝਾਉਣਾ ਪਿਆ ਸੀ। ਉਸਨੇ ਕਿਹਾ ਸੀ — 'ਇਕ ਤਾਂ ਇਹ ਦੋਨੋਂ ਸ਼ਬਦ ਸਾਡੇ ਵਿਉਪਾਰ ਵਿਚ ਕੋਈ ਸਹਾਇਤਾ ਨਹੀਂ ਕਰਦੇ, ਦੂਜੇ ਸਾਡੇ ਕਾਰਖ਼ਾਨੇ ਦੇ ਨੌਜਵਾਨ ਮਜ਼ਦੂਰ ਇਹ ਫ਼ਿਕਰ ਕਰਦੇ ਨੇ ਕਿ ਛੋਟੇ ਕਾਰੋਬਾਰ ਦਾ ਨਾਂ ਸੁਣ ਕੇ ਉਹਨਾਂ ਦੀਆਂ ਮਿੱਤਰ ਕੁੜੀਆਂ ਕਿਧਰੇ ਉਹਨਾਂ ਨੂੰ ਛੱਡ ਹੀ ਨਾ ਜਾਣ। ਭਾਵੇਂ ਇਹ ਦੋਨੋਂ ਗੱਲਾਂ ਗੈਰ-ਪ੍ਰਸੰਗਕ ਸਨ, ਪਰ ਪਾਰਟੀ ਸਕੱਤਰ ਵਾਨ ਦੀ ਵਿਆਖਿਆ ਵਾਜਬ ਲੱਗਦੀ ਸੀ। ਨੌਜਵਾਨ ਮਜ਼ਦੂਰਾਂ ਦੇ ਪ੍ਰੇਮ ਦੀ ਸਮੱਸਿਆ ਅਤੇ ਵਿਸ਼ੇਸ਼ ਕਰਕੇ ਕਾਰਖਾਨੇ ਦੇ ਭਵਿੱਖ ਨੂੰ ਧਿਆਨ 'ਚ



ਰੱਖਦਿਆਂ, ਅਧਿਕਾਰੀਆਂ ਨੇ ਵੀ ਚੁੱਪ ਸਹਿਮਤੀ ਦੇ ਦਿੱਤੀ। ਪਰ ਮੋਹਰ-ਪੈਡ 'ਚ ਹੋਈ ਅਦਲਾ-ਬਦਲੀ ਨਾਲ ਕੋਈ ਖ਼ਾਸ ਫਰਕ ਨਾ ਪਿਆ। ਇਸ ਤੋਂ ਪਿੱਛੋਂ ਵੀ ਕਾਰਖਾਨੇ ਨੇ ਕੋਈ ਸਾਮਾਨ ਖਰੀਦਣਾ ਹੁੰਦਾ ਤਾਂ ਇਸ ਨੂੰ ਆਪਣੀ ਲੋੜ ਤੇ ਕਾਫ਼ੀ ਜ਼ੋਰ ਦੇਣਾ ਪੈਂਦਾ। ਇਸ ਨੂੰ ਲੱਗਦਾ ਕਿ ਇਸ ਨਾਲ ਪੱਖਪਾਤ ਹੋ ਰਿਹਾ ਹੈ। ਦੂਜੇ ਪਾਸੇ ਇਸ ਛੋਟੇ ਕਾਰਖਾਨੇ ਦਾ ਉਤਪਾਦਨ ਚੰਗਾ ਹੋਣ ਦੇ ਬਾਵਜੂਦ ਨਾ ਤਾਂ ਘਰੇਲੂ ਵਰਤੋਂ ਵਾਲਾ ਸੀ ਤੇ ਨਾ ਖੇਲਣ ਦੇ ਕੰਮ ਆਉਣ ਵਾਲਾ ਸੀ। ਇਥੇ ਬਣਦੀਆਂ ਚੀਜ਼ਾਂ-ਵਸਤਾਂ ਦੇ ਨਾਂ ਸੁਣ ਕੇ ਲੋਕ ਹੈਰਾਨ ਹੋਏ ਪੁੱਛਦੇ ਸਨ – 'ਏਹ ਕੀ ਚੀਜ਼ਾਂ ਹੋਈਆਂ? ਕੋਈ ਜ਼ਹਿਰੀਲੀਆਂ ਦੁਆਈਆਂ ਹੋਣਗੀਆਂ ਏਹ!' ਇਉਂ ਇਸ ਕਾਰਖ਼ਾਨੇ ਦਾ ਉਤਪਾਦਨ ਵਧਾਉਣ ਵਿਚ ਵੀ ਕੋਈ ਸਹਾਇਤਾ ਨਹੀਂ ਸੀ ਮਿਲਦੀ।

ਇਹ ਹਾਲ ਸੀ ਇਸ ਦੇ ਉਤਪਾਦਨ ਦਾ। ਇਥੇ, ਪੰਜਾਹ ਵਰ੍ਹੇ ਦੀ ਪਾਰਟੀ ਸਕੱਤਰ ਵਾਨ ਸਾਹਮਣੇ ਇਹ ਨਵੀਂ ਸਮੱਸਿਆ ਸੀ। ਕਾਰਖਾਨੇ ਦੀ ਮੁੱਖ ਉਤਪਾਦਨ ਵਸਤੂ ਫੈਰਿਕ-ਕਲੋਰਾਈਡ ਨੂੰ ਹੁਣ ਤਰਲ ਦੀ ਥਾਂ ਠੋਸ ਪਦਾਰਥ ਦਾ ਰੂਪ ਦੇਣਾ ਪੈਣਾ ਸੀ। ਇਸ ਕੰਮ ਲਈ ਇਕ ਤਿੰਨ ਮੰਜ਼ਲੀ ਇਮਾਰਤ ਉਸਾਰ ਲਈ ਗਈ ਤੇ ਲੋੜੀਂਦੀਆਂ ਮਸ਼ੀਨਾਂ ਵੀ ਫਿੱਟ ਕਰ ਲਈਆਂ। ਪਰ, ਕਾਰਖਾਨੇ ਨੂੰ ਇਕ ਬੁਆਇਲਰ ਨਹੀਂ ਸੀ ਲੱਭ ਰਿਹਾ। ਸਕੱਤਰ ਵਾਨ ਬੇ-ਹੱਦ ਫ਼ਿਕਰਮੰਦ ਸੀ। ਉਸਦੇ ਆਪਣੇ ਸ਼ਬਦ ਸਨ- 'ਹੁਣ ਪਾਣੀ ਸਿਰ ਉੱਪਰੋਂ ਲੰਘਣ ਵਾਲਾ ਹੈ।' ਇਹ ਸੱਚਮੁੱਚ ਨਾਜ਼ਕ ਘੜੀ ਸੀ।

ਪਾਰਟੀ ਸਕੱਤਰ ਬਾਰੇ ਕੀ ਦੱਸਾਂ। ਉਹ ਪਾਰਟੀ ਸਕੱਤਰ ਤਾਂ ਸੀ ਹੀ, ਇਕ ਘਰੇਲੂ ਇਸਤ੍ਰੀ ਵੀ ਸੀ, ਕੰਮ ਕਰਨ ਦਾ ਉਸਦਾ ਰੰਗ-ਢੰਗ ਕਿਸੇ ਪ੍ਰਤਿਸ਼ਤ ਸਿਧਾਂਤ ਦੇ ਘੇਰੇ ਵਿਚ ਨਹੀਂ ਸੀ ਆਉਂਦਾ, ਪਰ ਉਸਦਾ ਆਖਾ ਸਾਰੇ ਮੰਨਦੇ ਸਨ। ਕਾਰਖਾਨੇ ਲਈ ਕਿਸੇ ਚੀਜ਼-ਵਸਤ ਦੀ ਲੋੜ ਹੁੰਦੀ ਤਾਂ ਉਹ ਦੋ ਫੁੱਟ ਲੰਮੀ ਲੋਹੇ ਦੀ ਘੰਟੀ ਵਜਾਉਂਦੀ ਤੇ ਸਾਰੇ ਮਜ਼ਦੂਰਾਂ ਨੂੰ ਕੱਠਾ ਕਰ ਲੈਂਦੀ। ਮਜ਼ਦੂਰਾਂ ਸਾਹਮਣੇ ਕਾਰਖਾਨੇ ਦੀ ਸਮੱਸਿਆ ਰੱਖ ਕੇ ਉਹਨਾਂ ਨਾਲ ਸਲਾਹ-ਮਸ਼ਵਰਾ ਕਰਦੀ। ਮਜ਼ਦੂਰ ਘਰੀਂ ਜਾ ਕੇ ਆਪਣੇ ਪਰਿਵਾਰਾਂ ਨਾਲ ਸਲਾਹ ਕਰਦੇ। ਲੋੜ ਪੈਣ 'ਤੇ ਉਹ ਆਪਣੇ ਦੋਸਤਾਂ-ਮਿੱਤਰਾਂ ਤੇ ਸਾਕ-ਸੰਬੰਧੀਆਂ ਨੂੰ ਵੀ ਮਿਲਦੇ ਜਾਂ ਦੂਜੀਆਂ ਇਕਾਈਆਂ ਤੇ ਵੱਡੇ ਕਾਰਖਾਨਿਆਂ ਵਿਚ ਕੰਮ ਕਰਦੇ ਆਪਣੇ ਆਪਣੇ ਜਾਣੂ ਮਜ਼ਦੂਰਾਂ ਤੋਂ ਸਲਾਹਾਂ ਲੈਂਦੇ ਤੇ ਆਪਣੀ ਲੋੜ ਦੱਸਦੇ। ਮੂੰਹ-ਜ਼ਬਾਨੀ ਹਾਂ ਹੋ ਜਾਣ ਪਿੱਛੋਂ ਕਾਰਖਾਨੇ ਦੀ ਮੋਹਰ-ਪੈਡ ਤੇ ਲੋੜੀਂਦੀ ਚਿੱਠੀ ਭੇਜ ਦਿੱਤੀ ਜਾਂਦੀ। ਆਮ ਤੌਰ 'ਤੇ ਕਾਰਖਾਨੇ ਨੂੰ ਲੋੜੀਂਦੀਆਂ ਵਸਤਾਂ ਦੀ ਛੇਤੀ ਤੋਂ ਛੇਤੀ ਪ੍ਰਾਪਤੀ ਕਰਨ ਲਈ ਪਾਰਟੀ ਸਕੱਤਰ ਵਾਨ ਆਪ ਲੋਕਾਂ ਨੂੰ ਮਿਲਦੀ ਸੀ। ਪਰ, ਇਸ ਵਾਰ ਸਾਰੇ ਯਤਨਾਂ ਦੇ ਬਾਵਜੂਦ ਬੁਆਇਲਰ ਨਹੀਂ ਸੀ ਮਿਲ ਰਿਹਾ। ਆਖ਼ਿਰ ਕੁਝ ਮਜ਼ਦੂਰਾਂ ਨੇ ਇਕ ਬੜੀ ਮਹੱਤਵਪੂਰਨ ਸੂਚਨਾ ਲਿਆਂਦੀ, ਕਿ ਚਿਆਂਗਨਾਨ-ਨਿਊ-ਵਾਟਰਵਰਕਸ ਨੇ ਨਵਾਂ ਵੱਡਾ ਬੁਆਇਲਰ ਖਰੀਦਿਆ ਹੈ। ਉਹਨਾਂ ਦਾ ਪੁਰਾਣਾ ਛੋਟਾ ਬੁਆਇਲਰ ਉਹਨਾਂ ਦੀ ਕਾਲੋਨੀ 'ਚ ਪਿਆ। ਉਸੇ ਵੇਲੇ ਇਕ ਬੰਦੇ ਨੂੰ ਬੁਆਇਲਰ ਦਾ ਪਤਾ ਕਰਨ ਲਈ ਭੇਜਿਆ ਗਿਆ, ਪਰ ਵਾਟਰਵਰਕਸ ਨੇ ਇਸ ਨੂੰ ਵੇਚਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਜਵਾਬ ਦਿੱਤਾ ਕਿ ਇਸ ਬੁਆਇਲਰ ਦੀ ਉਹਨਾਂ ਨੂੰ ਆਪ ਨੂੰ ਲੋੜ ਹੈ। ਥੋੜ੍ਹੇ ਕੁ ਦਿਨੀਂ ਛੋਟੇ-ਕਾਰੋਬਾਰ ਦੇ ਮਜ਼ਦੂਰਾਂ ਨੂੰ ਜਾਣਕਾਰੀ ਮਿਲੀ ਕਿ ਜੇ ਵਾਟਰਵਰਕਸ ਦੇ ਖ਼ਪਤ-ਵਿਭਾਗ ਦੇ ਪ੍ਰਭਾਵੀ

ਉੱਪ ਪ੍ਰਬੰਧਕ ਯੂਵਾਨ ਰਾਜ਼ੀ ਹੋ ਜਾਣ ਤਾਂ ਬਿਨਾਂ ਬਹੁਤੀ ਨੱਠ-ਭੱਜ ਦੇ ਬੁਆਇਲਰ ਮਿਲ ਸਕਦਾ ਹੈ। ਕਾਫੀ ਸਾਰੀ ਸੋਚ-ਵਿਚਾਰ ਪਿਛੋਂ ਆਖ਼ਿਰ ਇਹ ਫੈਸਲਾ ਹੋਇਆ ਕਿ ਕੋਈ ਜਣਾ ਉੱਪ-ਪ੍ਰਬੰਧਕ ਨੂੰ ਮਿਲੇ। ਪਰੰਤੂ ਉਸ ਤੱਕ ਪੁੱਜਣਾ ਸੌਖਾ ਕੰਮ ਨਹੀਂ ਸੀ, ਇਸ ਲਈ ਕੋਈ ਵੀ ਉਸ ਪਾਸ ਜਾਣ ਲਈ ਤਿਆਰ ਨਹੀਂ ਸੀ।

ਟਨ.... ਟਨ.... ਟਨ...., ਪਾਰਟੀ ਸਕੱਤਰ ਵਾਨ ਨੇ ਫਿਰ ਘੰਟੀ ਵਜਾਈ, ਸਾਰੇ ਮਜ਼ਦੂਰਾਂ ਨੂੰ ਕੱਠੇ ਕਰਕੇ ਪੁੱਛਿਆ, ਕਿ ਇਹ ਕੰਮ ਕੌਣ ਕਰੇਗਾ? ਪਰ ਉਹਨਾਂ 'ਚੋਂ ਬੋਲਿਆ ਕੋਈ ਨਾ, ਸਾਰੇ ਚੁੱਪਚਾਪ ਬੈਠੇ ਪਾਰਟੀ ਸਕੱਤਰ ਵੱਲ ਨੂੰ ਦੇਖੀ ਗਏ।

"ਐਦਾਂ ਮੇਰੀ ਅਲ ਦੇਖੀ ਜਾਣ ਨਾ ਕੀ ਬਣੂੰ! ਆਖ਼ਿਰ ਕੰਮ ਤਾਂ ਕਰਨਾ ਈ ਪੈਣਾ ਕਿਸੇ ਨਾ ਕਿਸੇ ਨੂੰ.....।"

"ਮੈਂ ਯਤਨ ਕਰਦਾਂ.......।" ਅਚਾਨਕ ਕਿਸੇ ਨੇ ਹੌਲੀ ਜਿਹੇ ਕਿਹਾ। ਸਾਧਾਰਨ ਹਾਲਾਤ ਹੁੰਦੇ ਤਾਂ ਇਸ ਬੰਦੇ ਵੱਲ ਕਿਸੇ ਨੇ ਧਿਆਨ ਨਹੀਂ ਸੀ ਦੇਣਾ। ਪਰ, ਇਸ ਨਾਜ਼ਕ ਮੌਕੇ 'ਤੇ ਜਦੋਂ ਪਾਰਟੀ ਸਕੱਤਰ ਵਾਨ ਅਤੇ ਸਾਰੇ ਮਜ਼ਦੂਰ ਕਿਸੇ ਕਾਲ-ਮਾਰੇ ਇਲਾਕੇ ਵਿਚ ਅਨਾਜ ਦੀ ਮੁੱਠ ਲਈ ਤਰਸਦੇ ਨਾਗਰਿਕਾਂ ਵਰਗੀ ਹਾਲਤ ਅੰਦਰ ਸਨ ਤਾਂ ਇਸ ਕੰਮ ਦੀ ਜ਼ਿੰਮੇਵਾਰੀ ਲੈਣ ਵਾਲਾ ਕੋਈ ਵੀ ਮਜ਼ਦੂਰ ਉਸ ਸਮੇਂ ਧੰਨਵਾਨ-ਦਾਨੀ ਵਰਗਾ ਜਾਪਿਆ। ਉਹਨਾਂ ਸਭ ਨੇ ਜਦ ਇਸ ਬੰਦੇ ਵੱਲ ਦੇਖਿਆ ਤਾਂ ਮਜ਼ਦੂਰਾਂ ਦਾ ਤਾਂ ਕੀ ਪਾਰਟੀ ਸਕੱਤਰ ਦਾ ਚਿਹਰਾ ਵੀ ਝੇਂਪ ਗਿਆ।

ਇਸ ਬੰਦੇ ਦਾ ਨਾਂ ਖੋਥਿੰਗ ਸੀ, ਇਹ ਨੌਜਵਾਨ ਸੀ। ਸਾਰਿਆਂ ਦੀ ਨਿਗਾਹਾਂ ਇਸ ਉੱਤੇ ਟਿਕੀ ਹੋਈ ਸੀ। ਉਸਦਾ ਗੋਰਾ-ਗੋਰਾ ਚਿਹਰਾ ਲਾਲ-ਲਾਲ ਹੋ ਗਿਆ ਸੀ। ਉਹ 175 ਸੈਂਟੀਮੀਟਰ ਲੰਮਾ ਤੇ ਦੇਖਣ ਨੂੰ ਸੁੰਦਰ ਲੱਗਦਾ ਸੀ।

"ਠੀਕ ਐ, ਤੂੰ ਯਤਨ ਕਰਕੇ ਦੇਖ ਲਾਅ...... ਜਿੱਦਾਂ ਵੀ ਕਿੱਦਾਂ। ਇਹ ਬੁਆਇਲਰ ਸਾਨੂੰ ਜ਼ਰੂਰੀ ਚਾਹੀਦਾ।" ਪਾਰਟੀ ਸਕੱਤਰ ਨੇ ਅੱਧੀਆਂ ਕੁ ਬੰਦ ਅੱਖਾਂ ਨਾਲ ਉਹਦੀ ਵੱਲ ਦੇਖਦਿਆਂ ਕਿਹਾ। ਸਕੱਤਰ ਉਹਦੇ ਤੋਂ ਰਤੀ ਭਰ ਵੀ ਆਸ-ਮੰਦ ਨਹੀਂ ਸੀ। ਉਹ ਤਾਂ ਇਹ ਵੀ ਕਹਿਣਾ ਚਾਹੁੰਦੀ ਸੀ- ਜਦ ਹੋਰ ਕੋਈ ਨਹੀਂ ਜਾਂਦਾ, ਤਾਂ ਤੂੰ ਹੀ ਜਾ ਆ..... ਮੈਨੂੰ ਤੇਰੇ ਤੋਂ ਕੋਈ ਆਸ ਉਮੀਦ ਤਾਂ ਹੈ ਨਹੀਂ.....।" ਪਰ, ਉਸ ਨੇ ਇਵੇਂ ਕਿਹਾ ਨਹੀਂ। ਮੌਕਾ ਹੀ ਅਜਿਹਾ ਸੀ।

ਭਾਵੇਂ ਖੋਥਿੰਗ ਕਿਸੇ ਕਾਰੀਗਰ ਦੀ ਥਾਂ ਤੇ ਨਿਯੁਕਤ ਨਹੀਂ ਸੀ, ਪਰ ਉਸ ਅੰਦਰ ਇਕ ਚੰਗੇ ਟੈਕਨੀਸ਼ੀਅਨ ਵਾਲੇ ਗੁਣ ਸਨ ਅਤੇ ਉਹ ਆਪਣੇ ਕੰਮ ਦੀ ਯੋਗਤਾ ਬਾਰੇ ਸਾਰੇ ਕਾਰਖਾਨੇ ਵਿਚ ਪ੍ਰਸਿੱਧ ਸੀ। ਆਉਂਦੇ ਸਮੇਂ ਵਿਚ ਚਾਲੂ ਕੀਤੀ ਜਾਣ ਵਾਲੀ ਵਰਕਸ਼ਾਪ ਬੜੀ ਵੱਡੀ ਤੇ ਆਧੁਨਿਕ ਸੀ। ਵਰਕਸ਼ਾਪ ਅਤੇ ਇਸ ਅੰਦਰਲਾ ਸਾਜ਼ੋ-ਸਾਮਾਨ ਸੈਟ ਕਰਨ ਦੀ ਰੂਪ-ਰੇਖਾ ਅਤੇ ਸਾਰੀ ਤਕਨੀਕੀ ਪ੍ਰਕਿਰਿਆ ਏਸੇ ਨੌਜਵਾਨ ਨੇ ਕੀਤੀ ਸੀ, ਭਾਵੇਂ ਉਹ ਕਦੀ ਵੀ ਕਿਸੇ ਤਕਨੀਕੀ ਕਾਲਜ ਵਿਚ ਨਹੀਂ ਸੀ ਪੜ੍ਹਿਆ। ਦਰਅਸਲ ਉਸਨੇ ਚੀਨ ਦੇ ਸ਼ਹਿਰੀ ਨੌਜਵਾਨਾਂ ਵਾਲਾ ਰਾਹ ਅਪਨਾਇਆ ਸੀ। ਅੱਠਵੀਂ ਦੀ ਪੜ੍ਹਾਈ ਪੂਰੀ ਕਰਨ ਤੋਂ ਪਿੱਛੋਂ ਉਸਨੂੰ ਦੋ ਸਾਲ ਲਈ ਪਿੰਡ 'ਚ ਖੇਤੀ ਕਰਨ ਲਈ ਭੇਜ ਦਿੱਤਾ ਗਿਆ ਤੇ ਉਥੋਂ ਵਾਪਸ ਪਰਤ ਕੇ ਉਸਨੇ 'ਛੋਟੇ-ਕਾਰਖਾਨੇ' ਵਿਚ ਨੌਕਰੀ ਕਰ ਲਈ ਸੀ। ਹੁਣ ਦੇ ਪੜ੍ਹੇ-ਲਿਖੇ ਨੌਜਵਾਨਾਂ ਸਾਹਮਣੇ ਕੇਵਲ ਇਹੋ ਇਕੋ-ਇਕ ਰਾਹ ਸੀ ਤੇ ਉਸਦੇ ਸਾਹਮਣੇ ਵੀ ਹੋਰ ਕੋਈ ਵਿਕਲਪ ਹੈ ਨਹੀਂ ਸੀ। ਇਥੇ ਆਉਣ ਦੇ ਥੋੜ੍ਹੇ ਕੁ ਦਿਨਾਂ ਪਿਛੋਂ ਹੀ



ਉਹ ਕਾਰਖਾਨੇ ਦੀਆਂ ਤਕਨੀਕੀ ਸਮੱਸਿਆਵਾਂ ਸੁਲਝਾਉਣ ਵਿਚ ਮਾਹਿਰ ਹੋ ਗਿਆ, ਜਦ ਵੀ ਕੋਈ ਤਕਨੀਕੀ ਸਮੱਸਿਆ ਆਉਂਦੀ, ਸਾਰੇ ਉਸਤੇ ਭਰੋਸਾ ਕਰਦੇ। ਨਿਯਮਾਂ ਅਨੁਸਾਰ, ਉਹ ਨਵੇਂ ਯੰਤਰਾਂ ਦੀ ਵਰਤੋਂ ਕਰਨ ਲੱਗਾ, ਨਿਰਧਾਰਤ ਨਿਰਦੇਸ਼ਾਂ ਦਾ ਬੜੀ ਸਾਵਧਾਨੀ ਨਾਲ ਅਧਿਐਨ ਕਰਦਾ ਸੀ ਅਤੇ ਸਹਿਜੇ-ਸਹਿਜੇ ਇਹਨਾਂ ਦਾ ਪ੍ਰਯੋਗ ਕਰਕੇ ਇਹਨਾਂ ਉੱਪਰ ਮੁਹਾਰਤ ਹਾਸਲ ਕਰ ਲੈਂਦਾ ਸੀ। ਉਸਨੇ ਆਪਣੇ ਸਾਥੀ ਮਜ਼ਦੂਰਾਂ ਦੀ ਕਦੀ ਹੇਠੀ ਨਹੀਂ ਸੀ ਹੋਣ ਦਿੱਤੀ। ਸਾਰੇ ਨਵੇਂ ਆਏ ਮਜ਼ਦੂਰ ਉਸਦੀ ਇੱਜ਼ਤ ਕਰਦੇ ਸਨ ਅਤੇ ਪੁਰਾਣੇ ਸਾਰੇ ਉਸਨੂੰ ਅਸਧਾਰਨ ਵਿਅਕਤੀ ਮੰਨਦੇ ਸਨ। ਪਰ, ਅਫ਼ਸੋਸ ਇਸ ਗੱਲ ਦਾ ਸੀ ਕਿ ਇਮਾਨਦਾਰ ਤੇ ਮਿਹਨਤੀ ਹੋਣ ਦੇ ਨਾਲ-ਨਾਲ ਉਹ ਸ਼ਰਮਾਕਲ ਬਹੁਤ ਸੀ। ਉਸਦੇ ਜ਼ਿਹਨ ਅੰਦਰ ਅਨੇਕਾਂ ਯੋਜਨਾਵਾਂ ਸਨ, ਪਰ ਵੇਲਾ ਆਉਣ ਤੇ ਸ਼ਬਦ ਉਸਦਾ ਸਾਥ ਨਹੀਂ ਸੀ ਦਿੰਦੇ। ਸ਼ਾਇਦ ਏਸੇ ਕਰਕੇ ਇਸ ਸ਼ਰਮੀਲੇ ਨੌਜਵਾਨ ਵਲੋਂ ਬੁਆਇਲਰ ਵਾਲੇ ਕੰਮ ਨੂੰ ਹਾਂ ਕਰਨ ਤੇ ਪੁਰਾਣੇ ਮਜ਼ਦੂਰਾਂ ਨੂੰ ਹੈਰਾਨੀ ਹੋਈ ਸੀ। ਉਸਨੇ ਪਹਿਲੋਂ ਕਦੀ ਵੀ ਅਜਿਹੇ ਕੰਮ ਦੀ ਜ਼ਿੰਮੇਵਾਰੀ ਨਹੀਂ ਸੀ ਲਈ ਤੇ ਅੱਜ ਉਸ ਨੇ ਉੱਪ-ਪ੍ਰਬੰਧਕ ਯੂਵਾਨ ਨੂੰ ਮਿਲ ਕੇ ਬੁਆਇਲਰ ਪ੍ਰਾਪਤ ਕਰਨ ਦੇ ਯਤਨ ਕਰਨ ਦੀ ਜ਼ਿੰਮੇਵਾਰੀ ਲੈ ਲਈ ਸੀ।

ਅਸਲ ਵਿਚ ਖੋਥਿੰਗ ਨੂੰ ਵੀ ਆਪਣੇ ਉੱਪਰ ਸ਼ੱਕ ਸੀ ਕਿ ਉਹ ਇਹ ਕੰਮ ਕਰ ਵੀ ਸਕੇਗਾ ਕਿ ਨਹੀਂ।

## II

ਆਓ, ਹੁਣ ਇਕ ਹੋਰ ਗੱਲ ਕਰੀਏ।

ਊਛਾਂਗ ਦੇ ਬਾਜ਼ਾਰਾਂ ਵਿਚ ਕਦੀ-ਕਦੀ ਦੋ ਲੰਮੇ ਕੱਦ ਵਾਲੀਆਂ ਲੜਕੀਆਂ ਘੁੰਮਦੀਆਂ ਹੁੰਦੀਆਂ ਸਨ। ਉਹਨਾਂ ਦੋਨਾਂ ਦਾ ਕੱਦ 172 ਸੈਂਟੀਮੀਟਰ ਸੀ। ਉਹਨਾਂ ਨੇ ਵਾਲ ਵੀ ਇਕੋ ਢੰਗ ਨਾਲ ਕੱਟਵਾਏ ਹੋਏ ਸਨ ਤੇ ਕੱਪੜੇ ਵੀ ਇਕੋ ਤਰ੍ਹਾਂ ਦੇ ਪਾਉਂਦੀਆਂ ਸਨ। ਬਾਜ਼ਾਰ 'ਚ ਚਾਹੇ ਜਿੰਨੀ ਵੀ ਭੀੜ ਹੋਵੇ, ਫੁੱਟਪਾਥ ਤੇ ਚਾਹੇ ਜਿੰਨੇ ਮਰਜ਼ੀ ਬੰਦੇ ਵੀ ਤੁਰਦੇ ਹੋਣ, ਉਹ ਹਮੇਸ਼ਾ ਹੱਥ 'ਚ ਹੱਥ ਪਾ ਕੇ ਘੁੰਮਦੀਆਂ ਫਿਰਦੀਆਂ ਸਨ। ਕਿਉਂਕਿ ਉਹ ਦੋਨੋਂ ਲੰਮੀਆਂ ਤੇ ਸੰਤੁਲਤ ਡੀਲ-ਡੌਲ ਵਾਲੀਆਂ ਸਨ। ਇਸ ਲਈ ਉਹਨਾਂ ਵੱਲ ਲੋਕੀਂ ਸੁਭਾਵਿਕ ਹੀ ਦੇਖਣ ਲੱਗ ਜਾਂਦੇ ਸਨ।

ਇਥੋਂ ਤੱਕ ਕਿ ਚੰਗੇ ਬਣਦੇ ਫੱਬਦੇ ਮੁੰਡੇ ਵੀ ਉਹਨਾਂ ਨੂੰ ਰਾਹ ਦੇ ਦਿੰਦੇ ਸਨ ਤੇ ਉਹਨਾਂ ਨੂੰ ਜਾਂਦੀਆਂ ਦੇਖ ਕੇ ਸਿਫ਼ਤ ਸਲਾਹ ਕਰਦੇ ਸਨ। ਗੋਲ ਚਿਹਰੇ ਵਾਲੀ ਲੜਕੀ ਦਾ ਨਾਂ ਲੀਲੂ ਸੀ ਤੇ ਥੋੜ੍ਹਾ ਕੁ ਲੰਮੇ ਚਿਹਰੇ ਵਾਲੀ ਕੁੜੀ ਦਾ ਨਾਮ ਯੂਵਾਨ ਸ਼ੋਆ ਸੀ। ਉਹ ਦੋਨੋਂ ਇਕੋ ਸਕੂਲ ਵਿਚ ਪੜ੍ਹਦੀਆਂ ਸਨ। ਪਰ ਜਮਾਤਾਂ ਵੱਖਰੀਆਂ-ਵੱਖਰੀਆਂ ਸਨ। ਪਰ ਇਕੋ ਜਿੰਨਾ ਕੱਦ-ਕਾਠ, ਇਕੋ ਜਿਹੀਆਂ ਆਦਤਾਂ-ਰੁਚੀਆਂ ਕਾਰਨ ਦੋਨਾਂ ਦੀ ਦੋਸਤੀ ਹੋ ਗਈ, ਉਹ ਦੋਨੋਂ ਏਨੀਆਂ ਗੂੜ੍ਹੀਆਂ ਸਹੇਲੀਆਂ ਸਨ ਕਿ ਇਕ ਦੂਜੀ ਨੂੰ ਮਿਲਣ ਤੇ ਉਹਨਾਂ ਦੀਆਂ ਗੱਲਾਂ ਹੀ ਨਹੀਂ ਸੀ ਮੁੱਕਦੀਆਂ। ਉਹ ਇਕ-ਦੂਜੀ ਦੇ ਪ੍ਰੇਮ ਸੰਬੰਧਾਂ ਬਾਰੇ ਵੀ ਸਲਾਹਾਂ ਕਰਦੀਆਂ। ਉਹਨਾਂ ਦੀ ਪਹਿਲੀ ਸ਼ਰਤ ਵੀ ਇਹੋ ਸੀ ਕਿ ਮੁੰਡੇ 175 ਸੈਂਟੀਮੀਟਰ ਤੋਂ ਘੱਟ ਲੰਮੇ ਨਹੀਂ ਹੋਣੇ ਚਾਹੀਦੇ। ਰੱਬ ਭਲਾ ਕਰੇ, ਇਹ ਬੜੀ ਵੱਡੀ ਸ਼ਰਤ ਸੀ, ਪਰਿਵਾਰਕ ਪਿੱਠ-ਭੂਮੀ, ਨੌਕਰੀ ਤੇ ਮਹੀਨਾਵਾਰ ਤਨਖਾਹ ਨੂੰ ਛੱਡ ਵੀ ਦੇਈਏ ਤਾਂ ਵੀ ਇਸ ਸ਼ਹਿਰ ਅੰਦਰ ਉਹਨਾਂ ਦੀ ਪਹਿਲੀ ਹੀ ਸ਼ਰਤ ਪੂਰੀ ਕਰਨ ਵਾਲਾ ਮੁੰਡਾ ਲੱਭਣਾ ਬੜਾ ਔਖਾ ਕੰਮ ਸੀ। ਜਦਕਿ ਦੇਸ਼ ਭਰ ਦੇ ਸਾਰੇ ਮੁੰਡਿਆਂ ਦੀ ਔਸਤਨ ਲੰਬਾਈ ਕਾਫੀ ਘੱਟ ਸੀ, ਉਹ ਦੋਨੋਂ

ਇਸ ਗੱਲੇ ਪੂਰਾ-ਪੂਰਾ ਸਹਿਮਤ ਸਨ ਕਿ ਇਸ ਮਾਮਲੇ ਵਿਚ ਉਹ ਕੇਵਲ ਇਕ-ਦੂਜੀ ਦੀ ਸਲਾਹ ਹੀ ਮੰਨਣਗੀਆਂ। ਮਾਤਾ-ਪਿਤਾ ਦੇ ਹੁਕਮਾਂ ਜਾਂ ਕਿਸੇ ਹੋਰ ਵਿਚ-ਵਿਚੋਲੇ ਦੀ ਸਿਫ਼ਾਰਸ਼ 'ਤੇ ਗੌਰ ਨਹੀਂ ਕਰਨਗੀਆਂ। ਉਦਾਹਰਣ ਹਿੱਤ, ਇਕ ਵਾਰ ਕਿਸੇ ਨੇ ਲੀਲੂ ਨੂੰ ਕਿਸੇ ਮੁੰਡੇ ਨਾਲ ਮਿਲਵਾਇਆ ਤਾਂ ਯੂਵਾਨ ਸ਼ੈਆ ਨੇ ਉਸ ਦੀ ਚੰਗੀ ਤਰ੍ਹਾਂ ਘੋਖ-ਪੜਤਾਲ ਕੀਤੀ। ਉਸਦੇ ਨੱਕ ਨਾਲ ਛੇੜ-ਛਾੜ ਕਰਦੀ ਨੇ ਕਿਹਾ - "ਕਿੰਨਾ ਮੱਧਰਾ ਐ....।" ਇਹ ਸੁਣ ਕੇ ਉਹ ਬੇਚਾਰਾ ਪਾਣੀਓਂ ਪਤਲਾ ਹੋ ਗਿਆ।

ਮੈਂ ਹੁਣੇ-ਹੁਣੇ ਦੱਸਿਆ ਕਿ ਉਹ ਦੋਨੋਂ ਸਹੇਲੀਆਂ ਭੀੜ ਭਰੇ ਬਾਜ਼ਾਰਾਂ ਵਿਚ ਅਕਸਰ ਘੁੰਮਿਆ ਕਰਦੀਆਂ ਸਨ। ਇਹ ਗੱਲ ਛੇ ਮਹੀਨੇ ਪਹਿਲਾਂ ਦੀ ਹੈ। ਤੇ ਹੁਣ ਯੂਵਾਨ ਸ਼ੈਆ ਦੀ ਪ੍ਰਵਾਨਗੀ ਨਾਲ ਲੀਲੂ ਨੂੰ ਯੋਗ ਸਾਥੀ ਮਿਲ ਗਿਆ ਸੀ। ਸ਼ੁਕਰਵਾਰ ਦੀ ਛੁੱਟੀ ਵਾਲੇ ਦਿਨ ਹੁਣ ਲੀਲੂ ਅਤੇ ਯੂਵਾਨ ਸ਼ੈਆ ਪਹਿਲਾਂ ਵਾਂਗ ਇਕੱਠੀਆਂ ਨਹੀਂ ਸਨ ਘੁੰਮਦੀਆਂ। ਹੁਣ ਭਾਵੇਂ ਲੀਲੂ ਆਪਣੇ ਜੀਵਨ ਸਾਥੀ ਨਾਲ ਯੂਵਾਨ ਸ਼ੈਆ ਨੂੰ ਮਿਲਣ ਤਾਂ ਆਉਂਦੀ ਸੀ, ਪਰ ਯੂਵਾਨ ਸ਼ੈਆ ਮਹਿਸੂਸ ਕਰਦੀ ਸੀ ਕਿ ਇਹ ਉਸਦਾ ਦਿਲ ਰੱਖਣ ਲਈ ਇਵੇਂ ਕਰਦੀ ਹੈ। ਯੂਵਾਨ ਸ਼ੈਆ ਜਦ ਉਹਨਾਂ ਦੋਨਾਂ ਨੂੰ ਇਕੱਠੇ ਤੁਰੇ ਜਾਂਦਿਆਂ ਨੂੰ ਦੇਖਦੀ ਤਾਂ ਉਹ ਮੰਤਰ ਮੁਗਧ ਹੋਈ ਉਹਨਾਂ ਨੂੰ ਉਹਲੇ ਹੋਣ ਤੱਕ ਦੇਖਦੀ ਰਹਿੰਦੀ।

ਯੂਵਾਨ ਸ਼ੈਆ ਦੀ ਮਾਂ ਨੇ ਉਸਨੂੰ ਵਾਰ-ਵਾਰ ਸਮਝਾਇਆ ਕਿ ਉਹ ਆਪਣੀ ਅੜੀ ਛੱਡ ਦੇਵੇ। ਆਪਣੇ ਬਰਾਬਰ ਜਾਂ ਥੋੜ੍ਹੀ-ਬਹੁਤ ਘੱਟ ਲੰਬਾਈ ਵਾਲੇ ਮੁੰਡੇ ਬਾਰੇ ਵੀ ਸਹਿਮਤ ਹੋ ਜਾਵੇ। ਪਰ ਮਾਂ ਦੀ ਇਸ ਸਲਾਹ ਦਾ ਹਮੇਸ਼ਾ ਯੂਵਾਨ ਸ਼ੈਆ ਅਤੇ ਲੀਨੂੰ ਨੇ ਤਿੱਖਾ ਵਿਰੋਧ ਕੀਤਾ। ਇਕ ਵਾਰ ਯੂਵਾਨ ਸ਼ੈਆ ਨੂੰ ਮਾਂ ਨੇ ਕਿਹਾ - "ਤੂੰ ਆਪਣੇ ਪਿਤਾ ਅਲ ਵੇਖ, ਏਹ ਲੰਬਾਈ 'ਚ ਮੇਰੇ ਨਾਲੋਂ ਕਿੰਨਾ ਛੋਟਾ ਐ, ਪਰ ਇਸ ਨਾਲ ਮੈਨੂੰ ਕੀ ਫ਼ਰਕ ਪਿਆ।" ਯੂਵਾਨ ਸ਼ੈਆ ਨੇ ਆਪਣੀ ਮਾਂ ਵੱਲ ਨੂੰ ਘੂਰ ਕੇ ਦੇਖਦਿਆਂ ਉੱਤਰ ਦਿੱਤਾ - "ਤੂੰ ਚਾਹੁੰਦੀ ਐ ਕਿ ਸਾਰੇ ਤੇਰੇ ਵਰਗੇ ਹੋ ਜਾਣ....।" ਫਿਰ ਉਸਨੇ ਸੰਖੇਪ 'ਚ ਮਾਂ ਨੂੰ ਆਪਣੇ ਪਸੰਦ ਦੇ ਪਤੀ ਬਾਰੇ ਦੱਸਿਆ ਕਿ ਉਹ ਲੰਮਾ ਤੇ ਇਮਾਨਦਾਰ ਪਤੀ ਚਾਹੁੰਦੀ ਐ। ਇਸ ਤੋਂ ਘੱਟ ਉਹ ਕਿਸੇ ਨੂੰ ਪ੍ਰਵਾਨ ਨਹੀਂ ਕਰੇਗੀ। ਇਸ ਸ਼ਰਤ ਦਾ ਉਸਦੇ ਪਿਤਾ ਨੂੰ ਪਤਾ ਲੱਗਾ ਤਾਂ ਉਹ ਬਹੁਤ ਗੁੱਸੇ 'ਚ ਬੋਲਿਆ, "ਤੂੰ ਰਾਜਨੀਤਕ ਮਾਪਦੰਡ ਨੂੰ ਪਹਿਲੇ ਨੰਬਰ ਤੇ ਕਿਉਂ ਨਹੀਂ ਰੱਖਦੀ?" ਯੂਵਾਨ ਸ਼ੈਆ ਉਸੇ ਤਰ੍ਹਾਂ ਹੱਠ ਕਰਦੀ ਬੋਲੀ, "ਠੀਕ ਐ, ਪਰ ਇਮਾਨਦਾਰ ਤੇ ਲੰਮਾ ਜ਼ਰੂਰ ਹੋਵੇ......।"

ਯੂਵਾਨ ਸੈਆ, ਨੇੜੇ ਹੀ ਤੀਜੇ ਕਾਰਖਾਨੇ 'ਚ ਕੰਮ ਕਰਦੀ ਸੀ ਤੇ ਹਰ ਰੋਜ਼ ਸਾਈਕਲ 'ਤੇ ਆਉਂਦੀ ਜਾਂਦੀ ਸੀ। ਬਸੰਤ ਰੁੱਤੇ ਇਕ ਦਿਨ ਉਸਦਾ ਲੀਲੂ ਨੂੰ ਮਿਲਣ ਦਾ ਜੀਅ ਕੀਤਾ। ਦੱਖਣੀ ਝੀਲ ਦੇ ਕੰਢਿਆਂ ਦੇ ਨਾਲ-ਨਾਲ ਸੜਕ ਬਣੀ ਹੋਈ ਸੀ। ਸ਼ਾਮ ਵੇਲੇ ਦੇ ਸੂਰਜ ਦੀਆਂ ਤਿਰਛੀਆਂ ਕਿਰਨਾਂ ਝੀਲ ਦੀਆਂ ਲਹਿਰਾਂ ਨੂੰ ਚਮਕਾ ਰਹੀਆਂ ਸਨ ਤੇ ਹਰੇ-ਹਰੇ ਪਹਾੜਾਂ ਦਾ ਪ੍ਰਛਾਵਾਂ ਝੀਲ ਵਿਚੋਂ ਉੱਭਰ ਰਿਹਾ। ਯੂਵਾਨ ਸ਼ੈਆ ਆਰਾਮ ਨਾਲ ਸਾਈਕਲ ਚਲਾਉਂਦੀ ਆਸੇ-ਪਾਸੇ ਦੇਖਦੀ ਜਾ ਰਹੀ ਸੀ। ਕਈ ਮਧਰੇ ਕੱਦ ਵਾਲੇ ਮੁੰਡਿਆਂ ਤੋਂ ਅੱਗੇ ਨਿਕਲ ਕੇ ਉਸਨੂੰ ਬੜੀ ਸੰਤੁਸ਼ਟੀ ਹੋ ਰਹੀ ਸੀ। ਚਾਨਚੱਕ 'ਅਮਰ ਪੰਛੀ-12' ਚਲਾਉਂਦਾ ਇਕ ਮੁੰਡਾ ਉਸ ਤੋਂ ਅੱਗੇ ਨਿਕਲ ਗਿਆ। ਉਸਨੂੰ ਬਹੁਤ ਹੈਰਾਨੀ ਹੋਈ। ਉਸਨੇ ਵੀ ਆਪਣੀ ਸਾਈਕਲ ਤੇਜ਼ ਕਰ ਲਈ ਤੇ ਉਸ ਤੋਂ ਅੱਗੇ ਨਿਕਲ ਗਈ, ਅੱਗੇ ਨਿਕਲ ਕੇ ਉਸਨੇ ਪਿਛਾਂਹ ਨੂੰ ਮੁੜ ਕੇ ਦੇਖਿਆ। ਇਹ ਮੁੰਡਾ ਵੀ ਲੀ ਲੂ ਦੇ ਮਿੱਤਰ



ਮੁੰਡੇ ਵਾਂਗ ਲੰਮੇ ਕੱਦ ਦਾ ਸੀ। ਉਸਨੂੰ ਇਹ ਗੱਲ ਬੜੀ ਰੋਚਕ ਲੱਗੀ। ਥੋੜ੍ਹੇ ਕੁ ਚਿਰ ਪਿਛੋਂ ਉਸ ਨੇ ਫਿਰ ਪਿਛਾਂਹ ਮੁੜ ਕੇ ਦੇਖਿਆ ਕਿ ਕਿਤੇ ਉਹ ਮੁੰਡਾ ਉਸਤੋਂ ਅੱਗੇ ਲੰਘਣ ਦਾ ਯਤਨ ਤਾਂ ਨਹੀਂ ਕਰ ਰਿਹਾ। ਕੰਮ ਤੋਂ ਵਾਪਸ ਘਰ ਜਾਂਦਿਆਂ ਖੋਥਿੰਗ ਵਰਗੇ ਮੁੰਡਿਆਂ ਲਈ ਵੀ ਇਹ ਹੇਠੀ ਵਾਲੀ ਗੱਲ ਸੀ ਕਿ ਕੋਈ ਕੁੜੀ ਉਹਨਾਂ ਤੋਂ ਅੱਗੇ ਲੰਘ ਜਾਵੇ। ਖੋਥਿੰਗ ਇਮਾਨਦਾਰ ਤੇ ਚੰਗੇ ਸੁਭਾ ਵਾਲਾ ਮੁੰਡਾ ਤਾਂ ਸੀ। ਪਰ ਇਮਾਨਦਾਰ ਬੰਦੇ ਵੀ ਕਦੀ-ਕਦੀ ਅਜੀਬ ਹਰਕਤ ਕਰ ਜਾਂਦੇ ਹਨ। ਜਦ ਉਸਨੇ ਮਹਿਸੂਸ ਕੀਤਾ ਕਿ ਇਕ ਲੜਕੀ ਨੇ ਉਸ ਤੋਂ ਅੱਗੇ ਲੰਘ ਕੇ ਉਸਨੂੰ ਚੁਣੌਤੀ ਦਿੱਤੀ ਹੈ ਤਾਂ ਉਸਨੇ ਵੀ ਆਪਣੀ ਸਾਈਕਲ ਤੇਜ਼ ਕਰ ਲਈ ਤੇ ਲੜਕੀ ਤੋਂ ਅੱਗੇ ਨਿਕਲ ਗਿਆ। ਯੂਵਾਨ ਸ਼ੈਆ ਨੂੰ ਉਸਦੀ ਇਹ ਹਰਕਤ ਚੰਗੀ ਨਾ ਲੱਗੀ। ਉਸਨੇ ਪੇਸ਼ਾਵਰ ਸਾਈਕਲ ਚਾਲਕ ਦੀ ਤਰ੍ਹਾਂ ਝੁਕ ਕੇ, ਪੂਰਾ ਤਾਣ ਲਾ ਕੇ ਪੈਡਲ ਮਾਰੇ ਤੇ ਛੇਤੀ ਹੀ ਖੋਥਿੰਗ ਤੋਂ ਅੱਗੇ ਨਿਕਲ ਗਈ। ਅੱਗੇ ਨਿਕਲ ਕੇ ਅਜੇ ਉਸਦੇ ਸਾਹ ਵੀ ਟਿਕਾਏ ਨਹੀਂ ਹੋਣੇ ਕਿ 'ਖੜਾਕ' ਦੀ ਆਵਾਜ਼ ਹੋਈ ਤੇ ਉਸਦੇ ਪੈਡਲ ਹੌਲੀ ਹੋ ਗਏ। ਥੋੜ੍ਹੀ ਕੁ ਦੂਰ ਜਾ ਕੇ ਲੜਕੀ ਦਾ ਸਾਈਕਲ ਆਪਣੇ ਆਪ ਰੁਕ ਗਿਆ। ਉਹ ਸਾਈਕਲ ਤੋਂ ਉੱਤਰ ਗਈ। ਖੋਥਿੰਗ ਉਸਤੋਂ ਅੱਗੇ ਨਿਕਲ ਗਿਆ। ਪਿੱਛੇ ਆਉਂਦੇ ਮੱਧਰੇ ਕੱਦ ਦੇ ਮੁੰਡੇ ਵੀ ਉਸਨੂੰ ਦੇਖਕੇ ਹੱਸਦੇ ਅੱਗੇ ਨਿਕਲ ਗਏ।

ਉਹਨਾਂ ਮੁੰਡਿਆਂ ਨੂੰ ਹੱਸਦਿਆਂ ਸੁਣ ਕੇ ਖੋਥਿੰਗ ਨੇ ਪਿੱਛੇ ਮੁੜ ਕੇ ਦੇਖਿਆ। ਉਹ ਲੜਕੀ ਡੌਰ-ਭੌਰ ਜਿਹੀ ਹੋਈ ਖੜੀ ਸੀ, ਉਸਨੂੰ ਅਫ਼ਸੋਸ ਹੋਇਆ। ਉਸਨੇ ਸਾਈਕਲ ਪਿਛਾਂਹ ਮੋੜੀ, ਉਸ ਲੜਕੀ ਪਾਸ ਪੁੱਜ ਗਿਆ।

"ਕੀ ਹੋਇਆ, ਮੈਂ ਦੇਖਾਂ?" ਉਸਨੇ ਆਪਣੀ ਜੇਬ 'ਚੋਂ ਛੋਟਾ ਜਿਹਾ ਪੇਚਕਸ ਕੱਢਦਿਆਂ ਪੁੱਛਿਆ। ਫਿਰ ਉਹ ਆਪਣੀਆਂ ਚਾਬੀਆਂ ਦੇ ਗੁੱਛੇ 'ਚੋਂ ਇਕ ਚਾਬੀ ਕੱਢ ਕੇ ਯੂਵਾਨ ਸ਼ੈਆ ਦੀ ਹਾਂ ਉਡੀਕੇ ਬਿਨਾਂ 'ਅਮਰ ਪੰਛੀ 17' 'ਚ ਪਈ ਖਰਾਬੀ ਦੀ ਜਾਂਚ ਪੜਤਾਲ ਕਰਨ ਲੱਗ ਪਿਆ।

"ਸਾਈਕਲ ਦੀ ਚੇਨ ਟੁੱਟ ਗਈ ਐ.." ਉਸਨੇ ਦੱਸਿਆ।

ਯੂਵਾਨ ਸ਼ੈਆ ਨੇ ਅਹਿਸਾਨ ਭਰੀਆਂ ਨਜ਼ਰਾਂ ਨਾਲ ਸਾਈਕਲ ਠੀਕ ਕਰਦੇ ਨੌਜਵਾਨ ਵੱਲ ਦੇਖਿਆ। ਆਪ ਉਹ ਕੁਝ ਕਰ ਨਹੀਂ ਸਕਦੀ। ਉਸਨੇ ਲੰਬਾ ਸਾਹ ਭਰਦਿਆਂ ਕਿਹਾ, "ਉਹ... ਕੀ ਮੁਸੀਬਤ ਬਣ ਗਈ ਐ....!"

ਸ਼ਾਮ ਢਲਦੀ ਜਾ ਰਹੀ ਸੀ। ਝੀਲ ਕੰਢੇ ਠੰਡੀ ਹਵਾ ਚੱਲ ਰਹੀ ਸੀ। ਸ਼ਾਮ ਦੇ ਢਲਣ ਨਾਲ ਝੀਲ ਦਾ ਰੰਗ ਬਦਲ ਰਿਹਾ ਸੀ। ਪਹਿਲੇ ਇਹ ਹਰੀ ਤੋਂ ਹਲਕੀ ਨੀਲੀ ਹੋਈ, ਫਿਰ ਕਾਲੀ ਭਾਅ ਮਾਰਨ ਲੱਗ ਪਈ। ਆਕਾਸ਼ ਤੇ ਝੀਲ ਦਾ ਰੰਗ, ਇਕੋ ਵਰਗਾ ਰਹੱਸਮਈ ਹੋ ਗਿਆ ਸੀ। ਯੂਵਾਨ-ਸ਼ੈਆ ਭਾਵੇਂ ਲੰਮੀ ਸੀ, ਪਰ ਸੀ ਤਾਂ ਲੜਕੀ ਹੀ। ਉਹ ਬੇ-ਪਛਾਣ ਮੁੰਡੇ ਲਾਗੇ ਖੜੀ, ਸ਼ਾਮ ਦੇ ਸੰਨਾਟੇ 'ਚ ਆਪਣੀ ਘਬਰਾਹਟ ਰੋਕ ਨਾ ਸਕੀ।

ਹਨ੍ਹੇਰੇ ਦੀ ਚਾਦਰ ਹਟਾਉਂਦਾ ਚੰਦਰਮਾ ਹੌਲੀ-ਹੌਲੀ ਉੱਪਰ ਵੱਲ ਨੂੰ ਵਧਿਆ ਤੇ ਇਸਦਾ ਅਲੋਕਾਰ ਪ੍ਰਛਾਵਾਂ ਆਕਾਸ਼ ਤੋਂ ਝੀਲ ਅੰਦਰ ਦਿੱਸਣ ਲੱਗਾ। ਬਸੰਤ ਰੁੱਤ ਦੀ ਸੁੰਨਸਾਨ ਰਾਤ ਵਿਚ ਚੰਦਰਮਾ ਅਤੇ ਸੜਕ ਕੰਢੇ ਦੀਆਂ ਬੱਤੀਆਂ ਦੀ ਰੋਸ਼ਨੀ ਸੰਯੋਗਵਸ਼ ਮਿਲੇ ਮੁੰਡੇ ਕੁੜੀ ਨੂੰ ਪਰਚਾ ਰਹੀ ਸੀ। ਯੂਵਾਨ ਸ਼ੈਆ ਨੂੰ ਆਪਣੇ ਸਾਈਕਲ ਦੀ ਚਿੰਤਾ ਸੀ ਪਰ ਥੋੜ੍ਹੀ ਡਰੀ ਹੋਈ ਸੀ। ਉਹ ਮੁੰਡੇ ਦੀ ਸ਼ਰਾਫਤ ਤੇ ਭਲਮਾਣਸੀ ਤੋਂ ਪ੍ਰੇਰਿਤ ਸੀ ਅਤੇ ਧੰਨਵਾਦੀ ਸ਼ਬਦਾਂ ਦੀ ਭਾਲ ਕਰ ਰਹੀ ਸੀ। ਚਾਨਚੱਕ ਉਸਦੇ ਮਨ 'ਚ ਆਈ ਕਿ ਉਸਨੂੰ

ਆਪਣੇ ਕੀਤੇ ਦੀ ਸਜ਼ਾ ਆਪ ਨੂੰ ਭੁਗਤਣੀ ਚਾਹੀਦੀ ਐ। ਸਮੱਸਿਆ ਉਸਦੀ ਐ ਤੇ ਉਹ ਪ੍ਰੇਸ਼ਾਨ ਦੂਜਿਆਂ ਨੂੰ ਕਰ ਰਹੀ ਐ। ਜੇ ਇਹ ਵੀ ਛੱਡ ਕੇ ਚਲਾ ਗਿਆ, ਫੇਰ ਉਹ ਕੀ ਕਰੇਗੀ.......?" ਉਹ ਦੁਵਿਧਾ ਅੰਦਰ ਘਿਰ ਗਈ। ਇਕ ਵਾਰ ਮੁੜ ਸੋਚ-ਵਿਚਾਰ ਕਰਨ ਤੋਂ ਪਿਛੋਂ ਉਸਨੇ ਫੈਸਲਾ ਕੀਤਾ ਕਿ ਇਸ ਨੌਜਵਾਨ ਉੱਤੇ ਭਰੋਸਾ ਕਰੇਗੀ। ਉਹ ਨੌਜਵਾਨ ਜੀਅ-ਜਾਨ ਨਾਲ ਸਾਈਕਲ ਠੀਕ ਕਰਨ ਲਈ ਜੁੱਟਿਆ ਹੋਇਆ ਸੀ। ਅਜੇ ਤੱਕ ਉਸਨੇ ਮੁੰਡੇ ਦਾ ਨਾਮ ਵੀ ਨਹੀਂ ਸੀ ਪੁੱਛਿਆ।

ਆਖ਼ਿਰ ਖੋਥਿੰਗ ਨੇ ਕਿਹਾ – "ਦੇਖੋ, ਏਦਾਂ ਕਰਦੇ ਆਂ, ਜੇ ਤੈਨੂੰ ਮੇਰੇ ਤੇ ਵਿਸ਼ਵਾਸ ਐ ਤਾਂ ਮੇਰਾ ਸਾਈਕਲ ਲੈ ਕੇ ਤੂੰ ਘਰ ਚਲੀ ਜਾ, ਤੇਰੇ ਘਰਦੇ ਪ੍ਰੇਸ਼ਾਨ ਹੁੰਦੇ ਹੋਣਗੇ। ਮੈਂ ਤੇਰਾ ਸਾਈਕਲ ਠੀਕ ਕਰਕੇ ਆ ਜਾਵਾਂਗਾ। ਅਜੇ ਇਸ ਨੂੰ ਹੋਰ ਸਮਾਂ ਲੱਗਣਾ। ਕੱਲ੍ਹ ਨੂੰ ਆਪਾਂ ਸਾਈਕਲਾਂ ਬਦਲ ਲਵਾਂਗੇ।" ਉਸਨੇ ਸੋਚ ਲਿਆ ਸੀ ਕਿ ਜੇ ਲੜਕੀ ਦੀ ਸਾਈਕਲ ਏਥੇ ਠੀਕ ਨਾ ਹੋਈ ਤਾਂ ਘਰ ਲੈ ਜਾ ਕੇ ਠੀਕ ਕਰ ਲਵੇਗਾ।

ਯੂਵਾਨ ਸ਼ੈਆ ਨੇ ਗੰਭੀਰ ਹੁੰਦਿਆ ਕਿਹਾ, "ਮੈਂ ਤੈਨੂੰ ਕੱਲੇ ਨੂੰ ਛੱਡ ਕੇ ਜਾਣਾ ਨਹੀਂ ਚਾਹੁੰਦੀ।"

"ਤੈਨੂੰ ਮੇਰੇ ਤੇ ਭਰੋਸਾ ਨਹੀਂ.....? ਤੈਨੂੰ ਲੱਗਦਾ ਕਿ ਮੈਂ ਆਪਣੀ ਪੁਰਾਣੀ ਸਾਈਕਲ ਬਦਲੇ ਤੇਰੀ ਨਵੀਂ ਤੇ ਆਧੁਨਿਕ ਸਾਈਕਲ ਲੈ ਕੇ ਖਿਸਕ ਜਾਵਾਂਗਾ। ਫ਼ਿਕਰ ਨਾ ਕਰ। ਸਾਈਕਲ ਦੇ ਪਿਛਲੇ ਪਾਸੇ ਨੰਬਰ ਪਲੇਟ ਲੱਗੀ ਐ। ਥਾਣੇ ਜਾ ਕੇ ਮੇਰਾ ਪਤਾ-ਟਿਕਾਣਾ ਬੜਾ ਸੌਖਿਆਂ ਲੱਭ ਸਕਦਾ।"

ਯੂਵਾਨ ਸ਼ੈਆ ਨੇ ਸਨੇਹ ਨਾਲ ਕਿਹਾ, "ਨਹੀਂ, ਨਹੀਂ ਮੇਰਾ ਮਤਲਬ ਏਹ ਨਹੀਂ ਐ....।"

"ਫੇਰ ਤੂੰ ਏਥੇ ਕਿਉਂ ਰੁਕਣਾ। ਕੋਈ ਲੋੜ ਨਹੀਂ। ਕੱਲ ਮੈਂ ਸਵੇਰੇ ਸਵੱਖਤੇ ਜਾਗਾਂਗਾ ਤੇ ਤੇਰੀ ਸਾਈਕਲ ਲੈ ਕੇ ਤੇਰੇ ਕਾਰਖਾਨੇ ਦੇ ਗੇਟ ਸਾਹਮਣੇ ਪਹੁੰਚ ਜਾਵਾਂਗਾ। ਤੂੰ ਤੀਜੇ ਨੰਬਰ ਵਾਲੇ ਦਵਾਈਆਂ ਦੇ ਕਾਰਖਾਨੇ 'ਚ ਕੰਮ ਕਰਦੀ ਐ ਜਾਂ ਵਿਚਕਾਰਲੇ ਖੇਤੀ ਕਾਲਜ 'ਚ?"

ਯੂਵਾਨ ਸ਼ੈਆ ਨੇ ਦੱਸਿਆ ਕਿ ਉਹ ਤੀਜੇ ਨੰਬਰ ਵਾਲੇ ਦਵਾਈਆਂ ਦੇ ਕਾਰਖਾਨੇ 'ਚ ਕੰਮ ਕਰਦੀ ਹੈ। ਪਰ.... ਉਹ ਅਜੇ ਵੀ ਆਪਣੇ ਘਰ ਨਹੀਂ ਸੀ ਜਾਣਾ ਚਾਹੁੰਦੀ। ਘਰ ਨਾ ਜਾਣ ਦਾ ਹੋਰ ਕੋਈ ਕਾਰਨ ਨਹੀਂ ਸੀ। ਉਹ ਚਾਹੁੰਦੀ ਸੀ ਕਿ ਜਿੰਨਾ ਚਿਰ ਮੁੰਡਾ ਸਾਈਕਲ ਠੀਕ ਕਰਦਾ ਰਹੇ ਉਹ ਏਥੇ ਰਹੇ। ਖੋਥਿੰਗ ਨੇ ਉਸ ਨੂੰ ਵਾਰ-ਵਾਰ ਘਰ ਚਲੇ ਜਾਣ ਲਈ ਕਿਹਾ। ਆਖ਼ਿਰ ਉਸਨੂੰ ਏਥੇ ਤੱਕ ਕਹਿਣਾ ਪਿਆ ਕਿ ਜੇ ਉਹ ਘਰ ਨਾ ਗਈ ਤਾਂ ਉਹ ਸਾਈਕਲ ਠੀਕ ਨਹੀਂ ਕਰੇਗਾ। ਯੂਵਾਨ ਸ਼ੈਆ ਨੇ ਵੀ ਮਹਿਸੂਸ ਕੀਤਾ ਕਿ ਏਥੇ ਰੁਕੇ ਰਹਿਣ ਦਾ ਕੋਈ ਅਰਥ ਨਹੀਂ। ਉਹ ਖੋਥਿੰਗ ਦੀ ਸਾਈਕਲ ਲੈ ਕੇ ਚਲੀ ਗਈ। ਘਰ ਨੂੰ ਮੁੜਦੇ ਸਮੇਂ ਉਸਦੇ ਦਿਮਾਗ 'ਚ ਅਨੇਕਾਂ ਤਰ੍ਹਾਂ ਦੇ ਵਿਚਾਰ ਘੁੰਮਦੇ ਰਹੇ।

ਅਗਲੀ ਸਵੇਰ ਸਵਖ਼ਤੇ ਹੀ ਖੋਥਿੰਗ ਉਸਦੇ ਕਾਰਖਾਨੇ ਦੇ ਗੇਟ ਤੇ ਪੁੱਜ ਕੇ ਉਸਨੂੰ ਉਡੀਕਣ ਲੱਗਾ। ਸਾਈਕਲਾਂ ਦੀ ਅਦਲਾ-ਬਦਲੀ ਸਾਧਾਰਨ ਢੰਗ ਨਾਲ ਹੋ ਗਈ। ਨਾ ਉਹਨਾਂ ਇਕ ਦੂਜੇ ਨਾਲ ਹੱਥ ਮਿਲਾਇਆ ਨਾ ਕਾਗਜ਼ ਪੱਤਰ ਤੇ ਨਾਂ ਲਿਖ ਕੇ ਇਕ-ਦੂਜੇ ਨੂੰ ਦਿੱਤਾ। ਥੋੜ੍ਹੀ ਕੁ ਬਾਤ-ਚੀਤ ਕਰਕੇ ਸਾਈਕਲਾਂ ਬਦਲ ਲਈਆਂ। ਲੜਕੀ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਪੁੱਛਿਆ, "ਸਾਈਕਲ ਠੀਕ ਹੋ ਗਈ....?" ਮੁੰਡੇ ਨੇ



ਜਵਾਬ ਦਿੱਤਾ – "ਹਾਂ" ਯੂਵਾਨ ਸ਼ੈਆ ਉਸਦਾ ਧੰਨਵਾਦ ਕਰਨਾ ਚਾਹੁੰਦੀ ਸੀ। ਉਹ ਉਸਦਾ ਪਤਾ ਟਿਕਾਣਾ, ਨਾਮ, ਆਦਿ ਪੁੱਛਣ ਹੀ ਲੱਗੀ ਸੀ ਕਿ ਲੜਕਾ ਮੁਸਕਰਾਉਂਦਾ ਹੋਇਆ ਆਪਣੀ ਸਾਈਕਲ ਤੇ ਸਵਾਰ ਹੋ ਕੇ ਤੁਰ ਗਿਆ। ਯੂਵਾਨ ਸ਼ੈਆ ਨੇ ਉਸਨੂੰ ਜਾਂਦੇ ਨੂੰ ਪਿਛੋਂ ਜ਼ੋਰ ਦੀ ਆਵਾਜ਼ ਮਾਰਕੇ ਕਿਹਾ, "ਜੇ ਕਿਧਰੇ ਮੇਰੀ ਸਹਾਇਤਾ ਦੀ ਲੋੜ ਪਵੇ ਤਾਂ ਮੈਨੂੰ ਵਾਟਰ-ਵਰਕਸ ਕਾਲੋਨੀ 'ਚ ਲੱਭ ਲਵੀਂ।"

ਇਹ ਪ੍ਰੇਮ ਕਹਾਣੀ ਸੁਣ ਕੇ ਯੂਵਾਨ ਸ਼ੈਆ ਦੀ ਸਲਾਹਕਾਰ ਲੀਲੂ ਨੇ ਮੇਜ਼ ਤੇ ਮੁੱਕਾ ਮਾਰਕੇ ਹੈਰਾਨੀ ਪ੍ਰਗਟ ਕੀਤੀ ਸੀ। ਉਸਨੂੰ ਲੱਗਾ ਸੀ ਕਿ ਯੂਵਾਨ ਸ਼ੈਆ ਨੇ ਲਾਪ੍ਰਵਾਹੀ ਕੀਤੀ ਹੈ। ਜੇ ਉਸਨੇ ਲੜਕੇ ਦੀ ਸਾਈਕਲ ਦਾ ਨੰਬਰ ਹੀ ਨੋਟ ਕਰ ਲਿਆ ਹੁੰਦਾ ਤਾਂ ਉਸਨੂੰ ਲੱਭਣਾ ਆਸਾਨ ਸੀ। ਉਸ ਨਾਲ ਫਿਰ ਮੁਲਾਕਾਤ ਹੋ ਸਕਦੀ ਸੀ।

ਯੂਵਾਨ ਸ਼ੈਆ ਨੇ ਆਪਣਾ ਬਚਾ ਕਰਦੀ ਨੇ ਕਿਹਾ ਸੀ – "ਜੇ ਤੂੰ ਮੇਰੀ ਥਾਂ ਹੁੰਦੀ ਤਾਂ, ਤੂੰ ਵੀ ਏਦਾਂ ਈ ਕਰਦੀ। ਮੈਂ ਅਜੀਬ ਦੁਬਿਧਾ 'ਚ ਘਿਰੀ ਹੋਈ ਸੀ।" ਏਹ ਕਹਿ ਕੇ ਉਹ ਆਪਣਾ ਜਿਵੇਂ ਬਚਾ ਕਰ ਰਹੀ ਸੀ, ਪਰ ਅੰਦਰੋਂ ਅੰਦਰ ਉਸਨੂੰ ਇਉਂ ਨਾ ਕਰਨ ਦਾ ਅਫ਼ਸੋਸ ਜ਼ਰੂਰ ਸੀ।

### III

ਸਾਰੇ ਵਿਵਹਾਰਕ ਲੋਕੀਂ ਚੀਨੀ ਦੁਨੀਆਂ ਦੇ ਵੱਖ-ਵੱਖ ਢੰਗ ਤਰੀਕਿਆਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹ ਜਾਣਦੇ ਹਨ ਕਿ ਜਿਉਂਦੇ ਰਹਿਣ ਲਈ ਇਕ ਦੂਜੇ 'ਤੇ ਨਿਰਭਰ ਰਹਿਣਾ ਜ਼ਰੂਰੀ ਹੈ। ਇਕ-ਦੂਜੇ ਦੀ ਸਹਾਇਤਾ ਕਰਨੀ ਉਹਨਾਂ ਦੇ ਨਿਤਾ-ਪ੍ਰਤੀ ਜੀਵਨ ਦਾ ਹਿੱਸਾ ਹੈ। ਖੋਥਿੰਗ ਨੇ ਯੂਵਾਨ ਸ਼ੈਆ ਦੀ ਸਾਈਕਲ ਠੀਕ ਕੀਤੀ। ਪਰ ਸਾਈਕਲ ਠੀਕ ਕਰਨ ਤੋਂ ਪਹਿਲਾਂ ਉਸਨੇ ਇਹ ਬਿਲਕੁਲ ਨਹੀਂ ਸੀ ਸੋਚਿਆ ਕਿ ਜਿਸ ਲੜਕੀ ਨੂੰ ਉਹ ਚਾਣਚੱਕ ਮਿਲਿਆ ਸੀ, ਉਸਦੀ ਸਹਾਇਤਾ ਦੀ ਵੀ ਉਸਨੂੰ ਲੋੜ ਪੈ ਸਕਦੀ ਹੈ। ਲੜਕੀ ਦੀ ਸਹਾਇਤਾ ਕਰਦੇ ਸਮੇਂ ਉਸਨੇ ਐਹੋ ਜਿਹੀ ਗੱਲ ਸੋਚੀ ਤੱਕ ਵੀ ਨਹੀਂ ਸੀ। ਇਹ ਤਾਂ ਜਦੋਂ ਪਾਰਟੀ ਸਕੱਤਰ ਵਾਨ ਨੇ ਨਿਊ ਵਾਟਰਵਰਕਸ ਕਾਲੋਨੀ 'ਚ ਪਏ ਬੁਆਇਲਰ ਦੀ ਗੱਲ ਕੀਤੀ ਤਾਂ ਉਸਨੂੰ ਉਸ ਵੇਲੇ ਉਸ ਲੜਕੀ ਦਾ ਧਿਆਨ ਆਇਆ।

ਕਾਰਖਾਨਿਉਂ ਮੁੜਣ ਪਿਛੋਂ ਉਹ ਸਿੱਧਾ ਨਿਊ-ਵਾਟਰਵਰਕਸ ਕਾਲੋਨੀ ਗਿਆ। ਨਿਊ ਵਾਟਰਵਰਕਸ ਕਾਲੋਨੀ ਅੰਦਰ ਤਿੰਨ-ਚਾਰ ਮੰਜ਼ਿਲਾਂ ਵਾਲੀਆਂ ਨਵੀਆਂ ਇਮਾਰਤਾਂ ਵੀ ਸਨ ਤੇ ਕੁਝ ਪੁਰਾਣੇ ਮਕਾਨ ਵੀ ਸਨ। ਜਿਹੜੀ ਕੁੜੀ ਦਾ ਨਾਂ ਵੀ ਉਸਨੂੰ ਨਹੀਂ ਸੀ ਪਤਾ, ਉਹ ਉਸਨੂੰ ਕਿੱਦਾਂ ਲੱਭਦਾ। ਉਹ ਇਹ ਵੀ ਨਹੀਂ ਸੀ ਕਹਿ ਸਕਦਾ ਕਿ ਦੱਖਣੀ ਝੀਲ ਕੰਢੇ ਇਕ ਸ਼ਾਮੀਂ ਜਿਸ ਲੜਕੀ ਦੀ ਸਾਈਕਲ ਖ਼ਰਾਬ ਹੋ ਗਈ ਸੀ, ਉਹ ਉਸਨੂੰ ਲੱਭ ਰਿਹਾ ਹੈ। ਖੋਥਿੰਗ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਕੀ ਕਰੇ। ਉਸਨੂੰ ਲੱਗਾ ਉਸਨੇ ਇਹ ਮੁਸੀਬਤ ਖਾਹ-ਮਖ਼ਾਹ ਹੀ ਸਹੇੜ ਲਈ ਹੈ। ਉਹ ਆਪਣੇ ਕਾਰਖਾਨੇ ਲਈ ਬੁਆਇਲਰ ਉਪਲੱਬਧ ਨਹੀਂ ਕਰਵਾ ਸਕੇਗਾ। ਪਰ ਉਸਨੇ ਹਾਰ ਨਾ ਮੰਨੀ। ਉਸਨੂੰ ਉਮੀਦ ਸੀ ਕਿ ਕਿਸੇ ਨਾ ਕਿਸੇ ਖਿੜਕੀ ਵਿਚੋਂ ਦੀ ਉਸਨੂੰ ਉਸ ਲੜਕੀ ਦਾ ਆਂਡੇ ਦੇ ਆਕਾਰ ਵਰਗਾ ਚਿਹਰਾ ਦਿਸ ਹੀ ਪਵੇਗਾ। ਕਾਲੋਨੀ 'ਚ ਘੁੰਮਦੇ ਨੂੰ ਉਹ ਦਿਨ ਉਸਨੂੰ ਸ਼ਾਮ ਪੈ ਗਈ, ਉਹ ਘਰ ਪਰਤ ਆਇਆ।

ਅਗਲੇ ਦਿਨ ਉਸਨੂੰ ਦੇਖਦਿਆਂ ਸਾਰ ਪਾਰਟੀ ਸਕੱਤਰ ਵਾਨ ਨੇ ਪੁੱਛਿਆ- "ਖੋਥਿੰਗ, ਤੂੰ ਬੁਆਇਲਰ ਦਾ ਪ੍ਰਬੰਧ ਕਰਨ ਬਾਰੇ ਕਿਹਾ ਸੀ, ਉਸਦਾ ਕੀ ਬਣਿਆ?"

"ਮੈਂ ਯਤਨ ਕੀਤਾ, ਪਰ ਸਫਲਤਾ ਨਹੀਂ ਮਿਲੀ" ਉਸਨੇ ਸਿੱਧਾ ਸਿੱਧਾ ਉਤਰ ਦਿੱਤਾ।

"ਤੂੰ ਕਿਸੇ ਨੂੰ ਮਿਲਿਆ ਵੀ...?" ਸਕੱਤਰ ਨੇ ਫਿਰ ਪੁੱਛਿਆ।

"ਨਹੀਂ, ਮੈਂ ਕਿਸੇ ਨੂੰ ਨਹੀਂ ਮਿਲਿਆ।"

ਪਾਰਟੀ ਸਕੱਤਰ ਵਾਨ ਹੋਰ ਬੇਚੈਨੀ ਨਾਲ ਕਿਹਾ - "ਜਾਹ, ਫਿਰ ਯਤਨ ਕਰ। ਪਿਛਲੀ ਵਾਰ ਤੂੰ ਕਿਸੇ ਤੋਂ ਕੁਝ ਨਹੀਂ ਪੁੱਛਿਆ। ਸ਼ਾਇਦ ਤੈਨੂੰ ਪੁੱਛਣਾ, ਗੱਲ ਕਰਨੀ ਨਾ ਆਉਂਦੀ ਹੋਵੇ। ਜੇ ਤੈਨੂੰ ਗੱਲਾਂ-ਬਾਤਾਂ ਕਰਨੀਆਂ ਨਹੀਂ ਆਉਂਦੀਆਂ ਤਾਂ ਸਿਖਾ ਦੇਨੀਂ ਆ।

ਨੌਜਵਾਨ ਤੋਂ ਸੱਚੀ ਗੱਲ ਦੱਸੀ ਨਾ ਗਈ। ਉਹ ਬੱਸ ਏਨਾ ਹੀ ਆਖ ਸਕਿਆ। "ਮੈਂ ਸ਼ਿਫ਼ਟ ਖ਼ਤਮ ਹੋਣ ਪਿਛੋਂ ਜਾਵਾਂਗਾ, ਫਿਰ ਯਤਨ ਕਰਾਂਗਾ।"

'ਯਤਨ' ਸ਼ਬਦ ਸੁਣ ਕੇ ਪਾਰਟੀ ਸਕੱਤਰ ਹੋਰ ਵੀ ਕਾਹਲੀ ਪੈ ਗਈ, ਉਸਨੇ ਕਿਹਾ- "ਮੈਂ ਤੈਥੋਂ ਪੁੱਛਦੀ ਆਂ, ਜੇ ਗੱਲਬਾਤ ਕਰਨੀ ਨਹੀਂ ਆਉਂਦੀ ਤਾਂ ਮੈਂ ਦੱਸ ਦਿੰਨੀ ਆ। ਏਹ ਕੋਈ ਮਜ਼ਾਕ ਨਹੀਂ। ਜੇ ਕੋਈ ਮੁਸ਼ਕਲ ਆਉਂਦੀ ਐ ਜਾਂ ਕੋਈ ਲੈਣ-ਦੇਣ ਕਰਨਾ ਪੈਂਦਾ ਤਾਂ ਵੀ ਦੱਸ। ਠੀਕ ਐ .... ਹੁਣ ਜਾਏਂਗਾ ਤਾਂ ਇਕ ਡੱਬਾ ਵਧੀਆ ਸਿਰਗਟਾਂ ਦਾ ਨਾਲ ਲੈ ਜਾਈਂ।"

"ਨਈਂ ਰਹਿਣ ਦਿਓ, ਉਹ ਸਿਗਰਟ ਨਹੀਂ ਪੀਂਦੀ।"

ਪਾਰਟੀ ਸਕੱਤਰ ਨੂੰ ਕੀ ਪਤਾ ਸੀ ਕਿ ਉਸਦੇ ਦਿਮਾਗ 'ਚ ਕੋਈ ਲੜਕੀ ਘੁੰਮ ਰਹੀ ਹੈ। ਉਹ ਹੱਸ ਪਈ। ਨਾਲ ਹੀ ਉਸਨੂੰ ਕੰਮ ਹੋ ਜਾਣ ਦੇ ਆਸ ਦੀ ਕਿਰਨ ਦਿਖਾਈ ਦਿੱਤੀ।

"ਅੱਛਾ, ਤਾਂ ਤੂੰ ਮੇਰੇ ਵਰਗੀ ਬੁੱਢੀ ਔਰਤ ਤੋਂ ਵੀ ਆਪਣੀ ਗੱਲ ਲਕੋ ਰੱਖੀ ਐ। ਜੇ ਉਹ ਤੇਰੇ ਤੇ ਮੋਹਤ ਹੋ ਗਈ ਐ ਤਾਂ ਦੱਸ ਮੈਂ ਸਹਾਇਤਾ ਕਰਦੀ ਆਂ ਤੇਰੀ। ਠੀਕ ਐ, ਤੂੰ ਪਿਆਰ-ਛਿਆਰ ਕਰਦਿਆਂ ਬੁਆਏਲਰ ਵਾਲੀ ਗੱਲ ਦਾ ਵੀ ਧਿਆਨ ਰੱਖਣਾ। ਸਗੋਂ ਤੂੰ ਉਸਤੋਂ ਸਹਾਇਤਾ ਵੀ ਲੈ ਸਕਦਾ।"

ਖੋਥਿੰਗ ਨੇ ਗੰਭੀਰ ਹੁੰਦਿਆਂ ਕਿਹਾ- "ਪਾਰਟੀ ਸਕੱਤਰ ਵਾਨ, ਤੁਹਾਨੂੰ ਮੇਰੇ ਨਾਲ ਮਜ਼ਾਕ ਨਹੀਂ ਕਰਨਾ ਚਾਹੀਦਾ।"

ਵਾਨ ਨੇ ਝੱਟ ਪੁੱਛ ਲਿਆ- "ਭਲਾ ਕਿਉਂ ਬਈ...?"

ਖੋਥਿੰਗ ਸ਼ਰਮਾਉਂਦਾ-ਸ਼ਰਮਾਉਂਦਾ ਉਥੋਂ ਚਲਾ ਗਿਆ। ਸਾਰਾ ਦਿਨ ਉਹ ਚੁੱਪ-ਚਾਪ ਕੰਮ ਕਰਦਾ ਰਿਹਾ, ਤੇ ਛੁੱਟੀ ਹੋਣ ਤੋਂ ਅੱਧਾ ਘੰਟਾ ਪਹਿਲੇ ਉਹ ਦਵਾਈਆਂ ਦੇ ਕਾਰਖਾਨੇ ਦੇ ਗੇਟ ਅੱਗੇ ਜਾ ਖੜਾ ਹੋਇਆ।

ਛੁੱਟੀ ਦਾ ਸਾਇਰਨ ਵੱਜਦਿਆਂ ਸਾਰ, ਲਾ-ਪ੍ਰਵਾਹ ਨੌਜਵਾਨ ਮਜ਼ਦੂਰਾਂ ਦੀ ਇਕ ਟੋਲੀ ਰੌਲਾ ਪਾਉਂਦੀ ਬੱਸ ਸਟੈਂਡ ਵੱਲ ਨੂੰ ਦੌੜ ਗਈ। ਉਹਨਾਂ ਤੋਂ ਪਿਛੋਂ ਸਾਈਕਲ ਸਵਾਰ ਨਿਕਲੇ ਤੇ ਚਲੇ ਗਏ। ਖੋਥਿੰਗ ਨੂੰ ਕਿਉਂਕਿ ਇਕ ਵਿਸ਼ੇਸ਼ ਕੰਮ ਸੀ। ਇਸ ਲਈ ਉਹ ਇਸਤਰੀ ਮਜ਼ਦੂਰਾਂ ਵੱਲ ਦੇਖ ਰਿਹਾ ਸੀ। ਉਸਨੇ ਕਈ ਸਾਰੀਆਂ ਇਸਤਰੀਆਂ ਤੇ ਨਜ਼ਰ ਮਾਰੀ, ਪਰ ਉਸਨੂੰ ਉਹ ਨਾ ਦਿਸੀ। ਉਸਨੇ ਸੋਚਿਆ ਕੰਮ ਸਮਾਪਤ ਹੋਣ ਪਿਛੋਂ, ਉਹ ਸ਼ਾਇਦ ਕੱਪੜੇ ਬਦਲਣ ਲੱਗ ਪਈ ਹੋਵੇ। ਫਿਰ ਚਾਨਚੱਕ ਉਹ ਉਸਨੂੰ ਦਿਸ ਪਈ, ਉਸਨੇ ਫੈਸ਼ਨਏਬਲ ਤਾਂ ਨਹੀਂ, ਪਰ ਸੁੰਦਰ ਕੱਪੜੇ ਪਾਏ ਹੋਏ ਸਨ। ਆਪਣੀ 'ਆਰਾਮ ਪੰਛੀ 17' ਸਾਈਕਲ ਫੜੀ ਉਹ ਆਪਣੀਆਂ ਸਹੇਲੀਆਂ ਨਾਲ ਹਾਸਾ-ਮਜ਼ਾਕ ਕਰਦੀ ਤੁਰੀ ਆਉਂਦੀ ਸੀ, ਉਸਦੇ ਨਾਲ ਤੁਰ ਰਹੀਆਂ ਸਾਰੀਆਂ ਲੜਕੀਆਂ ਮੱਧਰੇ ਕੱਦ ਵਾਲੀਆਂ ਹਨ। ਹਾਂ,



ਇਹ ਉਹੀ ਸੀ, ਲੰਮੀ-ਪਤਲੀ, ਆਂਡੇ ਦੇ ਆਕਾਰ ਵਰਗੇ ਚਿਹਰੇ ਵਾਲੀ ਸੋਹਣੀ ਕੁੜੀ। ਜਦ ਉਹ ਗੇਟ ਲਾਗੇ ਪੁੱਜੀ ਤਾਂ ਖੋਥਿੰਗ ਪਹਿਲਾਂ ਥੋੜਾ ਝਿਜਕਿਆ। ਫਿਰ ਹੌਂਸਲਾ ਕਰਕੇ ਉਹ ਉਸਨੂੰ ਵਾਜ ਮਾਰਨ ਲੱਗਾ ਹੀ ਸੀ ਕਿ ਉਹ ਆਪਣੇ ਸਾਈਕਲ ਤੇ ਚੜ੍ਹ ਕੇ ਜਾਣ ਲਈ ਤਿਆਰ ਹੋ ਗਈ। ਇਸ ਮੌਕੇ ਤੇ ਖੋਥਿੰਗ ਨੇ ਝੱਟ ਦਲੇਰੀ ਕੀਤੀ ਤੇ ਉਸਨੂੰ ਆਵਾਜ਼ ਮਾਰੀ - 'ਓ ਕਾਮਰੇਡ?"

ਹੋਰਨਾਂ ਕੁੜੀਆਂ ਨੇ ਇਸ ਬੇ-ਪਛਾਣ ਮੁੰਡੇ ਨੂੰ ਦੇਖਿਆ ਤੇ ਮੁਸਕਰਾ ਪਈਆਂ। ਉਹਨਾਂ ਨੂੰ ਪਤਾ ਨਹੀਂ ਸੀ ਲੱਗਦਾ ਕਿ ਕਿਸ ਨੂੰ 'ਵਾਜ਼ ਪਈ ਐ।

ਯੂਵਾਨ ਸ਼ੋਆ ਚੌਕੰਨੀ ਹੋਈ, ਪਰ ਉਸਨੇ ਝੱਟ ਉਸਨੂੰ ਪਛਾਣ ਲਿਆ। ਇਸ ਮੁੰਡੇ ਬਾਰੇ ਤਾਂ ਉਹ ਦਿਨ-ਰਾਤ ਸੋਚਦੀ ਰਹਿੰਦੀ ਸੀ। ਉਹ ਤਾਂ ਸਗੋਂ ਉਸਦਾ ਧੰਨਵਾਦ ਕਰਨਾ ਚਾਹੁੰਦੀ ਸੀ- "ਅੱਛਾ, ਤਾਂ ਤੂੰ ਐਂ.....।" ਖੁਸ਼ੀ ਤੇ ਹੈਰਾਨੀ ਨਾਲ ਉਸਦਾ ਚਿਹਰਾ ਲਾਲ ਹੋ ਗਿਆ ਸੀ।

ਉਸਦੀਆਂ ਸਾਰੀਆਂ ਸਹੇਲੀਆਂ ਆਪਣੇ-ਆਪਣੇ ਸਾਈਕਲਾਂ ਤੋਂ ਉੱਤਰ ਗਈਆਂ। ਇਸ ਲੰਮੀ ਜੋੜੀ ਨੂੰ ਦੇਖ ਕੇ ਸਭ ਨੇ ਇਕੋ-ਇਕ ਸੋਚ ਸੋਚੀ। ਇਕ ਕੁੜੀ ਨੇ ਤਾਂ ਯੂਵਾਨ ਸ਼ੋਆ ਨੂੰ ਖਿਝਾਉਣ ਤੇ ਇਰਾਦੇ ਨਾਲ ਪੁੱਛ ਹੀ ਲਿਆ - "ਓ ਕਾਮਰੇਡ, ਕੀ ਅਸੀਂ ਹੁਣ ਤੈਨੂੰ ਉਡੀਕੀਏ ਕਿ ਜਾਈਏ?"

ਸੱਚਮੁੱਚ ਯੂਵਾਨ ਨਹੀਂ ਚਾਹੁੰਦੀ ਸੀ ਕਿ ਉਹ ਰੁਕੀਆਂ ਰਹਿਣ। ਤਾਂ ਵੀ ਉਸਨੇ ਕਿਹਾ- "ਜਿੱਦਾਂ ਤੁਹਾਡੀ ਮਰਜ਼ੀ।"

ਦੂਜੀਆਂ 'ਚੋਂ ਕਈਆਂ ਨੇ ਤਾਹਨਾ ਮਾਰਿਆ- "ਕੁੜੇ, ਸਿੱਧਾ ਕਿਉਂ ਨਹੀਂ ਕਹਿੰਦੀ ਚਲੀਆਂ ਜਾਓ।" ਇਹ ਕਹਿ ਕੇ ਉਹ ਸ਼ਹਿਦ ਦੀਆਂ ਮੱਖੀਆਂ ਦੀ ਰੁਬਲੀ ਵਾਂਗ ਉਥੋਂ ਉੱਡ ਗਈਆਂ।

ਖੋਥਿੰਗ ਨੇ ਝੁਕਦੇ-ਝੁਕਦੇ ਨੇ ਕਿਹਾ- "ਮੈਂ ਇਕ ਖਾਸ ਕੰਮ ਤੈਨੂੰ ਮਿਲਣ ਆਇਆ।"

ਐਹੋ ਜਿਹੀ ਸਥਿਤੀ 'ਚ ਐਹੋ ਜਿਹੀ ਗੱਲ ਦਾ ਕੋਈ ਅਰਥ ਨਹੀਂ ਹੁੰਦਾ। ਫਿਰ ਵੀ ਮੁੰਡੇ ਨੂੰ ਝਿਜਕਦਾ ਦੇਖ ਕੇ ਯੂਵਾਨ ਸ਼ੋਆ ਨੇ ਕਿਹਾ- "ਇਹਦੀ ਚਿੰਤਾ ਨਾ ਕਰ, ਆ ਐਸ ਰਾਹੇ ਚਲਦੇ ਆ।"

ਉਹ ਸਾਈਕਲਾਂ ਤੇ ਚੜ੍ਹੇ ਵੱਖਰੇ ਰਾਹ ਵੱਲ ਦੀ ਨਿਕਲ ਪਏ। ਉਹ ਆਪੋ ਵਿਚ ਦੀ ਗੱਲਾਂ ਕਰਦੇ ਜਾ ਰਹੇ ਸਨ।

"ਮੈਂ ਤੈਨੂੰ ਲੱਭਣ ਲਈ ਨਿਊ ਵਾਟਰਵਰਕਸ ਕਾਲੋਨੀ ਗਿਆ ਸੀ।"

"ਕਦੋਂ?"

"ਕਲ੍ਹ ਛੁੱਟੀ ਹੋਣ ਪਿੱਛੋਂ।"

"ਕਲ੍ਹ ਸ਼ਾਮੀਂ ਮੈਂ ਘਰੇ ਈ ਸੀ।"

"ਉਸ ਵੱਡੀ ਕਾਲੋਨੀ 'ਚ ਕਈ ਇਮਾਰਤਾਂ ਆਂ। ਮੈਂ .....।"

"ਦੂਜੀ ਇਮਾਰਤ ਦਾ ਦੂਜਾ ਗੇਟ ਲੰਘ ਕੇ ਦੂਜੀ ਮੰਜ਼ਲ ਤੇ ਮੇਰਾ ਫਲੈਟ ਐ। ਇਹ ਚੇਤੇ ਰੱਖਣਾ ਬੜਾ ਸੌਖਾ। ਉਥੇ ਮੇਰਾ ਨਾਂ ਪੁੱਛ ਲਓ, ਕਾਲੋਨੀ ਵਾਲੇ ਦੱਸ ਦੇਣਗੇ। ਸਾਰੇ ਮੈਨੂੰ ਜਾਣਦੇ ਆ।"

ਇਸ ਵਾਰ ਯੂਵਾਨ ਸ਼ੋਆ ਦਾ ਜਵਾਬ ਬੜਾ ਸਾਕਾਰਆਤਮਕ ਸੀ।

"ਤੇਰੇ ਮਾਤਾ-ਪਿਤਾ ਵਾਟਰ ਵਰਕਸ ਦੇ ਪੁਰਾਣੇ ਮਜ਼ਦੂਰ ਆ...?"

"ਹਾਂ, ਪਿਤਾ ਜੀ ਨੂੰ ਪੁਰਾਣਾ ਮਜ਼ਦੂਰ ਕਿਹਾ ਜਾ ਸਕਦਾ ਐ। ਮਾਂ ਪਹਿਲਾਂ ਇਕ ਛੋਟੇ ਕਾਰਖਾਨੇ 'ਚ ਕੰਮ ਕਰਦੀ ਸੀ, ਫੇਰ ਉਹ ਵੀ ਵਾਟਰ ਵਰਕਸ ਵਿਚ ਆ ਗਈ।"

"ਛੋਟੇ ਕਾਰਖਾਨੇ" ਦਾ ਉਲੇਖ ਸੁਣ ਕੇ ਖੋਥਿੰਗ ਨੂੰ ਏਦਾਂ ਲੱਗਾ, ਜਿੱਦਾਂ ਕਿਸੇ ਨੇ ਉਸਦੀ ਕਮਜ਼ੋਰ ਨਬਜ਼ ਦੀ ਉਂਗਲੀ ਰੱਖ ਦਿੱਤੀ ਹੋਵੇ। ਜੇ ਉਹ "ਛੋਟੇ ਕਾਰੋਬਾਰ ਵਾਲੇ ਕਾਰਖਾਨੇ" 'ਚ ਨਾ ਹੁੰਦਾ ਤਾਂ ਉਸਨੂੰ ਸਹਾਇਤਾ ਮੰਗਣ ਆਉਣਾ ਹੀ ਨਹੀਂ ਸੀ ਪੈਣਾ। ਉਸਨੇ ਥੋੜ੍ਹੀ ਕੁ ਪ੍ਰੇਸ਼ਾਨੀ ਮਹਿਸੂਸ ਕੀਤੀ। ਫਿਰ ਝਿਜਕਦੇ ਨੇ ਕਿਹਾ- "ਤਾਂ ਤੇਰੇ ਮਾਤਾ-ਪਿਤਾ ਜੀ ਪੁਰਾਣੇ ਮਜ਼ਦੂਰਾਂ 'ਚੋਂ ਆ। ਉਹਨਾਂ ਦਾ ਅਹੁਦਾ ਕੀ ਆ? ਕਿਹੜੇ ਕੰਮ ਦੇ ਮਾਹਿਰ ਨੇ?"

"ਉਹ ਸਾਰਾ ਕੁਝ ਹੈਗੇ, ਓਦਾਂ ਕੁਝ ਵੀ ਨਹੀਂ ਹੈਗੇ" ਯੂਵਾਨ ਸ਼ੈਆ ਨੇ ਸ਼ਰਾਰਤ ਨਾਲ ਕਿਹਾ।

"ਇਹਦਾ ਮਤਲਬ ਉਹ ਮਜ਼ਦੂਰ ਨਹੀਂ ਅਧਿਕਾਰੀ ਐ?" ਖੋਥਿੰਗ ਨੇ ਪੁੱਛਿਆ।

ਖੋਥਿੰਗ ਦੇ ਇਹ ਸਵਾਲ ਪੁੱਛਣ 'ਤੇ ਯੂਵਾਨ ਸ਼ੈਆ ਥੋੜ੍ਹਾ ਕੁ ਨਾਰਾਜ਼ ਹੋ ਗਈ। ਉਸਨੇ ਗੁੱਸਾ ਕਰਦੀ ਨੇ ਕਿਹਾ- "ਮੇਰੇ ਪਿਤਾ ਜੀ ਮਜ਼ਦੂਰ ਹੋਣ ਜਾਂ ਅਧਿਕਾਰੀ ਤੈਨੂੰ ਇਹਦੇ ਨਾਲ ਕੀ ਮਤਲਬ....?"

ਲੜਕੀ ਨੇ ਇਉਂ ਅਚਾਨਕ ਕਹਿ ਦਿੱਤਾ ਸੀ ਤਾਂ ਵੀ ਖੋਥਿੰਗ ਨੇ ਇਮਾਨਦਾਰੀ ਨਾਲ ਸਿੱਧੀ-ਸਾਧੀ ਟਿੱਪਣੀ ਕੀਤੀ, "ਮੇਰਾ ਅੰਦਾਜ਼ਾ ਹੀ ਸੀ ਕਿ ਤੂੰ ਅਧਿਕਾਰੀ ਪਰਿਵਾਰ ਨਾਲ ਸੰਬੰਧ ਰੱਖਦੀ ਐਂ ਤੇ ਤੇਰੇ ਪਿਤਾ ਜੀ ਕਿਸੇ ਉੱਚੇ ਅਹੁੱਦੇ 'ਤੇ ਲੱਗੇ ਹੋਏ ਹਨ। ਮੇਰਾ ਏਹ ਮਤਲਬ ਨਹੀਂ ਕਿ ਪੁਰਾਣੇ ਮਜ਼ਦੂਰ ......।"

ਇਹ ਸੁਣ ਕੇ ਯੂਵਾਨ ਸ਼ੈਆ ਦੀ ਉਸ ਪ੍ਰਤੀ ਰੁਚੀ ਖਤਮ ਹੋ ਗਈ। ਉਸਨੇ ਸੋਚਿਆ ਕਿ ਇਹ ਵੀ ਹੋਰਨਾਂ ਵਰਗਾ ਹੀ ਹੈ। ਉਸਨੇ ਆਪਣੀ ਧੌਣ ਝੁਕਾ ਕੇ ਤੇਜ਼-ਤੇਜ਼ ਪੈਡਲ ਮਾਰਨੇ ਸ਼ੁਰੂ ਕਰ ਦਿੱਤੇ। ਥੋੜ੍ਹੇ ਕੁ ਪਲਾਂ 'ਚ ਹੀ ਉਹ ਖੋਥਿੰਗ ਤੋਂ ਅੱਗੇ ਨਿਕਲ ਗਈ। ਖੋਥਿੰਗ ਸਾਈਕਲ ਤੇਜ਼ ਕਰਕੇ ਉਸਦੇ ਨਾਲ ਰਲ ਕੇ ਉਸਨੂੰ ਕੁਝ ਕਹਿਣ ਲੱਗਾ ਤਾਂ ਉਸਨੇ ਅੱਗੋਂ ਇਵੇਂ ਹੱਥ ਹਿਲਾਇਆ ਜਿਵੇਂ ਕਹਿ ਰਹੀ ਹੋਵੇ- ਫਿਰ ਮਿਲਾਂਗੇ ਜਾਂ ਕਦੀ ਵੀ ਨਹੀਂ ਮਿਲਾਂਗੇ।

ਉਹ ਸਾਈਕਲ ਤੇਜ਼ ਕਰਕੇ ਅੱਗੇ ਨਿਕਲ ਗਈ, ਉਹ ਉਦਾਸ ਤੇ ਪ੍ਰੇਸ਼ਾਨ ਦਿਸ ਰਹੀ ਸੀ। ਉਹ ਸੋਚ ਰਹੀ ਸੀ, "ਮੈਂ ਤਾਂ ਐਵੇਂ ਅੰਨ੍ਹੀ ਹੋਈ ਰਹੀ। ਉਹ ਮੈਨੂੰ ਬਸੰਤ ਰੁੱਤ ਮਿਲਿਆ.... ਮੈਂ ਲੀ ਲੂ ਦੀਆਂ ਝਿੜਕਾਂ ਵੀ ਖਾਧੀਆਂ....।" ਉਹ ਮੁੰਡਾ ਉਸਦੇ ਦਿਲ 'ਚ ਘਰ ਕਰੀ ਬੈਠਾ ਸੀ। ਕੰਮ ਤੋਂ ਵਾਪਸ ਮੁੜਦਿਆਂ ਜਦ ਉਹ ਆਪਣੀਆਂ ਸਹੇਲੀਆਂ ਤੋਂ ਵੱਖ ਹੁੰਦੀ ਤਾਂ ਉਹ ਝੀਲ ਕੰਢਲੇ ਯਾਦਗਾਰੀ ਸਥਾਨ 'ਤੇ ਜ਼ਰੂਰ ਜਾਂਦੀ, ਜਿੱਥੇ ਉਸਦਾ ਸਾਈਕਲ ਖ਼ਰਾਬ ਹੋਇਆ ਸੀ। ਉਸਨੂੰ ਉਮੀਦ ਸੀ ਕਿ ਉਹ ਮੁੰਡਾ ਉਸ ਪਾਸਿਉਂ ਲੰਘਦਾ ਉਸਨੂੰ ਜ਼ਰੂਰ ਮਿਲੇਗਾ। ਉਹ ਉਸਨੂੰ ਝੱਟ ਪਛਾਣ ਲਵੇਗੀ। ਫੇਰ..... ਉਹ ਉਸਨੂੰ ਕਹੇਗੀ, 'ਦੇਖ ਮੇਰੀ ਨਿਗ੍ਹਾ ਕਿੰਨੀ ਤੇਜ਼ ਹੈ, ਪਛਾਣ ਲਿਆ ਨਾ।' ਪਰ ਇਵੇਂ ਹੋਇਆ ਨਾ। ਪਹਿਲੀ ਮੁਲਾਕਾਤ ਨੂੰ ਉਹ ਜਦ ਵੀ ਯਾਦ ਕਰਦੀ ਉਸਦੀ ਪ੍ਰੇਮ ਅਗਨੀ ਹੋਰ ਵੀ ਪ੍ਰਚੰਡ ਹੋ ਜਾਂਦੀ। ਉਸਨੂੰ ਇਵੇਂ ਲੱਗਦਾ ਕਿ ਉਸਦੇ ਆਸ-ਪਾਸ ਦੇ ਸਾਰੇ ਲੋਕਾਂ ਨੂੰ ਉਸਦੀ ਅੰਦਰਲੀ ਲਾਲਸਾ ਦਾ ਪਤਾ ਲੱਗ ਗਿਆ ਹੈ। ਤਾਂ ਵੀ ਉਹ ਆਪਣੇ ਆਪ ਸਾਹਮਣੇ ਸੱਚੀ ਹੋਣ ਲਈ ਆਖਦੀ - 'ਮੈਂ ਤਾਂ ਉਸ ਲੜਕੇ ਦਾ ਧੰਨਵਾਦ ਕਰਨ ਲਈ ਉਸਨੂੰ



ਮਿਲਣਾ ਚਾਹੁੰਦੀ ਆ। ਪਰ....' ਅੱਜ ਦੀ ਮਿਲਣੀ ਨੇ ਉਸਦੀ ਅੰਦਰਲੀ ਪ੍ਰਸੰਨਤਾ ਨੂੰ ਧੋਖਾ ਦਿੱਤਾ ਸੀ। ਉਸਨੂੰ ਲੱਗਾ ਕਿ ਝੀਲ ਕੰਢਲੀ ਯਾਦਗਾਰੀ ਥਾਂ ਵੱਲ ਗੇੜੇ ਮਾਰਨ ਦੇ ਉਸਦੇ ਬਹਾਨੇ ਸਾਰੇ ਬੇਕਾਰ ਸਿੱਧ ਹੋਏ ਹਨ।

ਯੂਵਾਨ ਸ਼ੈਆ ਤੇਜ਼-ਤੇਜ਼ ਸਾਈਕਲ ਚਲਾ ਰਹੀ ਸੀ। ਥੋੜ੍ਹੇ ਕੁ ਚਿਰ ਪਿੱਛੋਂ ਉਸਨੂੰ ਉਹੀ ਯਾਦਗਾਰੀ ਥਾਂ ਦਿਸ ਪਈ। ਉਸੇ ਵੇਲੇ ਉਸ ਅੰਦਰੋਂ ਇਕ ਕਸਕ ਉੱਠੀ- "ਜਦ ਤੂੰ ਮੇਰੀ ਸਾਈਕਲ ਠੀਕ ਕਰ ਰਿਹਾ ਸੀ, ਉਸ ਵੇਲੇ ਕਿੰਨਾ ਸਿੱਧਾ-ਸਾਧਾ ਲੱਗ ਰਿਹਾ ਸੀ। ਪਰ..... ਪਰ ਅੱਜ ਤੂੰ ਕਿੰਨਾ ਬਦਸੂਰਤ ਲੱਗ ਰਿਹਾ.... ਕੀ ਮੈਂ ਸੱਚਮੁੱਚ ਅੰਨ੍ਹੀ ਹੋਈ ਰਹੀਂ.....?"

ਪਿੱਛੇ-ਪਿੱਛੇ ਆ ਰਿਹਾ ਖੋਥਿੰਗ ਇਸ ਗੱਲੇ ਪ੍ਰੇਸ਼ਾਨ ਸੀ ਕਿ ਉਸਦੀ ਕਿਹੜੀ ਗੱਲ ਨੇ ਲੜਕੀ ਨੂੰ ਨਾਰਾਜ਼ ਕਰ ਦਿੱਤਾ ਐ? ਕੀ ਉਸਤੋਂ ਕੋਈ ਉਲਟੀ ਸਿੱਧੀ ਗੱਲ ਆਖੀ ਗਈ ਐ? ਫਿਰ ਵੀ ਉਹ ਬੁਆਇਲਰ ਖ਼ਾਤਰ, ਏਦਾਂ ਵੀ ਕਿਹਾ ਜਾ ਸਕਦਾ- ਇਨਕਲਾਬ ਖਾਤਰ, ਪ੍ਰੇਮ ਖਾਤਰ ਨਹੀਂ, ਉਹ ਏਨੀ ਛੇਤੀ ਹਾਰ ਮੰਨਣ ਵਾਲਾ ਨਹੀਂ ਸੀ। ਉਸਨੇ ਵੀ ਸਾਈਕਲ ਤੇਜ਼ ਕਰ ਲਈ। ਕੁੜੀ ਲਾਗੇ ਪੁੱਜ ਕੇ ਉਸਨੇ ਕਿਹਾ- "ਇਕ ਮਿੰਟ ਰੁਕ ਮੈਂ ਤੇਰੇ ਨਾਲ ਇਕ ਜ਼ਰੂਰੀ ਗੱਲ ਕਰਨੀ ਐ।"

ਰੱਬ ਨੂੰ ਖੁਸ਼ ਕਰਨ ਵਾਂਗ ਕਿਸੇ ਕੁੜੀ ਨੂੰ ਖੁਸ਼ ਕਰਨਾ ਸੌਖਾ ਕੰਮ ਨਹੀਂ। ਪਰ, ਖੋਥਿੰਗ ਦੀ ਆਵਾਜ਼ ਅੰਦਰਲੀ, ਵਿਆਕੁਲਤਾ ਵਿਚ ਝਲਕਦੀ ਇਮਾਨਦਾਰੀ, ਜਾਂ ਪਹਿਲੀ ਮੁਲਾਕਾਤ ਸਮੇਂ ਆਪਣੇ ਅੰਦਰ ਉਤਪੰਨ ਹੋਈਆਂ, ਮਧੁਰ ਇੱਛਾਵਾਂ ਦੀ ਯਾਦ ਕਾਰਨ, ਜਾਂ ਫਿਰ ਆਪਣੀ ਵਲੋਂ ਧੰਨਵਾਦ ਪ੍ਰਗਟ ਖਾਤਰ, ਉਹ ਯਾਦਗਾਰੀ ਮਿਲਣ ਥਾਂ 'ਤੇ ਪੁੱਜ ਕੇ ਆਪਣੀ ਸਾਈਕਲ ਤੋਂ ਉੱਤਰ ਗਈ, ਖੋਥਿੰਗ ਨੇ ਵੀ ਆਪਣੀ ਸਾਈਕਲ ਰੋਕੀ।

ਲੜਕੀ ਨੂੰ ਨਾਰਾਜ਼ ਹੋਇਆ ਦੇਖ ਕੇ ਖੋਥਿੰਗ ਨੇ ਪਹਿਲੀ ਗੱਲ ਛੱਡ ਕੇ ਸਿੱਧੀ ਬੁਆਇਲਰ ਸੰਬੰਧੀ ਗੱਲ ਤੋਰੀ।

ਉਸਦੀ ਗੱਲ ਸੁਣ ਕੇ ਯੂਵਾਨ ਸ਼ੈਆ ਦੇ ਦਿਲ ਦਾ ਬੋਝ ਉੱਤਰ ਗਿਆ। ਉਸਨੂੰ ਹਾਸਾ ਆਇਆ, ਇਸ ਲਈ ਕਿ ਇਸ ਸਿੱਧੇ-ਸਾਧੇ ਮੁੰਡੇ ਇਹ ਵੀ ਨਹੀਂ ਪਤਾ ਕਿ ਉਹ ਉਪ ਪ੍ਰਬੰਧਕ ਦੀ ਧੀ ਹੈ। ਇਸ ਲਈ ਉਸਨੇ ਬੜੇ ਮੋਹ ਨਾਲ ਕਿਹਾ- "ਚਿੰਤਾ ਨਾ ਕਰ, ਇਹ ਕੰਮ ਮੇਰੇ ਉੱਪਰ ਛੱਡ ਦੇ।"

"ਤੇਰੇ ਉੱਪਰ ਛੱਡ ਦਿਆਂ.......? ਕੀ ਤੈਨੂੰ ਪੱਕਾ ਯਕੀਨ ਐ? ਮੈਂ ਸੁਣਿਆ ਕਿ ਉੱਪ ਪ੍ਰਬੰਧਕ ਨੂੰ ਮਿਲਣਾ ਬੜਾ ਔਖਾ। ਕੀ ਤੇਰੇ ਪਿਤਾ ਉਸਨੂੰ ਚੰਗੀ ਤਰ੍ਹਾਂ ਜਾਣਦੇ ਆ.....?"

ਖੋਥਿੰਗ ਦਾ ਪ੍ਰਸ਼ਨ ਸੁਣ ਕੇ ਉਸਨੂੰ ਹਾਸਾ ਵੀ ਆਇਆ ਤੇ ਗੁੱਸਾ ਵੀ। ਉਸਨੇ ਉੱਤਰ ਦਿੱਤਾ- "ਮੈਂ ਤੈਨੂੰ ਕਿਹਾ ਜੁ ਆ, ਮੇਰੇ 'ਤੇ ਛੱਡ ਦੇ, ਹੋਰ ਦੱਸ ਕੀ ਚਾਹੁੰਦਾ?"

ਖੋਥਿੰਗ ਨੇ ਫਿਰ ਕਿਹਾ- "ਠੀਕ ਐ, ਜੇ ਗੱਲ ਬਣ ਜਾਂਦੀ ਆ, ਤਾਂ ਮੈਂ ਕਾਰਖਾਨੇ ਤੋਂ ਪਛਾਣ-ਪੱਤਰ ਲਿਖਵਾ ਕੇ ਲੈ ਆਊਂਗਾ।"

"ਠੀਕ ਆ, ਠੀਕ ਆ... ਹੁਣ ਹੋਰ ਕੋਈ ਗੱਲ ਕਰ।" ਯੂਵਾਨ ਸ਼ੈਆ ਨੇ ਉਸਨੂੰ ਬੁਆਇਲਰ ਬਾਰੇ ਅੱਗੇ ਗੱਲ ਕਰਨੋਂ ਰੋਕ ਦਿੱਤਾ। ਉਸਨੂੰ ਲੱਗਾ ਇਸ ਗੱਲ ਨਾਲ ਐਨਾ ਵਧੀਆ ਸਮਾਂ ਐਵੇਂ ਬਰਬਾਦ ਹੋਵੇਗਾ।

## IV

ਨਿਊ-ਵਾਟਰ ਵਰਕਸ ਕਾਲੋਨੀ ਅੰਦਰ ਵੜਦਿਆਂ ਸਾਰ ਖੋਥਿੰਗ ਨੇ ਇਕ ਖੂੰਜੇ ਪਿਆ

ਬੁਆਇਲਰ ਦੇਖਿਆ। ਉਸਦੇ ਆਪਣੀ ਜੇਬ ਵਿਚ ਸਟੀਲ ਦਾ ਫੀਤਾ ਕੱਢਿਆ ਤੇ ਇਸ ਨੂੰ ਮਿਣਿਆ। ਯੂਵਾਨ ਸ਼ੈਆ ਤੋਂ ਫਿਰ ਨਾ ਰਿਹਾ ਗਿਆ। ਉਸਨੇ ਆਖ ਦਿੱਤਾ - "ਜੇ ਬੁਆਇਲਰ ਤੁਹਾਡੀ ਲੋੜ ਅਨੁਸਾਰ ਠੀਕ ਵੀ ਐ, ਤਾਂ ਕੀ ਪਤਾ ਕਿ ਉਹ ਤੁਹਾਨੂੰ ਦਿੰਦੇ ਵੀ ਆ ਕਿ ਨਹੀਂ?" ਖੋਥਿੰਗ ਨੇ ਛਿੱਥਾ ਜਿਹਾ ਪੈਂਦਿਆਂ ਸਟੀਲ ਫੀਤਾ ਮੁੜ ਜੇਬ ਵਿਚ ਪਾ ਲਿਆ ਤੇ ਯੂਵਾਨ ਸ਼ੈਆ ਦੇ ਪਿੱਛੇ-ਪਿੱਛੇ ਇਕ ਇਮਾਰਤ ਅੰਦਰ ਵੜ ਗਿਆ।

ਉਹ ਇਸ ਇਮਾਰਤ ਦੇ ਦੂਜੇ ਗੇਟ ਰਾਹੀਂ ਦੂਜੀ ਮੰਜ਼ਿਲ 'ਤੇ ਪੁੱਜ ਗਏ। ਖੋਥਿੰਗ ਆਲੇ-ਦੁਆਲੇ ਦੇ ਵਾਤਾਵਰਣ ਤੋਂ ਬੇ-ਪ੍ਰਵਾਹ ਸੀ। ਉਹ ਅੰਦਾਜ਼ਾ ਲਗਾਉਂਦਾ ਰਿਹਾ ਸੀ ਕਿ ਉਸ ਬੁਆਇਲਰ ਨਾਲ ਕਿੰਨੀ ਭਾਫ਼ ਬਣ ਸਕੇਗੀ, ਯੂਵਾਨ ਸ਼ੈਆ ਨੇ ਧੱਕਾ ਮਾਰ ਕੇ ਦਰਵਾਜ਼ਾ ਖੋਲਿਆ ਤੇ ਖੋਥਿੰਗ ਨੂੰ ਅੰਦਰ ਬੁਲਾਉਂਦੀ ਬੋਲੀ - "ਏਹ ਉਪ ਪ੍ਰਬੰਧਕ ਯੂਵਾਨ ਦਾ ਘਰ ਐ।" ਖੋਥਿੰਗ ਨੂੰ ਅਜਿਹੀ ਉਮੀਦ ਨਹੀਂ ਸੀ। ਉਹ ਘਬਰਾ ਗਿਆ। ਉਸਨੇ ਬੇਹੱਦ ਉਤੇਜਤ ਹੁੰਦਿਆਂ ਪੁੱਛਿਆ-"ਤੂੰ ਤਾਂ ਕਹਿੰਦੀ ਸੀ ਕਿ ਇਸ ਸਬੰਧੀ ਪਹਿਲੇ ਆਪਣੇ ਪਿਤਾ ਨਾਲ ਗੱਲ ਕਰੇਗੀ?"

ਯੂਵਾਨ ਸ਼ੈਆ ਨੇ ਇਕ ਹੰਢੀ-ਵਰਤੀ ਅਭਿਨੇਤਰੀ ਵਾਂਗ ਸੰਖੇਪ ਜਿਹਾ ਉੱਤਰ ਦਿੱਤਾ- "ਇਕੋ ਹੀ ਗੱਲ ਆ.....।"

ਡਰਾਇੰਗ ਰੂਮ ਵਿਚ ਤਿੰਨ-ਚਾਰ ਬੰਦੇ ਬੈਠੇ ਸਨ। ਪੂਰਾ ਕਮਰਾ ਸਿਗਰਟਾਂ ਦੇ ਧੂੰਏਂ ਨਾਲ ਭਰਿਆ ਪਿਆ ਸੀ। ਯੂਵਾਨ ਸ਼ੈਆ ਤੇ ਖੋਥਿੰਗ ਦੇ ਅੰਦਰ ਆਉਣ ਤੇ ਉਹਨਾਂ ਗੱਲਾਂ ਕਰਨੀਆਂ ਬੰਦ ਕਰ ਦਿੱਤੀਆਂ ਤੇ ਇਹਨਾਂ ਵੱਲ ਦੇਖਿਆ। ਯੂਵਾਨ ਸ਼ੈਆ ਹੱਥ ਨਾਲ ਧੂੰਆਂ ਏਧਰ-ਉਧਰ ਕਰਦੀ ਖਿਝੀ-ਖਪੀ ਬੋਲੀ- "ਹੱਦ ਹੋਈ ਪਈ ਆ।" ਉਹ ਆਪਣੇ ਘਰ ਆਉਣ ਵਾਲੇ ਅਣ-ਸੱਦੇ ਮਹਿਮਾਨਾਂ ਨੂੰ ਪਸੰਦ ਨਹੀਂ ਸੀ ਕਰਦੀ। ਇਕ ਸਿਆਣੀ ਉਮਰ ਦਾ ਮਹਿਮਾਨ ਉੱਠਿਆ ਤੇ ਕਹਿਣ ਲੱਗਾ- "ਯੂਵਾਨ ਸਾਬ੍ਹ, ਮੈਂ ਤੁਹਾਡੀ ਸਲਾਹ ਅਨੁਸਾਰ ਹੀ ਚੱਲਾਂਗਾ। ਮੈਨੂੰ ਪੂਰੀ ਉਮੀਦ ਐ ਕਿ ਸਮਾਂ ਆਉਣ 'ਤੇ ਤੁਸੀਂ ਜ਼ਰੂਰ ਮੱਦਦ ਕਰੋਗੇ।" ਦੂਜੇ ਦੋ ਵਿਅਕਤੀ ਵੀ ਉੱਠੇ ਤੇ ਉਹਨਾਂ ਵੀ ਆਖਿਆ- "ਯੂਵਾਨ ਸਾਬ੍ਹ, ਤੁਹਾਡੀ ਮੱਦਦ ਬਿਨਾਂ ਸਾਡੀ ਸਮੱਸਿਆ ਹੱਲ ਨਹੀਂ ਹੋਵੇਗੀ। ਹੋ ਸਕਦਾ ਅਸੀਂ ਫੇਰ ਆ ਕੇ ਤੁਹਾਨੂੰ ਤਕਲੀਫ਼ ਦੇਈਏ....।"

ਏਨੇ ਸਮੇਂ ਤੱਕ ਖੋਥਿੰਗ ਨੇ ਉੱਪ-ਪ੍ਰਬੰਧਕ ਯੂਵਾਨ ਨੂੰ ਚੰਗੀ ਤਰ੍ਹਾਂ ਦੇਖ ਲਿਆ ਸੀ। ਉਹ ਮੱਧਰੇ ਕੱਦ ਦਾ ਬੰਦਾ ਸੀ, ਪਰ ਉਸਦਾ ਗੰਜਾ ਸਿਰ ਤੇ ਚਮਕਦਾਰ ਮੱਥਾ ਉਸਦੀ ਸ਼ਖ਼ਸੀਅਤ ਨੂੰ ਉਭਾਰ ਰਿਹਾ ਸੀ।

ਆਇਆਂ ਬੰਦਿਆਂ ਦੇ ਚਲੇ ਜਾਣ ਪਿਛੋਂ ਯੂਵਾਨ ਸ਼ੈਆ ਨੇ ਖੋਥਿੰਗ ਨੂੰ ਕਿਹਾ- "ਇਸ ਨੂੰ ਆਪਣਾ ਈ ਘਰ ਸਮਝ ਤੇ ਆਰਾਮ ਨਾਲ ਬੈਠ। ਮੈਨੂੰ ਇਕ ਜ਼ਰੂਰੀ ਕੰਮ ਐ, ਮੈਂ ਛੇਤੀ ਮੁੜ ਆਉਣਾ।" ਇਹ ਕਹਿ ਕੇ ਉਹ ਦਰਵਾਜ਼ਿਉਂ ਬਾਹਰ ਚਲੀ ਗਈ।

ਯੂਵਾਨ ਸ਼ੈਆ ਦੇ ਬਾਹਰ ਜਾਣ ਪਿਛੋਂ ਖੋਥਿੰਗ ਨੂੰ ਥੋੜ੍ਹੀ ਕੁ ਘਬਰਾਹਟ ਹੋਈ। ਉਸਨੂੰ ਨਹੀਂ ਸੀ ਪਤਾ ਕਿ ਲੜਕੀ ਕੀ ਚਾਲ ਚੱਲ ਰਹੀ ਹੈ। ਕਿੱਧਰੇ ਉੱਪ-ਪ੍ਰਬੰਧਕ ਯੂਵਾਨ ਦੇ ਸੁਭਾ ਤੋਂ ਡਰਦੀ, ਉਸ ਨਾਲ ਜਾਣ-ਪਛਾਣ ਕਰਵਾ ਕੇ, ਜਾਣ-ਬੁੱਝ ਕੇ ਤਾਂ ਨਹੀਂ ਖਿਸਕ ਗਈ?

"ਉੱਪ-ਪ੍ਰਬੰਧਕ ਯੂਵਾਨ...... ਯੂਵਾਨ ਸਾਬ੍ਹ...... ਮੁਆਫ਼ ਕਰਨਾ ਤੁਹਾਨੂੰ ਤਕਲੀਫ਼.......।"



"ਨਹੀਂ.... ਨਹੀਂ......... ਤਕਲੀਫ਼ ਦੀ ਕੀ ਗੱਲ ਆ। ਬੈਠੋ, ਗੱਲਾਂ ਕਰਦੇ ਆਂ....।"

ਉੱਪ-ਪ੍ਰਬੰਧਕ ਯੂਵਾਨ ਨੇ ਲੰਮੇ ਕੱਦ ਵਾਲੇ ਨੌਜਵਾਨ ਦਾ ਬੜੇ ਉਤਸ਼ਾਹ ਨਾਲ ਸੁਆਗਤ ਸਤਿਕਾਰ ਕੀਤਾ। ਉਸਨੇ ਮੁਸਕਰਾਉਂਦੇ ਨੇ, ਉਸਨੂੰ ਮੇਜ਼ ਲਾਗੇ ਪਈ ਬੈਂਤ ਦੀ ਕੁਰਸੀ 'ਤੇ ਬੈਠਣ ਲਈ ਕਿਹਾ ਤੇ ਚਾਹ ਦਾ ਕੱਪ ਫੜਾਇਆ। ਖੋਥਿੰਗ ਨੇ ਮਹਿਸੂਸ ਕੀਤਾ ਕਿ ਉੱਪ-ਪ੍ਰਬੰਧਕ ਯੂਵਾਨ ਏਨੇ ਭੈੜੇ ਸੁਭਾ ਦਾ ਬੰਦਾ ਨਹੀਂ ਹੈ, ਜਿੰਨਾ ਰੌਲਾ। ਉੱਪ-ਪ੍ਰਬੰਧਕ ਯੂਵਾਨ ਖਿੜਕੀ ਲਾਗਲੀ ਕੁਰਸੀ 'ਤੇ ਆਰਾਮ ਨਾਲ ਬੈਠ ਗਿਆ ਤੇ ਉਸ ਨਾਲ ਗੱਲਾਂ ਕਰਨ ਲੱਗ ਪਿਆ।

"ਤੁਸੀਂ ਦੋਨੋਂ ਇਕ-ਦੂਜੇ ਨੂੰ ਕਾਫੀ ਚਿਰਾਂ ਤੋਂ ਜਾਣਦੇ ਆਂ......?"

"ਨਹੀਂ, ਅਸੀਂ ਇਕ-ਦੂਜੇ ਨੂੰ ਪਹਿਲਾਂ ਨਹੀਂ ਸੀ ਜਾਣਦੇ।"

"ਅੱਛਾ ਤੁਹਾਡੀ ਮੁਲਾਕਾਤ ਕਿੱਦਾਂ ਹੋਈ.....?" ਉੱਪ-ਪ੍ਰਬੰਧਕ ਯੂਵਾਨ ਨੇ ਨੌਜਵਾਨ ਦੀ ਲੰਬਾਈ ਦੇਖਕੇ ਮਨੋ-ਮਨੀ ਲੋਚਿਆ ਕਿ ਮੁੰਡਾ ਯੂਵਾਨ ਸ਼ੈਆ ਦੇ ਯੋਗ ਹੈ।

ਖੋਥਿੰਗ ਨੇ ਸ਼ਰਮਾਉਂਦਿਆਂ-ਸ਼ਰਮਾਉਂਦਿਆਂ ਧੀਮੀ ਸੁਰ 'ਚ ਉੱਤਰ ਦਿੱਤਾ- "ਬੱਸ, ਇੱਕ ਮੌਕਾ ਈ ਬਣ ਗਿਆ......"

ਉੱਪ-ਪ੍ਰਬੰਧਕ ਨੇ ਇਸ ਮੌਕਾ-ਮੇਲ ਸੰਬੰਧੀ ਕੋਈ ਹੋਰ ਪੁੱਛ ਨਾ ਪੁੱਛੀ। ਉਸਨੇ ਮੇਜ਼ 'ਤੇ ਪਈ ਇਕ ਛੋਟੀ ਸ਼ੀਸ਼ੀ ਚੁੱਕੀ ਤੇ ਇਸ ਵਿਚੋਂ ਕੁਝ ਗੋਲੀਆਂ ਕੱਢ ਕੇ ਪਾਣੀ ਨਾਲ ਨਿਗਲ ਲਈਆਂ। ਫਿਰ ਆਪਣੇ ਗੰਜੇ ਸਿਰ 'ਤੇ ਹੱਥ ਫੇਰਦਿਆਂ ਉਸਨੇ ਕਿਹਾ- "ਤੁਸੀਂ ਪਹਿਲੇ ਨਹੀਂ ਸੀ ਮਿਲੇ, ਕੋਈ ਗੱਲ ਨਹੀਂ। ਹੁਣ ਅੱਗੇ ਤੋਂ ਵਾਰ-ਵਾਰ ਮਿਲੋਗੇ ਤੇ ਇਕ-ਦੂਜੇ ਨੂੰ ਚੰਗੀ ਤਰ੍ਹਾਂ ਸਮਝ ਲਵੋਗੇ।"

ਖੋਥਿੰਗ ਨੂੰ ਲੱਗਾ ਕਿ ਕਿਧਰੇ ਕੋਈ ਗਲਤ-ਫਹਿਮੀ ਹੋ ਗਈ ਹੈ। ਉਸਦਾ ਚਿਹਰਾ ਲਾਲ ਹੋ ਗਿਆ ਤੇ ਉਸਦਾ ਦਿਲ ਤੇਜ਼-ਤੇਜ਼ ਧੜਕਣ ਲੱਗ ਪਿਆ। ਉਸਨੂੰ ਚੇਤੇ ਆਇਆ ਕਿ ਰਾਹ ਆਉਂਦਿਆਂ ਉਹ ਜਦ ਵੀ ਬੁਆਇਲਰ ਦੀ ਗੱਲ ਕਰਦਾ ਸੀ ਤਾਂ ਲੜਕੀ ਉਸੇ ਵੇਲੇ ਆਖ ਦਿੰਦੀ ਸੀ-"ਏਹ ਮੇਰੇ 'ਤੇ ਛੱਡ ਦੇ।" ਤੇ ਉਹ ਇਸ ਘਰ 'ਚ ਵੀ ਏਦਾਂ ਦਾਖਲ ਹੋਈ ਜਿੱਦਾਂ ਉਸਦਾ ਆਪਣਾ ਘਰ ਹੋਵੇ। ਇਹ ਕਿਧਰੇ ਯੂਵਾਨ ਦੀ ਧੀ ਤਾਂ ਨਹੀਂ? ਹਾਂ, ਦੋਨਾਂ ਦਾ ਵੰਸ਼ ਨਾਂ ਤੇ ਇਕੋ ਈ ਐ। ਪਰ, ਜਦੋਂ ਉਸਨੇ ਉੱਪ-ਪ੍ਰਬੰਧਕ ਨੂੰ ਦੇਖਿਆ ਤਾਂ ਉਸਨੂੰ ਸ਼ੱਕ ਹੋਇਆ। ਉਸ ਨੂੰ ਆਪਣੀ ਸੋਚ ਗਲਤ ਜਾਪੀ। ਉਸਨੇ ਪਰਤਵੀਂ ਸੋਚ ਸੋਚੀ- 'ਏਹ ਵੰਸ਼-ਕੁਲਤਾ ਕਿਧਰੇ ਕਿਧਰੇ ਐਵੇਂ ਰਲ ਜਾਂਦੀ ਐ, ਐਥੇ ਵੀ ਐਦਾਂ ਈ ਲੱਗਦਾ।' ਫੇਰ ਉਹ ਹੋਰ ਤਰ੍ਹਾਂ ਸੋਚਣ ਲੱਗ ਪਿਆ- 'ਮੈਨੂੰ ਭਲਾ ਕੀ? ਮੇਰਾ ਤਾਂ ਬੁਆਇਲਰ ਨਾਲ ਮਤਲਬ ਐ। ਉਹ ਮਿਲ ਜਾਏ, ਬੱਸ। ਉਦਾਂ ਕਿੰਨੀ ਚੰਗੀ ਗੱਲ ਹੋਵੇ ਜੇ ਯੂਵਾਨ ਸ਼ੈਆ, ਉੱਪ-ਪ੍ਰਬੰਧਕ ਯੂਵਾਨ ਦੀ ਧੀ ਹੋਵੇ।' ਪਰ ਉਸਤੋਂ ਇਹ ਗੱਲ ਯੂਵਾਨ ਤੋਂ ਪੁੱਛੀ ਨਾ ਗਈ। ਉਹ ਸਿੱਧਾ ਆਪਣੇ ਕੰਮ ਦੀ ਗੱਲ ਤੇ ਆ ਗਿਆ- "ਯੂਵਾਨ ਸਾਬ੍ਹ, ਗੱਲ ਏਹ ਐ.... ਸਾਡੇ ਕਾਰਖਾਨੇ ਨੂੰ ਇਕ ਬੁਆਇਲਰ ਦੀ ਲੋੜ ਐ..... ਹਾਂ। ਉਹ ਜਿਹੜਾ ਤੁਹਾਡੀ ਕਾਲੋਨੀ 'ਚ ਪਿਆ। ਮੈਂ ਉਸਨੂੰ ਨਾਪ ਲਿਆ ਐ। ਏਦ੍ਹਾ ਮਾਰਕਾ ਵੀ ਵਧੀਆ। ਇਹ ਠੀਕ ਐ ਸਾਡੀ ਲੋੜ ਪੂਰੀ ਕਰੇਗਾ। ਯੂਵਾਨ ਸ਼ੈਆ ਮੈਨੂੰ ਏਥੇ ਲੈ ਆਈ ਐ। ਕੀ ਤੁਸੀਂ ਆਪਣੀ ਸਹਿਮਤੀ ਦੇ ਕੇ ਸਾਡੀ ਸਹਾਇਤਾ ਕਰੋਗੇ?"

ਗੱਲ ਵਿਗੜ ਗਈ, ਹੁਣ ਤੱਕ ਉੱਪ-ਪ੍ਰਬੰਧਕ ਯੂਵਾਨ ਸੌਹਰਾ ਬਣਨ ਦਾ ਸੁਪਨਾ ਦੇਖ ਰਿਹਾ ਸੀ, ਪਰ ਹੁਣ ਉਹ ਅਚਾਨਕ ਪ੍ਰਬੰਧਕ ਬਣ ਗਿਆ। ਉਸਨੂੰ ਗੁੱਸਾ ਆਇਆ-

'ਫਿਰ ਉਹੀ ਬੁਆਏਲਰ।' ਉਹ ਥੋੜ੍ਹਾ ਕੁ ਚਿਰ ਚੁੱਪ ਰਿਹਾ।

ਖੋਥਿੰਗ ਨੇ ਬੇਨਤੀ ਕੀਤੀ- "ਸਾਡੇ ਛੋਟੇ ਕਾਰਖਾਨੇ ਦੀ ਸਹਾਇਤਾ ਜ਼ਰੂਰ ਕਰੋ।"

ਉੱਪ-ਪ੍ਰਬੰਧਕ ਯੂਵਾਨ ਨੇ ਉਸਨੂੰ ਪੁੱਛਿਆ- "ਤੁਹਾਡੇ ਕਾਰਖਾਨੇ 'ਚ ਬਣਦਾ ਕੀ ਐ?"

"ਸਾਡੀ ਪ੍ਰਮੁੱਖ ਉਤਪਾਦਨ-ਵਸਤ ਚਿਰਨੂਤਨ-ਲੇਪ ਐ।"

"ਚਿਰਨੂਤਨ ..... ਲੇਪ? ਤਾਂ ਏਹ ਤੁਸੀਂ ਬਣਾਉਂਦੇ ਓ। ਕੀ ਏਹ ਸੱਚਮੁਚ ਚੰਗਾ ਐ?" ਉੱਪ-ਪ੍ਰਬੰਧਕ ਦਾ ਸਾਰਾ ਧਿਆਨ ਖੋਥਿੰਗ ਵੱਲ ਹੋ ਗਿਆ ਸੀ। ਉਸਦੀਆਂ ਉਂਗਲੀਆਂ ਮੇਜ਼ 'ਤੇ ਪਈ ਸ਼ੀਸ਼ੀ ਨੂੰ ਪੁੱਠਾ-ਸਿੱਧਾ ਕਰਨ ਲੱਗ ਪਈਆਂ।

"ਏਹ ਮਾੜਾ ਨਈਂ... ਅਸੀਂ ਆਪਣਾ ਮਾਲ ਦੂਜੇ ਸ਼ਹਿਰਾਂ 'ਚ ਵੀ ਤੇ ਸੈਨਾ ਅੰਦਰ ਵੀ ਸਪਲਾਈ ਕਰਦੇ ਆ। ਸਾਨੂੰ ਕਾਫੀ ਆਡਰ ਮਿਲਦੇ ਆ।"

"ਸਬੂਤ ਤਾਂ ਏਹ ਚੰਗੇ ਆ, ਪਰ ਮੈਨੂੰ ਲੱਗਦਾ ਤੁਹਾਡਾ ਮਾਲ ਐਨਾ ਚੰਗਾ ਨਈਂ।"

"ਰਸਾਇਣਕ-ਖੋਜ ਸੰਸਥਾ ਨੇ ਇਸ ਦੀ ਜਾਂਚ-ਪੜਤਾਲ ਕੀਤੀ ਐ। ਇਸ ਨੇ ਪ੍ਰਸ਼ੰਸਾ ਕੀਤੀ। ਦੂਜੇ ਨੰਬਰ ਤੇ ਸਾਡੇ ਗਾਹਕ ਵੀ ਖੁਸ਼ ਨੇ।"

ਉੱਪ-ਪ੍ਰਬੰਧਕ ਯੂਵਾਨ ਨੇ ਮੇਜ਼ ਤੋਂ ਸ਼ੀਸ਼ੀ ਚੁੱਕ ਲਈ ਤੇ ਇਹਦੀ ਵੱਲ ਵੇਖਦੇ ਨੇ ਪੁੱਛਿਆ- "ਐਨਾ ਜੀਵਨ-ਘੁੱਟੀ ਗੋਲੀਆਂ ਦੇ ਬਰਾਬਰ ਕਿੱਦਾਂ ਦਾ ਐ ਤੁਹਾਡਾ ਲੇਪ?"

"ਏਹ ਤਾਂ ਬਿਲਕੁਲ ਵੱਖਰੀ ਚੀਜ਼ ਐ", ਖੋਥਿੰਗ ਨੇ ਝੱਟ ਉੱਤਰ ਦਿੱਤਾ।

ਉੱਪ-ਪ੍ਰਬੰਧਕ ਖੁੱਲ੍ਹ ਕੇ ਹੱਸਿਆ। ਹੱਸਦਿਆਂ-ਹੱਸਦਿਆਂ ਆਪਣਾ ਸਾਰਾ ਭਾਰ ਕੁਰਸੀ ਦੀ ਢੋਅ 'ਤੇ ਸੁੱਟ ਦਿੱਤਾ। ਫਿਰ ਉਸਨੇ ਕਿਹਾ - 'ਮੈਨੂੰ ਤਾਂ ਏਹ ਇਕੋ ਜਿਹੇ ਲੱਗਦੇ ਆ। ਮੈਂ ਯੂਵਾਨ ਸ਼ੈਆ ਦੇ ਕਾਰਖਾਨੇ ਦੀਆਂ ਜੀਵਨ-ਘੁੱਟੀ ਗੋਲੀਆਂ ਖਾਧੀਆਂ। ਆਹ ਦੇਖ ਮੇਰਾ ਸਿਰ ਹੋਰ ਵੀ ਗੰਜਾ ਹੋ ਗਿਆ।" ਇਹ ਕਹਿੰਦਿਆਂ ਉਸਨੇ ਗੰਜੇ ਸਿਰ 'ਤੇ ਹੱਥ ਫੇਰਿਆ। "ਜੀਵਨ-ਘੁੱਟੀ ਗੋਲੀਆਂ, ਚਿਰਨੂਤਨ-ਲੇਪ, ਬੜੇ ਦਿਲ-ਖਿਚਵੇਂ ਨਾ ਆਂ, ਏਨ੍ਹਾ ਦਾ ਸੇਵਨ ਕਰਨ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਤੂੰ ਏਹ ਗੱਲ ਮੰਨਦਾ ਕਿ ਨਈਂ?"

ਥੋੜ੍ਹੀ ਕੁ ਦੇਰ 'ਚ ਉੱਪ-ਪ੍ਰਬੰਧਕ ਪਹਿਲੇ ਵਾਲੀ ਸਥਿਤੀ 'ਚ ਹੋ ਬੈਠੇ। ਕੁਰਸੀ ਵੀ ਠੀਕ ਤਰ੍ਹਾਂ ਹੋ ਗਈ ਤੇ ਗੰਜੇ ਸਿਰ ਤੇ ਗਿਆ ਹੱਥ ਵੀ ਹੇਠਾਂ ਆ ਗਿਆ। ਉਸਨੇ ਸਪੱਸ਼ਟ ਸ਼ਬਦਾਂ 'ਚ ਕਿਹਾ- "ਅੱਛਾ, ਦੇਖਦੇ ਆ ਕੀ ਕਰਨਾ ਚਾਹੀਦਾ? ਤੂੰ ਕਾਰਖਾਨੇ ਜਾ ਕੇ ਆਪਣੀ ਪਾਰਟੀ ਸਕੱਤਰ ਤੇ ਕਾਰਖਾਨਾ- ਨਿਰਦੇਸ਼ਕ ਨੂੰ ਪੁੱਛ ਕਿ ਕੀ ਉਹ ਆਪਣੇ ਕਾਰਖਾਨੇ ਦਾ ਮਾਲ ਸਾਨੂੰ ਦੇ ਸਕਦੇ ਆ? ਮੈਂ ਆਪਣੇ ਕਾਰਖਾਨੇ 'ਚ ਦੂਜੇ ਪ੍ਰਧਾਨਾਂ ਨਾਲ ਬੁਆਏਲਰ ਦੀ ਗੱਲ ਕਰ ਲਵਾਂਗਾ।"

ਇਕ-ਦਮ ਖੋਥਿੰਗ ਦੇ ਧਿਆਨ 'ਚ ਆ ਗਈ ਕਿ ਉੱਪ-ਪ੍ਰਬੰਧਕ ਯੂਵਾਨ ਰਬੜ ਦੀ ਉਮਰ ਵਧਾਉਣ ਦੇ ਕੰਮ ਆਉਣ ਵਾਲੇ 'ਚਿਰਨੂਤਨ ਲੇਪ' ਨੂੰ 'ਜੀਵਨ-ਘੁੱਟੀ-ਦੁਆ' ਸਮਝ ਕੇ ਉਸਦੀ ਮੰਗ ਕਰ ਰਿਹਾ ਹੈ। ਉਸਦਾ ਹੱਸਣ ਨੂੰ ਜੀਅ ਕੀਤਾ, ਪਰ ਹੌਸਲਾ ਨਾ ਪਿਆ। ਉਸਨੇ ਸੋਚਿਆ ਜੇ ਮੈਂ ਠੀਕ-ਠਾਕ ਦੱਸ ਦਿਆਂ ਤਾਂ ਯੂਵਾਨ ਮੂਰਖ ਸਿੱਧ ਹੋ ਜਾਵੇਗਾ। ਇਸ ਲਈ ਉਸਨੇ ਹੁਸ਼ਿਆਰੀ ਵਰਤੀ ਤੇ ਇਹ ਬਹਾਨਾ ਘੜ ਲਿਆ ਤੇ ਆਖਿਆ- "ਅਜੇ ਤੱਕ ਅਸੀਂ ਇੱਕੜ-ਦੁੱਕੜ ਗਾਹਕਾਂ ਨੂੰ ਨਈਂ ਵੇਚਿਆ ਕਿਉਂਕਿ ਇਹ ਮਹਿੰਗਾ ਬਹੁਤ ਐ, ਦੂਜੇ......।"

ਉੱਪ-ਪ੍ਰਬੰਧਕ ਉਸਦੇ ਗੋਲ-ਮੋਲ, ਜਵਾਬ ਤੋਂ ਚਿੜ ਗਿਆ ਤੇ ਤਿਉੜੀਆਂ ਚਾੜ੍ਹਦੇ



ਨੇ ਕਿਹਾ- "ਅੱਛਾ..... ਅੱਜ ਕਲ੍ਹ ਸਾਰੇ ਕੰਮ ਨਿਯਮਾਂ ਅਨੁਸਾਰ ਹੀ ਹੁੰਦੇ ਆ। ..... ਤੇਰੇ ਕਾਰਖਾਨੇ ਦਾ ਕੀ ਨਾਂ ਆਂ......?"

"ਉਛਾੜ ਨਗਰ ਇਲਾਕੇ 'ਚ ਐ, ਚਿੰਗਾੜੀ-ਰਸਾਇਣਕ ਕਾਰਖ਼ਾਨਾ", ਨੌਜਵਾਨ ਨੇ ਉੱਤਰ ਦਿੱਤਾ।

ਉੱਪ-ਪ੍ਰਬੰਧਕ ਨੇ ਭਰਵੱਟੇ ਘੁੱਟਦੇ ਨੇ ਪੁੱਛਿਆ- "ਉਛਾੜ ਨਗਰ ਇਲਾਕੇ 'ਚ ਕੋਈ ਇਸ ਨਾਮ ਦਾ ਕਾਰਖਾਨਾ ਵੀ ਹੈਗਾ?"

"ਦਰਅਸਲ, ਇਸ ਦਾ ਪੂਰਾ ਨਾਮ ਸਿੰਘ ਗਲੀ ਦਾ ਚਿੰਗਾੜੀ ਰਸਾਇਣਕ ਕਾਰਖਾਨਾ ਐ। ਏਹ ਉਛਾੜ ਨਗਰ ਇਲਾਕੇ 'ਚ ਹੀ ਐ।"

"ਅੱਛਾ, ਤਾਂ ਇਕ ਛੋਟਾ ਜਿਹਾ ਕਾਰਖਾਨਾ ਈ ਐ", ਉੱਪ-ਪ੍ਰਬੰਧਕ ਨੇ ਨਫ਼ਰਤ ਭਰੇ ਲਹਿਜੇ 'ਚ ਗੱਲ ਕੀਤੀ। "ਦੇਖ... ਮੈਨੂੰ ਨਿਯਮਾਂ ਅਨੁਸਾਰ ਈ ਚੱਲਣਾ ਪੈਣਾ। ਏਥੇ ਮੈਂ ਕੱਲਾ ਈ ਸਾਰਾ ਕੁਝ ਨਹੀਂ। ਇਸ ਲਈ ਮੇਰੇ ਕੱਲ ਦੀ ਸਹਿਮਤੀ ਨਾਲ ਕੁਝ ਨਹੀਂ ਹੋ ਸਕਦਾ। ਦੂਜੀ ਗੱਲ ਐ..... ਸਾਨੂੰ ਆਪੂੰ ਨੂੰ ਇਸ ਬੁਆਏਲਰ ਦੀ ਲੋੜ ਐ। ....... ਹੋਰ ਕੋਈ ਗੱਲ?"

ਯੂਵਾਨ ਨੇ ਗੱਲ-ਬਾਤ ਖ਼ਤਮ ਕਰਨ ਦੇ ਲਹਿਜੇ ਨਾਲ ਆਪਣੀ ਗੱਲ ਕਹੀ ਸੀ ਖੋਥਿੰਗ ਨੂੰ ਅਚਾਨਕ ਕੰਬਣੀ ਛਿੜ ਪਈ ਤੇ ਉਹ ਮਲੇਰੀਏ ਦੇ ਰੋਗੀ ਦੀ ਤਰ੍ਹਾਂ ਕੰਬਣ ਲੱਗ ਪਿਆ। ਉਸਨੇ ਆਪਣੀ ਬੇ-ਇਜ਼ਤੀ ਮਹਿਸੂਸ ਕੀਤੀ। ਉਸਨੂੰ ਇਹ ਵੀ ਅਫ਼ਸੋਸ ਕਿ ਉਸਨੇ ਆਪਣੇ ਕਾਰਖਾਨੇ ਦੀ ਹਵਾ ਬੇ-ਅਰਥ 'ਚ ਬੰਨ੍ਹੀ ਹੈ।

"ਜੁਆਨ, ਤੈਨੂੰ ਅਭਿਆਸ ਨਹੀਂ। ਸ਼ਾਇਦ ਤੂੰ ਪਹਿਲੋਂ ਕਦੀਂ ਵਪਾਰ ਸੰਬੰਧੀ ਗੱਲਬਾਤ ਨਹੀਂ ਕੀਤੀ। ਅੱਗੇ ਤੋਂ ਜਦੋਂ ਵੀ ਕਿਧਰੇ ਗੱਲਬਾਤ ਕਰਨ ਜਾਣਾ ਹੋਵੇ ਤਾਂ ਪਛਾਣ ਪੱਤਰ ਨਾਲ ਲੈ ਕੇ ਜਾਈਂ।" ਉੱਪ-ਪ੍ਰਬੰਧਕ ਉੱਠਕੇ ਖੜਾ ਹੋ ਗਿਆ ਤੇ ਔਖੇ ਹੋ ਕੇ ਮੁਸਕਰਾਉਣ ਦਾ ਯਤਨ ਕੀਤਾ।

'ਹੈਅ ਕੀ ਗੰਜਾ ਗਿੱਠ-ਮੁਠੀਆ ਜਿਆ, ਮੂਰਖ, ਲਾਲਚੀ, ਦੰਭੀ, ਬੇਵਕੂਫ ਕਿਸੇ ਥਾਂ ਦਾ', ਗੁੱਸੇ 'ਚ ਆਇਆ ਖੋਥਿੰਗ ਉਸਨੂੰ ਐਨਾ ਕੁਝ ਕਹਿਣ ਹੀ ਲੱਗਾ ਸੀ ਕਿ ਉਸਨੇ ਆਪਣੇ ਆਪ ਨੂੰ ਮਸਾਂ ਕਾਬੂ ਕੀਤਾ। "ਛੋਟਾ ਕਾਰੋਬਾਰ, ਛੋਟਾ ਕਾਰਖਾਨਾ' ਤਾਂ ਕੀ ਹੋਇਆ? ਕੀ ਛੋਟੇ ਕਾਰਖਾਨੇ ਬਿਨਾਂ ਸਰਕਾਰੀ ਸਹਾਇਤਾ ਦੇ ਲੱਖਾਂ-ਕਰੋੜਾਂ ਰੁਪਏ ਸਰਕਾਰ ਨੂੰ ਕਮਾ ਕੇ ਨਹੀਂ ਦਿੰਦੇ? ... ਇਹ ਸੱਚ ਹੈ ਕਿ ਉਹ ਵੀ ਪਹਿਲੇ ਛੋਟੇ ਕੰਮਕਾਰ ਨੂੰ ਚੰਗਾ ਨਹੀਂ ਸੀ ਸਮਝਦਾ। ਡਿਊਟੀ ਕਰਨ ਤੋਂ ਵਿਹਲਾ ਹੋ ਕੇ ਉਸਨੇ ਯੂਨੀਵਰਸਿਟੀ 'ਚ ਦਾਖ਼ਲ ਹੋਣ ਲਈ ਪ੍ਰਵੇਸ਼-ਪ੍ਰੀਖਿਆ ਦੀ ਤਿਆਰੀ ਕੀਤੀ ਸੀ ਤੇ ਪਾਰਟੀ ਸਕੱਤਰ ਵਾਨ ਤੋਂ ਇਮਤਿਹਾਨ 'ਚ ਬੈਠਣ ਦੀ ਆਗਿਆ ਮੰਗੀ ਸੀ। ਉਹ ਇਸ ਢੰਗ ਨਾਲ ਛੋਟੇ ਕਾਰਖਾਨੇ 'ਚੋਂ ਨਿਕਲ ਸਕਦਾ ਸੀ। ਤਦ ਪਾਰਟੀ ਸਕੱਤਰ ਵਾਨ ਨੇ ਕਿਹਾ ਸੀ- "ਸਾਡੇ ਪੁਰਾਣੇ ਮਜ਼ਦੂਰਾਂ ਨੇ ਤੈਨੂੰ ਪਾਲ ਪੋਸ ਕੇ ਵੱਡਾ ਕੀਤਾ। ਤੈਨੂੰ ਉੱਡਣਾ ਸਿਖਾਇਆ। ਹੁਣ ਤੇਰੇ ਪਰ ਮਜ਼ਬੂਤ ਹੋ ਗਏ ਆ ਤਾਂ ਤੂੰ ਉਹਨਾਂ ਨੂੰ ਛੱਡ ਕੇ ਉਡਾਰੀ ਮਾਰਨ ਨੂੰ ਫਿਰਦਾਂ। ਕੀ ਤੈਨੂੰ, ਸਾਨੂੰ ਛੱਡ ਕੇ ਜਾਣ ਕੇ ਜਾਣ ਦਾ ਕੋਈ ਦੁੱਖ ਨਈਂ?" ਸਕੱਤਰ ਨੇ ਡੂੰਘਾ ਸਾਹ ਭਰਦਿਆਂ ਅੱਗੇ ਕਿਹਾ ਸੀ- "ਜੇ ਤੂੰ ਜ਼ੋਰ ਪਾਏਂਗਾ ਤਾਂ ਮੈਂ ਚਾਹੁੰਦੀ ਹੋਈ ਵੀ ਤੈਨੂੰ ਰੋਕ ਨਹੀਂ ਸਕਾਂਗੀ। .... ਦੇਸ਼ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰਕੇ ਕੇਵਲ ਆਪਣੀ ਇੱਛਾਵਾਂ ਦਾ ਖ਼ਿਆਲ ਰੱਖਣਾ ਸੁਆਰਥ ਹੈ। ਫਿਰ ਵੀ, ਮੈਂ ਤੇਰਾ ਭਵਿੱਖ ਖ਼ਰਾਬ ਨਹੀਂ ਕਰਨਾ ਚਾਹੁੰਦੀ।

ਪਰ, ਮੈਂ ਚਾਹੁੰਦੀ ਆਂ ਕਿ ਆਪਣੀ ਥਾਂ ਕਿਸੇ ਹੋਰ ਦੇ ਆ ਜਾਣ ਤੱਕ ਤੂੰ ਰੁਕ।"

ਨੌਜਵਾਨ ਦਾ ਦਿਲ ਪਸੀਜ ਗਿਆ ਸੀ। ਪਾਰਟੀ ਸਕੱਤਰ ਦੀ ਗੱਲ ਨੇ ਉਸਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ ਸੀ ਤੇ ਉਹ ਰੋ ਪਿਆ ਸੀ। ਭਾਵਨਾ ਤੇ ਵਿਅਕਤੀਗਤ ਭਵਿੱਖ ਦੀ ਦੁਬਿਧਾ ਵਿਚ ਫਸੇ ਦੀ, ਭਾਵਨਾ ਦੀ ਜਿੱਤ ਹੋਈ ਸੀ - 'ਉਹ ਆਪਣੇ ਪੁਰਾਣੇ ਉਸਤਾਦਾਂ ਅਤੇ ਪਾਰਟੀ ਸਕੱਤਰ ਦਾ ਸਿਰ ਨਈਂ ਝੁਕਣ ਦੇਵੇਗਾ।' ਉਸਨੂੰ ਆਪਣੇ ਨੇਤਾਵਾਂ ਨਾਲ ਹਮਦਰਦੀ ਹੋ ਗਈ। ਪਾਰਟੀ ਸਕੱਤਰ ਦੀ ਉਮਰ ਘਰ ਬੈਠ ਕੇ ਪੋਤੇ-ਪੋਤੀਆਂ ਖਿਡਾਉਣ ਦੀ ਸੀ। ਪਰ, ਉਹ ਸਵੇਰੇ ਸਾਢੇ ਚਾਰ ਵਜੇ ਉੱਠਦੀ ਤੇ ਤਿੰਨ ਬੱਸਾਂ ਬਦਲ ਕੇ ਸ਼ਹਿਰ ਦੇ ਉੱਤਰੀ ਹਿੱਸੇ ਤੋਂ ਦੱਖਣੀ ਹਿੱਸੇ ਤੱਕ ਪੁੱਜਦੀ ਸੀ। ਉਹ ਏਨੀ ਮਿਹਨਤ ਕਿਉਂ ਕਰਦੀ ਸੀ? ਹੋਰ ਵੀ ਕਈ ਪੈਂਹਠ ਵਰ੍ਹਿਆਂ ਤੱਕ ਦੇ ਬੰਦੇ ਤੀਹ-ਤੀਹ ਕਿਲੋਮੀਟਰ ਸਾਈਕਲ ਚਲਾ ਕੇ ਕਾਰਖਾਨੇ ਪੁੱਜਦੇ ਸਨ। ਉਹ ਏਨੀ ਮਿਹਨਤ ਕਿਉਂ ਕਰਦੇ ਆ? ਉੱਪ-ਪ੍ਰਬੰਧਕ ਯੂਵਾਨ ਨੂੰ ਦੇਖਣ ਪਿਛੋਂ, ਆਪਣੇ ਕਾਰਖਾਨੇ ਦੀ ਨਿਰਦੇਸ਼ਕ ਅਤੇ ਪਾਰਟੀ ਸਕੱਤਰ ਵਾਨ ਪ੍ਰਤੀ ਉਸਦੀ ਸ਼ਰਧਾ ਹੋਰ ਵਧ ਗਈ। ਉਹ, ਉਸਦੀ ਨਜ਼ਰਾਂ ਵਿਚ ਪਹਿਲੇ ਨਾਲੋਂ ਕਾਫ਼ੀ ਸਾਰੀ ਵਡੇਰੀ ਹੋ ਗਈ। ਉਹ ਏਨੀ ਚੰਗੀ ਸੀ ਤੇ ਆਪਣੇ ਮਜ਼ਦੂਰਾਂ ਨਾਲ ਐਨਾ ਹਲੀਮੀ ਭਰਿਆ ਵਰਤਾਓ ਕਰਦੀ ਸੀ ਕਿ ਉਸਦਾ ਕੋਈ ਸਾਨੀ ਨਹੀਂ ਸੀ ਹੋ ਸਕਦਾ।

ਖੋਥਿੰਗ ਵੀ ਖੜਾ ਹੋ ਗਿਆ। ਉੱਪ-ਪ੍ਰਬੰਧਕ ਯੂਵਾਨ ਦੇ ਸਾਹਮਣੇ ਉਸਨੇ ਆਪਣੇ ਆਪ ਨੂੰ ਕਾਫੀ ਲੰਮਾ ਮਹਿਸੂਸ ਕੀਤਾ। ਇਸ ਛੋਟੇ ਜਿਹੇ ਕਮਰੇ 'ਚ ਬੈਠੇ ਨੇ ਉਸਨੇ ਬਹੁਤ ਕੁਝ ਸਿੱਖਿਆ ਸੀ ਤੇ ਨਾਲ ਦੀ ਨਾਲ ਉਸਨੂੰ ਆਪਣੀ ਇਮਾਨਦਾਰੀ ਦੀ ਹੋਰ ਵੀ ਇੱਜ਼ਤ ਕਰਨ ਦੀ ਸਿੱਖਿਆ ਵੀ ਮਿਲੀ ਸੀ, ਉਹ ਪੁੱਛਣਾ ਚਾਹੁੰਦਾ ਸੀ- "ਉੱਪ-ਪ੍ਰਬੰਧਕ ਯੂਵਾਨ, ਕੀ ਬੁਆਇਲਰ ਤੇਰੀ ਨਿੱਜੀ ਜਾਇਦਾਦ ਐ, ਜਾਂ ਫਿਰ ਚੀਨ ਲੋਕ-ਗਣਰਾਜ ਦੀ ਸੰਪਤੀ ਐ?"

ਖੋਥਿੰਗ ਨੇ ਉੱਪ-ਪ੍ਰਬੰਧਕ ਯੂਵਾਨ ਵੱਲ ਨੂੰ ਨਫ਼ਰਤ ਨਾਲ ਦੇਖਿਆ ਤੇ ਕੱਲੇ-ਕੱਲੇ ਸ਼ਬਦ ਨੂੰ ਘਰੋੜ ਕੇ ਬੋਲਦੇ ਨੇ ਕਿਹਾ- "ਤੁਹਾਡੇ ਸੁਲ੍ਹਾ ਲਈ ਧੰਨਵਾਦ ਯੂਵਾਨ ਸਾਬ੍ਹ।" ਇਸ ਤੋਂ ਪਿਛੋਂ ਉਹ ਕਮਰੇ ਤੋਂ ਬਾਹਰ ਨਿਕਲ ਗਿਆ।

ਉਹ ਬੜੇ ਤੇਜ਼ ਕਦਮੀਂ ਪੌੜੀਆਂ ਉੱਤਰਿਆ। ਉਹ ਆਪਣੇ ਸਾਈਕਲ ਦਾ ਤਾਲਾ ਖੋਲ੍ਹਣ ਹੀ ਲੱਗਾ ਸੀ ਕਿ ਕਿਸੇ ਨੇ ਉਸਦਾ ਹੱਥ ਫੜ ਲਿਆ। ਉਸ ਨੇ ਮੁੜ ਕੇ ਦੇਖਿਆ, ਇਕ ਇਸਤਰੀ ਕਿੰਨਾ ਸਾਰਾ ਖਾਣ-ਪੀਣ ਦਾ ਸਾਮਾਨ ਲਈ ਖੜੀ ਸੀ।

"ਓ.... ਓ.... ਚੱਲਿਆ ਕਿੱਥੇ ਨੂੰ ਆਂ?"

ਖੋਥਿੰਗ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਗੱਲ ਐ।

"ਦੇਖ, ਮੈਂ ਕੁਝ ਖਾਣ-ਪੀਣ ਦਾ ਸਾਮਾਨ ਖ਼ਰੀਦ ਕੇ ਲਿਆਈ ਆਂ। ਜਦ ਯੂਵਾਨ ਸ਼ੈਆ ਨੇ ਦੱਸਿਆ ਕਿ ਤੂੰ ਆਇਆ, ਤਾਂ ਮੈਂ ਦੌੜਦੀ-ਦੌੜਦੀ ਬਾਜ਼ਾਰ ਗਈ। ਅਜੇ ਨਾ ਜਾ, ਉਹ ਛੇਤੀ ਹੀ ਆ ਜਾਏਗੀ, ਉਸਨੂੰ ਕਾਫ਼ੀ ਚਿਰ ਹੋ ਗਿਆ ਗਈ ਨੂੰ। ਬੱਸ ਆਉਂਦੀ ਈ ਹੋਣੀ ਆ। ਤੂੰ ਥੋੜ੍ਹਾ ਚਿਰ ਹੋਣ ਰੁਕ। ਉੱਪਰ ਚੱਲ ਨਾ।"

ਲੰਮੇ ਕੱਦ ਵਾਲੀ, ਸਾਫ਼-ਸਪੱਸ਼ਟ ਤੇ ਨਿੱਘੇ ਸੁਭਾਅ ਦੀ ਔਰਤ ਦੀ ਸ਼ਕਲ-ਸੂਰਤ ਯੂਵਾਨ ਸ਼ੈਆ ਨਾਲ ਮਿਲਦੀ ਸੀ। ਪਰ, ਉਸਦਾ ਹੁਣੇ-ਹੁਣੇ ਅਪਮਾਨ ਹੋਇਆ ਸੀ। ਇਸ ਲਈ ਉਸਨੇ ਸੋਚਿਆ ਕਿ ਇਹ ਤਿੰਨੋਂ ਇਕ-ਜਿਹੇ ਹੀ ਹਨ ਤੇ ਉਸਨੂੰ ਬੁੱਧੂ ਬਣਾ ਰਹੇ ਹਨ।



ਉਸਨੇ ਬੜੀ ਲਾਪਰਵਾਹੀ ਨਾਲ ਕਿਹਾ- "ਨਹੀਂ, ਮੈਂ ਇਕ ਜ਼ਰੂਰੀ ਚੀਜ਼ ਨਾਲ ਲੈ ਕੇ ਨਹੀਂ ਆਇਆ।"

ਉਸਦੀ ਗੱਲ ਨਾ ਸਮਝਦੀ ਨੇ ਸ੍ਰੀਮਤੀ ਯੂਵਾਨ ਨੇ ਕਿਹਾ-"ਕੀ ਮਤਲਬ? ਤੈਨੂੰ ਕੀ ਚੀਜ਼ ਲਿਆਉਣ ਦੀ ਲੋੜ ਐ? ਤੂੰ ਬਿਨਾਂ ਕਿਸੇ ਉਚੇਚੀ ਤਿਆਰੀ ਦੇ ਆਇਆ ਏਂ। ਇਹ ਤਾਂ ਬਹੁਤ ਖੁਸ਼ੀ ਵਾਲੀ ਗੱਲ ਐ। ਤੂੰ ਮੂੰਹ ਵੀ ਜੂਠਾ ਨਹੀਂ ਕੀਤਾ ਤੇ ਚੱਲ ਵੀ ਪਿਆ। ਨਹੀਂ, ਨਹੀਂ ਏਹ ਨਹੀਂ ਹੋ ਸਕਦਾ। ਯੂਵਾਨ ਸ਼ੈਆ ਮੁੜ ਕੇ ਆ ਕੇ ਮੈਨੂੰ ਗੁੱਸੇ ਹੋਵੇਗੀ। ਜੇ ਤੂੰ ਉਸ ਸ਼ਾਮੀਂ ਉਸਦੀ ਸਾਈਕਲ ਠੀਕ ਨਾ ਕੀਤੀ ਹੁੰਦੀ ਤਾਂ ਕੀ ਹੁੰਦਾ! ਪਤਾ.......?"

ਖੋਥਿੰਗ ਨੇ ਉਸ ਇਸਤਰੀ ਦੇ ਹੱਥ 'ਚੋਂ ਆਪਣਾ ਹੱਥ ਛੁਡਾ ਲਿਆ ਤੇ ਕਿਹਾ- "ਅਜੇ ਮੈਂ ਮੁੰਡਾ-ਖੁੰਡਾ ਆਂ। ਮੈਨੂੰ ਸਾਰੇ ਢੰਗ-ਤਰੀਕੇ ਅਜੇ ਨਹੀਂ ਆਉਂਦੇ। ਮੈਂ ਆਪਣਾ ਪਛਾਣ-ਪੱਤਰ ਲੈ ਕੇ ਨਹੀਂ ਆਇਆ।" ਉਹ ਸਾਈਕਲ ਤੇ ਚੜ੍ਹ ਗਿਆ ਤੇ ਚਲਾ ਗਿਆ।

ਸ੍ਰੀਮਤੀ ਯੂਵਾਨ ਨੇ ਉਸਨੂੰ ਜਾਂਦੇ ਨੂੰ ਦੇਖਿਆ। ਉਸਨੂੰ ਪਤਾ ਨਹੀਂ ਸੀ, ਲੱਗਦਾ ਕਿ ਉਹ ਕੀ ਮਹਿਸੂਸ ਕਰ ਰਹੀ ਹੈ। ਖੋਥਿੰਗ ਉਸਨੂੰ ਬੀਬਾ ਮੁੰਡਾ ਲੱਗਾ ਸੀ। .... ਜ਼ਰੂਰ ਯੂਵਾਨ ਸ਼ੈਆ ਦੇ ਪਿਤਾ ਨੇ ਉਸਨੂੰ ਨਾਰਾਜ਼ ਕਰ ਦਿੱਤਾ ਹੋਵੇਗਾ। ਪਛਾਣ-ਪੱਤਰ! ਕੀ ਬਕਵਾਸ ਐ? ਉਹਨਾਂ ਨੂੰ ਪਤਾ ਈ ਨਹੀਂ, ਉਹ ਕੀ ਪੁੱਛਣ ਡਹਿ ਪਏ...!

## V

ਯੂਵਾਨ ਸ਼ੈਆ ਸੱਚਮੁੱਚ ਹੀ ਕਿਸੇ ਕੰਮ ਚਲੀ ਗਈ ਸੀ। ਉਹ ਲੀ ਲੂ ਨੂੰ ਟੈਲੀਫ਼ੂਨ ਕੀਤੇ ਬਿਨਾਂ, ਸਿੱਧੀ ਉਸਦੇ ਘਰ ਗਈ। ਲੀ ਲੂ ਨੂੰ ਇਕ ਮੁੰਡੇ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਝੱਟ ਤਿਆਰ ਹੋ ਗਈ। ਉਹ ਯੂਵਾਨ ਸ਼ੈਆ ਦੇ ਨਾਲ ਆ ਗਈ।

ਦੋ 'ਅਮਰ ਪੰਛੀ' ਸਾਈਕਲਾਂ ਨਾਲ-ਨਾਲ ਤੁਰੀਆਂ ਆ ਰਹੀਆਂ ਸਨ। ਦੋਨਾਂ 'ਤੇ ਸਵਾਰ ਲੜਕੀਆਂ ਗੱਲਾਂ ਕਰਦੀਆਂ-ਕਰਦੀਆਂ ਹੱਸ ਵੀ ਰਹੀਆਂ ਸਨ। ਸਾਈਕਲਾਂ ਏਨੀ ਤੇਜ਼ ਚੱਲ ਰੰਹੀਆਂ ਸਨ ਕਿ ਰਾਹ ਦੇ ਪੇੜ-ਪੌਦੇ, ਸੜਕ ਕੰਢੇ ਦੀਆਂ ਬੱਤੀਆ, ਪੈਦਲ ਚੱਲਣ ਵਾਲੇ ਲੋਕੀਂ ਸਾਰੇ ਪਿੱਛੇ ਰਹਿ ਗਏ ਸਨ। ਐਦਾਂ ਲੱਗਦਾ ਸੀ ਕਿ ਦੋਨੋਂ ਇਸ ਸੰਸਾਰ ਵਿਚ ਸਭ ਤੋਂ ਖੁਸ਼ ਤੇ ਲੰਮੀਆਂ ਲੜਕੀਆਂ ਹਨ। ਉਹਨਾਂ ਸਾਹਮਣੇ ਸੁਨਹਿਰੇ ਭਵਿੱਖ ਦੇ ਸੰਕੇਤ ਸਨ।

ਹਰ ਵਾਰ ਦੀ ਤਰ੍ਹਾਂ ਲੀ ਲੂ ਨੇ ਘਰ ਅੰਦਰ ਪੈਰ ਰੱਖਦਿਆਂ ਹੀ ਪਹਿਲਾਂ ਵਾਂਗ ਹੋਕਰਾ ਮਾਰਿਆ - "ਚਾਚਾ-ਚਾਚੀ ਮੈਂ ਫੇਰ ਆ ਗਈ ਆਂ, ਮੈਨੂੰ ਆਈ ਨੂੰ ਜੀ-ਆਇਆ ਕੈਹਣਾ ਕਿ ਨਹੀਂ......।"

ਪਰ ਉਸਨੂੰ ਜੀ-ਆਇਆਂ ਆਖਿਆ ਕਿਸੇ ਨਾ। ਉਹ ਆਪਣੇ ਆਪ ਅੰਦਰ ਵੜ ਗਈ। ਡਰਾਇੰਗ ਰੂਮ ਕਿਸੇ ਯੁੱਧ ਦੇ ਮੈਦਾਨ ਵਰਗਾ ਲੱਗ ਰਿਹਾ ਸੀ। ਯੂਵਾਨ ਚਾਚਾ ਕਿਸੇ ਜ਼ਖ਼ਮੀ ਪੰਛੀ ਵਾਂਗ ਕੁਰਸੀ ਤੇ ਲੁੜਕੇ ਪਏ ਸਨ। ਯੂਵਾਨ ਚਾਚੀ ਉਸਦੇ ਸਾਹਮਣੇ ਕਿਸੇ ਜੇਤੂ ਯੋਧੇ ਵਾਂਗ ਖੜੀ ਸੀ।

"ਉਹ ਮੁੰਡਾ ਕਿੱਥੇ ਚਲਾ ਗਿਆ?"

ਚਾਚੀ ਨੇ ਗੁੱਸੇ 'ਚ ਕਿਹਾ- "ਏਨੂੰ ਪੁੱਛੋ!"

ਉੱਪ-ਪ੍ਰਬੰਧਕ ਨੇ ਰਹਿਮ ਦੀ ਭੀਖ ਮੰਗਦਿਆਂ ਕਿਹਾ - "ਉਸਨੇ ਸਾਡੀ ਸਹਾਇਤਾ ਕੀਤੀ ਐ, ਇਸ ਲਈ ਮੈਂ ਵੀ ਜ਼ਰੂਰ ਉਸਦੀ ਸਹਾਇਤਾ ਕਰਾਂਗਾ। ਹੋਰ ਦੱਸੋ ਤੁਸੀਂ ਲੋਕ ਕੀ ਚਾਹੁੰਦੇ ਓ.......।"

ਸ੍ਰੀਮਤੀ ਯੂਵਾਨ ਦੀਆਂ ਫੌਜਾਂ ਆ ਜਾਣ 'ਤੇ ਉਸਨੇ ਦੋਹਰੀ-ਤੀਹਰੀ ਤਾਕਤ ਨਾਲ ਫਿਰ ਹਮਲਾ ਕੀਤਾ- "ਮੈਨੂੰ ਤੇਰੇ ਬੁਆਇਲਰ ਦੀ ਪ੍ਰਵਾਹ ਨਹੀਂ, ਮੈਂ ਉਸ ਮੁੰਡੇ ਨੂੰ ਐਥੇ ਦੇਖਣਾ ਚਾਹੁੰਦੀ ਆਂ।"

ਉਸਦੇ ਪਤੀ ਨੇ ਤਰਲਾ ਕੀਤਾ- "ਮੈਂ ਉਸਨੂੰ ਕਿੱਥੋਂ ਲਿਆਵਾਂ? ਕਲ੍ਹ ਨੂੰ ਤੂੰ ਉਸਦੇ ਛੋਟੇ ਕਾਰਖਾਨੇ ਟੈਲੀਫੂਨ ਕਰਕੇ ਦੱਸ ਦਈਂ ਕਿ ਮੇਰੇ ਵਲੋਂ ਸਹਿਮਤੀ ਆ।"

'ਛੋਟਾ ਕਾਰਖਾਨਾ' ਸ਼ਬਦ ਸੁਣਦਿਆਂ ਸਾਰ ਲੀ ਲੂ ਦਾ ਦਿਲ ਬੈਠ ਗਿਆ। ਉਹ ਯੂਵਾਨ ਸ਼ੈਆ ਨੂੰ ਇਕ ਪਾਸੇ ਕਰਕੇ ਇਸ ਬਾਰੇ ਪੁੱਛਣਾ ਚਾਹੁੰਦੀ ਸੀ। ਉਸਨੇ ਯੂਵਾਨ ਚਾਚੀ ਨੂੰ ਸ਼ਾਂਤ ਕਰਕੇ ਉਸਨੂੰ ਰੋਟੀ ਬਣਾਉਣ ਲਈ ਕਿਹਾ। ਪਰ..... ਪਰ ਯੂਵਾਨ ਚਾਚੀ ਦਾ ਦਿਲ ਟਿਕਾਣੇ ਨਹੀਂ ਸੀ ਆ ਰਿਹਾ। ਉਸਨੇ ਲੀ ਲੂ ਨੂੰ ਸਹਾਰਾ ਲੈਂਦਿਆਂ ਆਪਣੇ ਪਤੀ ਦੀ ਹੋਰ ਵੀ ਖੱਪ-ਝੰਡ ਕੀਤੀ ਕਿ ਇਸ ਨੇ ਉਸਤੋਂ ਪਛਾਣ-ਪੱਤਰ ਮੰਗਿਆ ਹੀ ਕਿਉਂ? ਖਿਝੀ-ਖਪੀ ਨੇ ਉਸਨੇ ਇਹ ਵੀ ਐਲਾਨ ਕਰ ਦਿੱਤਾ ਕਿ ਉਹ ਯੂਵਾਨ-ਸਾਬ੍ਹ ਲਈ ਰੋਟੀ ਈ ਨਹੀਂ ਬਣਾਏਗੀ। ਉਸਨੇ ਇਥੋਂ ਤੱਕ ਆਖ ਦਿੱਤਾ- "ਇਸ ਬੁੱਢੇ ਨੂੰ ਭੁੱਖਾ ਮਰਨ ਦੇ.....।" ਉੱਪ-ਪ੍ਰਬੰਧਕ ਯੂਵਾਨ ਨੇ ਇਸ ਨਾਜ਼ਕ ਮੌਕੇ 'ਤੇ ਚੁੱਪ ਰਹਿਣਾ ਹੀ ਠੀਕ ਸਮਝਿਆ ਤੇ ਹਾਰ ਮੰਨ ਲਈ। ਜੇ ਗੱਲ ਹੋਰ ਵਿਗੜ ਜਾਂਦੀ ਤਾਂ ਲੀ ਲੂ ਨੂੰ ਬੁਰਾ ਲੱਗਣਾ ਸੀ। ਉਹਨਾਂ ਤਿੰਨਾਂ ਵਿਚੋਂ ਉਹ ਸਾਰਿਆਂ ਨਾਲੋਂ ਮੱਧਰਾ ਸੀ ਤੇ ਇਕੱਠਾ ਰਹਿ ਗਿਆ ਸੀ। ਉਸਦੀ ਪਤਨੀ ਨੇ ਉਦੋਂ ਤੱਕ ਭਾਸ਼ਨ ਬੰਦ ਨਾ ਕੀਤਾ, ਜਦ ਤੱਕ ਉਹ ਆਪ ਨਾ ਥੱਕ ਗਈ।

ਯੂਵਾਨ ਸ਼ੈਆ ਦੇ ਕਮਰੇ ਵਿਚ ਆ ਕੇ ਲੀ ਲੂ ਨੇ ਪੁੱਛਿਆ- "ਦੱਸ, ਕੀ ਉਹ 'ਛੋਟੇ ਕਾਰਖਾਨੇ' 'ਚ ਕੰਮ ਕਰਦਾ?"

ਯੂਵਾਨ ਸ਼ੈਆ ਨੇ ਉਸਦਾ ਪ੍ਰਸ਼ਨ ਟਾਲਦੀ ਨੇ ਉੱਤਰ ਦਿੱਤਾ-"ਏਦੇ ਨਾਲ ਕੀ ਫ਼ਰਕ ਪੈਂਦਾ। ਉਹ ਛੋਟੇ ਕਾਰਖਾਨੇ 'ਚ ਕੰਮ ਕਰਦਾ, ਕੀ ਇਸ ਲਈ ਉਸਨੂੰ ਘਟੀਆ ਸਮਝਣਾ ਚਾਹੀਦਾ? ਦੂਜੇ ਦਰਜੇ ਦਾ ਸ਼ਹਿਰੀ?"

ਲੀ ਲੂ ਨੇ ਕਿਹਾ- "ਨਹੀਂ ਬਿਲਕੁਲ ਨਹੀਂ। ਮੇਰੇ ਨਾਲ ਗੁੱਸੇ ਨਾ ਹੋ। ਪਰ, ਮੈਨੂੰ ਡਰ ਐ ਕਿ ਚਾਚਾ-ਚਾਚੀ ਇਤਰਾਜ਼ ਨਾ ਕਰਨ।"

ਬਿਨਾਂ-ਸ਼ੱਕ ਯੂਵਾਨ ਸ਼ੈਆ ਲੀ ਲੂ ਨਾਲ ਗੁੱਸੇ ਨਹੀਂ ਸੀ ਹੋ ਰਹੀ। ਨਾਲ ਦੀ ਨਾਲ ਉਹ ਆਪਣੀ ਸਹੇਲੀ ਨੂੰ ਸਭ ਕੁਝ ਸਮਝਾਉਣਾ ਵੀ ਜ਼ਰੂਰੀ ਸਮਝਦੀ ਸੀ। ਉਸਨੇ ਆਪਣੇ ਪਿਤਾ ਤੇ ਹਿਰਖ਼ ਕਰਦਿਆਂ ਇਉਂ ਵੀ ਆਖ ਦਿੱਤਾ, "ਹੁਣ ਹੱਥ 'ਚ ਲੋਹੇ ਦਾ ਕੌਲਾ ਆ ਜਾਣ 'ਤੇ ਮੇਰੇ ਪਿਤਾ ਜੀ ਨੂੰ ਉਹ ਦਿਨ ਭੁੱਲ ਗਏ, ਜਦ ਟੁੱਟਿਆ ਠੂਠਾ ਲੈ ਕੇ ਭੀਖ਼ ਮੰਗਿਆ ਕਰਦਾ ਸੀ। ਜੇ ਉਸਦੇ ਦਿਲ 'ਚ ਛੋਟੇ ਕੰਮਾਂ-ਕਾਰਾਂ ਪ੍ਰਤੀ ਰਤੀ ਭਰ ਵੀ ਇੱਜ਼ਤ ਹੁੰਦੀ ਤਾਂ ਮੇਰੀ ਮਾਂ ਦਾ ਤਬਾਦਲਾ ਸਰਕਾਰੀ ਪ੍ਰਬੰਧ ਹੇਠਲੇ ਕਾਰਖਾਨੇ 'ਚ ਨਾ ਕਰਵਾਉਂਦਾ। ਇਸ ਲਈ ਜਦ ਮੈਂ ਕਿਸੇ ਦੇ ਮੂੰਹੋਂ ਨੌਕਰਸ਼ਾਹਾਂ ਅਤੇ ਵੱਡੇ ਅਧਿਕਾਰੀਆਂ ਦੀ ਆਲੋਚਨਾ ਸੁਣਦੀ ਤਾਂ ਮੈਨੂੰ ਖੁਸ਼ੀ ਵੀ ਹੁੰਦੀ ਆ ਤੇ ਦੁੱਖ ਵੀ, ਮੈਨੂੰ ਦੁੱਖ ਇਸ ਗੱਲ ਦਾ ਹੁੰਦਾ ਕਿ ਮੈਂ ਆਪ ਅਜਿਹੀ ਆਲੋਚਨਾ ਨਹੀਂ ਕਰ ਸਕਦੀ। ਮੇਰੇ ਤੋਂ ਇਹ ਹੱਕ ਖੋਹ ਲਿਆ ਗਿਆ ਹੈ।"

ਯੂਵਾਨ ਸ਼ੈਆ ਨੇ ਲੀ ਲੂ ਸਾਹਮਣੇ ਆਪਣੇ ਸਪੱਸ਼ਟ ਵਿਚਾਰ ਰੱਖੇ। ਉਸਨੇ ਕਿਹਾ ਕਿ ਜੇ ਮਨੁੱਖ ਚੰਗੇ ਚਾਲਚਲਣ ਦਾ ਹੋਵੇ ਤਾਂ ਉਸਦੇ ਅਹੁਦੇ ਤੇ ਪ੍ਰਸਿੱਧੀ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਲੀ ਲੂ ਚਿੰਗਾੜੀ ਕਾਰਖਾਨੇ ਬਾਰੇ ਵਿਸਥਾਰ ਨਾਲ ਜਾਣਨਾ ਚਾਹੁੰਦੀ



ਸੀ। ਯੂਵਾਨ ਸ਼ੈਆ ਨੂੰ ਜਿੰਨਾ ਕੁ ਪਤਾ ਸੀ, ਜਿੰਨਾ ਕੁ ਖੋਥਿੰਗ ਨੇ ਦੱਸਿਆ ਸੀ, ਉਹ ਸਾਰਾ ਕੁਝ ਉਸਨੇ ਦੱਸ ਦਿੱਤਾ। ਉਸਨੇ ਦੱਸਿਆ ਕਿ ਚਿੰਗਾੜੀ ਕਾਰਖਾਨੇ ਦੇ ਉਤਪਾਦਨ, ਫੈਰਿਕ-ਕਲੋਰਾਈਡ ਦੀ ਮੰਗ ਵਧੀ ਹੈ। ਉਹਾਨ-ਸਟੀਲ ਐਂਡ ਆਇਰਨ ਕੰਪਨੀ ਕਾਫੀ ਵੱਡੀ ਮਾਤਰਾ ਵਿਚ ਇਸ ਕਾਰਖਾਨੇ ਤੋਂ ਫੈਰਿਕ-ਕਲੋਰਾਈਡ ਖਰੀਦਣਾ ਚਾਹੁੰਦੀ ਹੈ। ਪੱਛਮੀ ਜਰਮਨੀ ਦੇ ਇਕ ਵਿਸ਼ੇਸ਼ ਅਧਿਕਾਰੀ ਨੇ ਕੰਪਨੀ ਵਾਲਿਆਂ ਨੂੰ ਕਿਹਾ ਹੈ ਕਿ ਜੇ ਇਹ ਲੋੜੀਂਦੀ ਮਾਤਰਾ ਅਨੁਸਾਰ ਉਤਪਾਦਨ ਨਹੀਂ ਕਰ ਸਕਦੀ ਤਾਂ ਮਾਲ ਪੱਛਮੀ ਜਰਮਨੀ ਤੋਂ ਮੰਗਵਾ ਵੀ ਸਕਦੀ ਹੈ। ਪਰ ਇਸ ਛੋਟੇ ਕਾਰਖਾਨੇ ਨੇ ਮੰਗ ਅਨੁਸਾਰ ਲੋੜੀਂਦਾ ਮਾਲ ਤਿਆਰ ਕਰਨ ਲਈ ਸਫਲਤਾ ਪ੍ਰਾਪਤ ਕਰ ਲਈ ਹੈ।

ਯੂਵਾਨ ਸ਼ੈਆ ਦਾ ਖੋਥਿੰਗ ਪ੍ਰਤੀ ਪ੍ਰੇਮ-ਪਿਆਰ ਦੇਖ ਕੇ ਲੀ ਲੂ ਬਹੁਤੀ ਦੇਰ ਜੇ-ਜੱਕ ਨਾ ਸਕੀ। ਛੇਤੀ ਹੀ ਦੋਨੋਂ ਦੀ ਸਹਿਮਤੀ ਹੋ ਗਈ ਕਿ ਖੋਥਿੰਗ ਠੀਕ ਆਦਮੀ ਹੈ। ਉਹਨਾਂ ਇਕ ਦਮ ਅਗਲੀ ਕਾਰਵਾਈ ਕਰਨ ਲਈ ਯੋਜਨਾ ਘੜ ਲਈ।

## VI

ਅਗਲੇ ਦਿਨ ਸਵੇਰੇ ਯੂਵਾਨ ਸ਼ੈਆ ਅਤੇ ਲੀ ਲੂ ਚਿੰਗਾੜੀ ਰਸਾਣਿਕ ਕਾਰਖਾਨੇ ਗਈਆਂ। ਕਾਰਖਾਨੇ 'ਚ ਕੋਈ ਬਹੁਤੀ ਵਿਸ਼ੇਸ਼ ਗੱਲ ਕੋਈ ਨਹੀਂ ਸੀ। ਪਰ, ਇਸ ਦ੍ਰਿਸ਼ਟੀ ਤੋਂ ਦੇਖਦਿਆਂ ਕਿ ਅਨੇਕਾਂ ਮੁਸ਼ਕਲਾਂ ਦੇ ਬਾਵਜੂਦ ਕਾਰਖਾਨਾ ਤਰੱਕੀ ਕਰ ਰਿਹਾ, ਇਹ ਪੱਖ ਇਸਦੀ ਮਹੱਤਤਾ ਦਰਸਾਉਂਦਾ ਸੀ। ਲੀ ਲੂ ਨੇ ਕਾਰਖਾਨੇ ਦੇ ਗੇਟ ਦੇ ਬਾਹਰ ਤੋਂ ਸਾਰਾ ਕੁਝ ਭਾਂਪ ਲਿਆ। ਰਾਤੀਂ ਯੂਵਾਨ ਸ਼ੈਆ ਦੀ ਦੱਸੀ ਗੱਲ ਵੀ ਚੇਤੇ ਆਈ ਕਿ ਕਾਰਖਾਨਾ ਫੈਰਿਕ-ਕਲਰਾਈਡ ਦੀ ਮੰਗ ਪੂਰੀ ਕਰਨ ਦੇ ਯਤਨਾਂ ਵਿਚ ਜੁੱਟਿਆ ਹੋਇਆ। ਉਸਨੇ ਕਾਰਖਾਨੇ ਦੀਆਂ ਹੋਰਨਾਂ ਮਸ਼ਹੂਰ ਉਤਪਾਦਨ ਵਸਤਾਂ ਬਾਰੇ ਵੀ ਸੋਚਿਆ। ਹੁਣ ਕਾਰਖਾਨੇ ਦਾ ਹਾਲ ਆਪਣੀਆਂ ਅੱਖਾਂ ਨਾਲ ਦੇਖ ਕੇ ਉਹ ਇਸ ਦੀ ਪ੍ਰਸੰਸ਼ਾ ਕੀਤੇ ਬਿਨਾਂ ਨਾ ਰਹਿ ਸਕੀ। ਆਪ ਮੁਹਾਰੇ ਉਸ ਦੇ ਮੂੰਹੋਂ ਨਿਕਲਿਆ- "ਕੌਣ ਸੋਚ ਸਕਦਾ, ਕਿ ਐਨਾ ਕੁ ਕਾਰਖਾਨਾ ਐਡੀਆਂ-ਐਡੀਆਂ ਮੱਲਾਂ ਮਾਰ ਰਿਹੈ।"

ਯੂਵਾਨ ਸ਼ੈਆ ਨੇ ਇਸ਼ਾਰਾ ਕੀਤਾ- "ਉਹ ਆਉਂਦਾ ਉਹ।"

ਲੀ ਲੂ ਨੇ ਦੇਖਿਆ, ਉਹ ਨੌਜਵਾਨ ਸਾਈਕਲ 'ਤੇ ਚੜ੍ਹਿਆ ਆ ਰਿਹਾ ਸੀ। ਉਹ ਲੰਮੇ ਕੱਦ ਵਾਲਾ ਸੁੰਦਰ ਮੁੰਡਾ ਸੀ। ਪਹਿਲੇ ਨਜ਼ਰੇ ਹੀ ਉਹ ਉਸਦੇ ਮਨ ਨੂੰ ਭਾਅ ਗਿਆ। ਉਹ ਕਿਸੇ ਤਰ੍ਹਾਂ ਵੀ ਲੀ ਲੂ ਦੇ ਆਪਣੇ ਮਿੱਤਰ ਨਾਲੋਂ ਘੱਟ ਨਹੀਂ ਸੀ। ਗਦ-ਗਦ ਹੋਈ ਉਹ ਇਉਂ ਵੀ ਆਖ ਗਈ- "ਕੌਣ ਸੋਚ ਸਕਦਾ ਕਿ ਐਦਾਂ ਵੀ ਹੋ ਸਕਦੀ ਆ।" ਉਸਨੇ ਯੂਵਾਨ ਸ਼ੈਆ ਦੀ ਪਸੰਦ ਦੀ ਪ੍ਰਸੰਸਾ ਕੀਤੀ। ਉਸਦਾ ਗੋਲ ਚਿਹਰਾ ਹੋਰ ਵੀ ਗੋਲ ਹੋ ਗਿਆ ਲੱਗਾ। "ਹੌਸਲੇ, ਹੱਠ ਤੇ ਉਤਸ਼ਾਹ ਤੋਂ ਕੰਮ ਲੈ," ਲੀ ਲੂ ਨੇ ਯੂਵਾਨ ਸ਼ੈਆ ਨੂੰ ਹੌਲੀ ਦੇਣੀ ਆਖਿਆ।

ਪਰ, ਉਸਦੀਆਂ ਉਪਰੋਕਤ ਤਿੰਨੋਂ ਨਸੀਹਤਾਂ ਬਹੁਤਾ ਅਸਰ ਨਾ ਦਿਖਾ ਸਕੀਆਂ। ਆਈ ਤਾਂ ਯੂਵਾਨ ਸ਼ੈਆ ਮੁਆਫ਼ੀ ਮੰਗਣ ਸੀ, ਪਰ ਥੋੜ੍ਹਾ ਕੁ ਹੋਰ ਤਰ੍ਹਾਂ ਵੀ ਸੋਚ ਰਹੀ ਸੀ। ਭਾਵੇਂ ਉਹ ਪਹਿਲਾਂ-ਪਹਿਲਾਂ ਬੜੇ ਆਰਾਮ ਨਾਲ ਬੜੇ ਵਿਸ਼ਵਾਸ ਨਾਲ ਖੋਥਿੰਗ ਨਾਲ ਗੱਲ ਕਰਦੀ ਰਹੀ ਸੀ, ਪਰ ਹੁਣ ਉਸਦੇ ਨੇੜੇ ਆਉਂਦਿਆਂ ਸਾਰ ਥੋੜ੍ਹਾ ਕੁ ਘਬਰਾ ਗਈ।

ਖੋਥਿੰਗ ਵੀ ਬਦਲਿਆ ਹੋਇਆ ਸੀ। ਉੱਪ-ਪ੍ਰਬੰਧਕ ਦੇ ਛੋਟੇ ਜਿਹੇ ਡਰਾਇੰਗ ਰੂਮ 'ਚ ਹੋਈ ਅਗਨੀ ਪ੍ਰੀਖਿਆ ਤੋਂ ਪਿਛੋਂ ਉਸਦੇ ਵਿਵਹਾਰ 'ਚ ਨਿੱਘ ਨਹੀਂ ਸੀ ਰਿਹਾ। ਉਸਦੀਆਂ

ਅੱਖਾਂ ਅੰਦਰ ਟਿਕਾ ਸੀ ਤੇ ਉਹ ਆਉਣ ਵਾਲੀ ਹਰ ਮੁਸੀਬਤ ਦਾ ਮੁਕਾਬਲਾ ਕਰਨ ਲਈ ਤਿਆਰ ਸੀ।

ਯੂਵਾਨ ਸ਼ੈਆ ਨੂੰ ਐਥੇ ਦੇਖ ਕੇ ਉਸਨੂੰ ਹੈਰਾਨੀ ਹੋਈ- 'ਉਹ ਏਥੇ ਕਿਉਂ ਆਈ ਐ, ਤੇ ਉਹ ਵੀ ਇਕ ਸਹੇਲੀ ਨੂੰ ਨਾਲ ਲੈ ਕੇ।' ਉਸਨੇ ਲੱਭ-ਲੱਭ ਕੇ ਤਿੱਖੇ ਸ਼ਬਦ ਤੇ ਤਲਖ਼ ਮੁਹਾਵਰੇ ਇਕੱਠੇ ਕਰ ਲਏ ਤਾਂ ਕਿ ਉਹ ਉਸਨੂੰ ਤਾਅਨੇ ਮਾਰ ਸਕੇ। '... ਹੁਣ ਉਹ ਕੀ ਸਲ੍ਹਾਹੁ ਦੇਣ ਆਈ ਆ? ਜੇ ਆਪਣੇ ਪਿਤਾ ਲਈ 'ਤਿਰਲੂਚਨ-ਲੇਪ' ਖਰੀਦਣ ਆਈ ਐ, ਤਾਂ ਮੈਂ ਉਸਦੀ ਸਹਾਇਤਾ ਕਰ ਈ ਦਿਆਂਗਾ....।'

ਯੂਵਾਨ ਸ਼ੈਆ ਨੇ ਅਗਾਂਹ ਹੁੰਦੀ ਨੇ ਕਿਹਾ-'ਬੜੇ ਸਵੱਖਤੇ ਆ ਗਿਆ।'

"ਤੂੰ... ਤੂੰ ਤਾਂ ਮੈਥੋਂ ਵੀ ਪਹਿਲਾਂ ਦੀ ਆਈ ਬੈਠੀ ਆਂ," ਖੋਥਿੰਗ ਨੇ ਰੁੱਖਾ ਜਿਹਾ ਉੱਤਰ ਦਿੱਤਾ। ਖੋਥਿੰਗ ਨੂੰ ਝਗੜਾ ਕਰਨ ਦੀ ਆਦਤ ਨਹੀਂ ਸੀ। ਉਹ ਏਨਾ ਕਠੋਰ ਚਿੱਤ ਵੀ ਨਹੀਂ ਸੀ। ਯੂਵਾਨ ਸ਼ੈਆ ਦੇ ਬੋਲੇ ਛੋਟੇ ਜਿਹੇ ਵਾਕ ਨਾਲ ਉਸਦੇ ਚਿਤਵ ਰੱਖੇ ਔਖੇ ਭਾਰ ਝੱਟ ਹੀ ਭੁੱਲ ਗਏ।

ਥੋੜ੍ਹਾ ਚਿਰ ਲਈ ਚੁੱਪ ਛਾਈ ਰਹੀ। ਅੰਤਰ-ਰਾਸ਼ਟਰੀ ਮੁੱਦਿਆਂ ਤੇ ਵਾਰਤਾਵਾਂ 'ਚ ਐਹੋ ਜਿਹੀ ਖਾਮੋਸ਼ੀ ਕੋਈ ਬਹੁਤੀ ਵੱਡੀ ਗੱਲ ਨਹੀਂ ਹੁੰਦੀ। ਕਦੀ-ਕਦੀ ਗੱਲਬਾਤ ਸਾਲਾਂ-ਬੱਧੀ ਰੁਕੀ ਰਹਿੰਦੀ ਹੈ। ਪਰ, ਅਜਿਹੇ ਪ੍ਰੇਮ-ਪ੍ਰਭਾਵੀ ਮੌਕਿਆਂ ਤੇ ਥੋੜੀ ਕੁ ਜਿੰਨੀ ਚੁੱਪ ਵੀ ਤਨਾਓ ਪੈਦਾ ਕਰ ਦਿੰਦੀ ਹੈ। ਖਾਮੋਸ਼ੀ, ਯੁੱਧ ਨਾਲੋਂ ਵੀ ਵੱਧ ਅਸਹਿ ਹੋ ਗਈ।

.....ਪਾਰਟੀ ਸਕੱਤਰ ਵਾਨ ਅੱਧਾ ਭਠੂਰਾ ਹੱਥ 'ਚ ਫੜੀ ਤੁਰੀ ਆ ਰਹੀ ਸੀ। ਉਸਨੇ ਖੋਥਿੰਗ ਨੂੰ ਫੈਕਟਰੀ ਆਉਂਦੇ ਨੂੰ ਪੁੱਛਿਆ- "ਕਿਉਂ ਬੁਆਇਲਰ ਦੀ ਗੱਲ ਬਣੀ?"

"ਉਹ ਪਛਾਣ ਪੱਤਰ ਮੰਗਦੇ ਆ", ਖੋਥਿੰਗ ਨੇ ਉੱਤਰ ਦਿੱਤਾ। ਉਸਨੇ ਯੂਵਾਨ ਸ਼ੈਆ ਤੇ ਆਪਣੀ ਵਲੋਂ ਜਿਵੇਂ ਵਿਅੰਗ ਕੱਸਿਆ ਹੋਵੇ।

"ਜੇ ਤੂੰ ਸਾਰਾ ਪ੍ਰਬੰਧ ਕਰ ਲਿਆ ਤਾਂ ਪਛਾਣ ਪੱਤਰ ਲਿਖਣ 'ਚ ਮੈਨੂੰ ਕਿੰਨਾ ਕੁ ਚਿਰ ਲੱਗਣਾ?" ਹਾਲਾਤ ਦਾ ਜਾਇਜ਼ਾ ਲੈਂਦੀ, ਪਾਰਟੀ ਸਕੱਤਰ ਵਾਨ ਬਹੁਤ ਪ੍ਰਸੰਨ ਦਿਖਾਈ ਦਿੱਤੀ। ਉਸ ਦੇ ਹੋਰ ਲਾਗੇ ਹੁੰਦੀ ਦੀ ਉਸਦੀ ਭਾਸ਼ਾ ਹੋਰ ਵੀ ਪ੍ਰਸੰਸਾ ਭਰਪੂਰ ਹੋ ਗਈ- "ਆਹ ਦੋਨੋਂ ਕੁੜੀਆਂ ਕੌਣ ਆਂ?"

ਲੀ ਲੂ ਨੇ ਸਥਿਤੀ ਸੰਭਾਲਦੀ ਨੇ ਝੱਟ ਦੇਣੀ ਕਿਹਾ- "ਉੱਪ-ਪ੍ਰਬੰਧਕ ਯੂਵਾਨ ਨੇ ਸਾਨੂੰ ਏਥੇ ਭੇਜਿਆ। ਕਲ੍ਹ, ਕਾਮਰੇਡ ਖੋ ਦੇ ਮੁੜ ਆਉਣ ਪਿਛੋਂ ਪ੍ਰਬੰਧਕ ਯੂਵਾਨ ਨੇ ਕਿਹਾ- "ਏਨੂੰ ਮੁੜ-ਘੜੀ ਏਥੇ ਆਉਣ ਦੀ ਕੀ ਲੋੜ ਆ। ਅਸੀਂ ਸਾਰੇ "ਚਾਰਾਂ-ਆਧੁਨੀਕਰਨਾਂ" ਨੂੰ ਸਫ਼ਲ ਕਰਨ ਵਿਚ ਜੁਟੇ ਹੋਏ ਹਾਂ। ਇਸ ਲਈ ਉਹਨਾਂ ਆਪ ਇਹ ਆਦੇਸ਼ ਲਿਖਕੇ ਸਾਨੂੰ ਏਥੇ ਪੁੱਜਦਾ ਕਰਨ ਲਈ ਭੇਜਿਆ।

ਯੂਵਾਨ ਸ਼ੈਆ ਨੇ ਆਪਣੇ ਪਿਤਾ ਦੀ ਕੀਤੀ ਗਲਤੀ 'ਤੇ ਪਰਦਾ ਪਾਉਣ ਦੀ ਲੀ ਲੂ ਦੀ ਕੀਤੀ ਕੋਸ਼ਿਸ਼ ਦੀ ਮਨੋ-ਮਨੀਂ ਪ੍ਰਸੰਸਾ ਕੀਤੀ। ਉਸਦੀ ਸਮਝ 'ਚ ਨਹੀਂ ਆ ਰਿਹਾ ਕਿ ਉਹ ਕੀ ਕਹੇ। ਸੱਚ ਤਾਂ ਇਹ ਸੀ ਕਿ ਜੇ ਬੁਆਇਲਰ ਦੀ ਸਮੱਸਿਆ ਇਕ ਦਮ ਨਹੀਂ ਸੀ ਸੁਲਝਾਈ ਜਾਂਦੀ ਤਾਂ ਸੰਭਵ ਸੀ ਕਿ ਬੁਆਇਲਰ ਕੋਈ ਹੋਰ ਕਾਰਖਾਨਾ ਖਰੀਦ ਕੇ ਲੈ ਜਾਂਦਾ। ਲੀ ਲੂ, ਯੂਵਾਨ ਸ਼ੈਆ ਦੇ ਦੋਸਤ ਨੂੰ ਦੇਖਣਾ ਵੀ ਚਾਹੁੰਦੀ ਸੀ ਕਿ ਉਹ ਇਹ ਵੀ ਚਾਹੁੰਦੀ ਸੀ ਕਿ ਆਪਣੀ ਸਹੇਲੀ ਦੀ ਨਿੱਜੀ ਸਲਾਹਕਾਰ ਹੋਣ ਦੀ ਭੂਮਿਕਾ ਚੰਗੀ ਤਰ੍ਹਾਂ ਨਿਭਾ ਵੀ ਸਕੇ। ਇਸ ਲਈ ਦੋਨਾਂ ਨੇ ਉੱਪ-ਪ੍ਰਬੰਧਕ ਯੂਵਾਨ ਤੋਂ ਆਦੇਸ਼ ਲਿਖਵਾਉਣ



ਦਾ ਵਾਅਦਾ ਲੈ ਲਿਆ ਸੀ।

ਪਾਰਟੀ ਸਕੱਤਰ ਵਾਨ ਉਹਨਾਂ ਦੀ ਅਹਿਸਾਨਮੰਦ ਸੀ। ਇਸ ਲਈ ਉਹ ਦੋਨਾਂ ਕੁੜੀਆਂ ਨੂੰ ਆਪਣੇ ਦਫ਼ਤਰ ਲੈ ਜਾ ਕੇ ਗੱਲ ਕਰਨਾ ਚਾਹੁੰਦੀ ਸੀ। ਪਰ, ਉਸ ਨੂੰ ਡਰ ਸੀ ਕਿ ਉਸਦੇ ਥਿੰਦੇ ਹੱਥਾਂ ਨਾਲ ਕੁੜੀਆਂ ਦੇ ਕੱਪੜੇ ਨਾ ਗੰਦੇ ਹੋ ਜਾਣ। ਲੀ ਲੂ ਨੇ ਉਸਦੀ ਝਿਜਕ ਨੂੰ ਭਾਂਪਦਿਆਂ ਕਿਹਾ- 'ਕੋਈ ਗੱਲ ਨਹੀਂ ਕੁਝ ਨਹੀਂ ਹੁੰਦਾ ਤੇ ਉਹ ਆਪ ਉਸਦੇ ਨਾਲ ਦਫਤਰ ਅੰਦਰ ਚਲੀ ਗਈ। ਲੀ ਲੂ ਨੇ ਸਕੱਤਰ ਵਾਨ ਨੂੰ ਕੱਲ੍ਹ ਵਾਲੀ ਘਟਨਾ ਉਚੇਚ ਨਾਲ ਦੱਸੀ। ਨਾਲ ਦੀ ਨਾਲ ਉਸਨੇ ਖੋਥਿੰਗ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਲਈ। ਪਾਰਟੀ ਸਕੱਤਰ ਵਾਨ ਬੇ-ਹੱਦ ਪ੍ਰਸੰਨ ਸੀ। ਉਸਨੇ ਮੁਸਕਰਾਉਂਦੀ ਨੇ ਬਾਹਰ ਖੜੀ ਯੂਵਾਨ ਸ਼ੈਆ ਨੂੰ ਕਈ ਵਾਰ ਦੇਖਿਆ। ਉਸਦੇ ਕਾਰਖਾਨੇ ਦੀਆਂ ਕਈ ਕੁੜੀਆਂ ਨੇ ਦੁਆਈਆਂ ਦੇ ਤੀਜੇ ਕਾਰਖਾਨੇ ਦੇ ਮਜ਼ਦੂਰਾਂ ਨਾਲ ਵਿਆਹ ਕੀਤੇ ਸਨ। ਤੇ ਹੁਣ, ਉਸੇ ਕਾਰਖਾਨੇ ਦੀ ਐਨੀ ਸੋਹਣੀ ਕੁੜੀ, ਤੇ ਉਹ ਵੀ ਉੱਪ-ਪ੍ਰਬੰਧਕ ਯੂਵਾਨ ਦੀ ਧੀ, ਉਸਦੇ ਛੋਟੇ ਕਾਰਖਾਨੇ ਚੱਲ ਕੇ ਆਈ ਸੀ। ਇਸ ਨਾਲ ਉਸਦੇ ਮਾਣ-ਸਨਮਾਨ 'ਚ ਬਹੁਤ ਵਾਧਾ ਹੋਇਆ ਸੀ। ਉਸਨੇ ਉੱਪ-ਪ੍ਰਬੰਧਕ ਯੂਵਾਨ ਪ੍ਰਤੀ ਧੰਨਵਾਦ ਦਾ ਪ੍ਰਗਟਾਵਾ ਕੀਤਾ। ਉਸਨੇ ਸਿਰਫ਼ ਬੁਆਇਲਰ ਦੇ ਕੀ ਹੀ ਉਸਦੀ ਸਹਾਇਤਾ ਨਹੀਂ ਸੀ ਕੀਤੀ, ਸਗੋਂ ਇਕ ਸੋਹਣੀ ਕੁੜੀ ਵੀ ਦਾਜ ਵਿਚ ਦਿੱਤੀ ਸੀ। ਉਸਨੇ ਆਪਣੇ ਆਪ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਸੀ- "ਸਾਡੇ ਛੋਟੇ ਕਾਰੋਬਾਰ ਨੂੰ ਐਵੇਂ ਨਿਗੂਣਾ ਜਿਹਾ ਨਾ ਸਮਝੋ, ਹੁਣ ਤਾਂ ਏਦੇ ਬਾਰੇ ਉੱਪ-ਪ੍ਰਬੰਧਕ ਯੂਵਾਨ ਦੀ ਵਧੀਆ ਰਾਇ ਰੱਖਦੇ ਆ।"

ਯੂਵਾਨ ਸ਼ੈਆ ਨੇ ਖੋਥਿੰਗ ਤੋਂ ਮੁਆਫ਼ੀ ਮੰਗੀ। ਪਰ, ਖੋਥਿੰਗ ਅਜੇ ਵੀ ਗੁੱਸੇ ਸੀ। ਉਸਨੇ ਕੋਈ ਗੱਲਬਾਤ ਨਾ ਕੀਤੀ। ਉਸੇ ਵੇਲੇ ਸ਼ਿਫਟ ਚਾਲੂ ਹੋਣ ਦੀ ਘੰਟੀ ਵੱਜ ਗਈ। ਖੋਥਿੰਗ ਆਪਣੇ ਕੰਮ ਜਾ ਲੱਗਾ। ਯੂਵਾਨ ਸ਼ੈਆ ਨੂੰ ਪਤਾ ਨਾ ਲੱਗ ਸਕਿਆ ਕਿ ਖੋਥਿੰਗ ਨੇ ਉਸਨੂੰ ਮੁਆਫ਼ ਕੀਤਾ ਹੈ ਕਿ ਨਹੀਂ।

ਉਸੇ ਸ਼ਾਮ, ਦੱਖਣੀ ਝੀਲ ਦੇ ਕੰਢੇ ਯੂਵਾਨ ਸ਼ੈਆ ਫਿਰ ਉਸਦੀ ਉਡੀਕ 'ਚ ਜਾ ਖੜੀ ਹੋਈ। ਉਹ ਉਸ ਥਾਂ ਜਾ ਰੁਕੀ ਸੀ। ਜਿੱਥੇ ਉਸਦੀ ਸਾਈਕਲ ਖਰਾਬ ਹੋਈ ਨੂੰ ਖੋਥਿੰਗ ਨੇ ਠੀਕ ਕੀਤਾ ਸੀ। ਅਨੇਕਾਂ ਲੋਕੀਂ ਉਥੋਂ ਦੀ ਲੰਘੇ ਸਨ। ਉਦਾਸ ਦਿਸਦੀ ਯੂਵਾਨ ਸ਼ੈਆ ਸੋਚ ਰਹੀ ਸੀ-"ਕੀ ਅੱਜ ਵੀ ਮਨਮੋਹਕ ਚੰਦਰਮਾ ਨਿਕਲੇਗਾ? ਕੀ ਖੋਥਿੰਗ ਐਧਰਲੇ ਰਸਤਿਉਂ ਲੰਘੇਗਾ? ਜਾਂ ਉਹ ਦੂਜੇ ਪਾਸੇ ਦਾ ਲੰਮਾ ਪੈਂਡਾ ਮਾਰਦਾ ਆਪਣੇ ਘਰ ਨੂੰ ਚਲੇ ਜਾਏਗਾ? .... ਮੈਨੂੰ ਆਪਣੇ ਪਿਤਾ ਤੇ ਉਸ ਵਿਚਕਾਰਲੇ ਫ਼ਰਕ ਨੂੰ ਵੀ ਧਿਆਨ 'ਚ ਰੱਖਣਾ ਪੈਣਾ।" •

ਅਨੁਵਾਦ ਲਾਲ ਸਿੰਘ ਦਸੂਹਾ

ਹਰਭਜਨ ਸਿੰਘ ਹੁੰਦਲ ਦਾ
ਨਵਾਂ ਕਾਵਿ-ਸੰਗ੍ਰਹਿ
ਦੋਸਤੀਨਾਮਾ
ਇਹ ਦੋਸਤੀ ਦੇ ਸੰਕਲਪ ਬਾਰੇ ਲਿਖੀ ਲੰਮੀ ਨਜ਼ਮ ਹੈ।
ਕੁਕਨੂਸ ਪ੍ਰਕਾਸ਼ਨ - ਜਲੰਧਰ

## ਵਤਨੋਂ ਦੂਰ / ਸਿਰਲੱਥ ਕਵਿਤਾ/ ਮਹਿਰਮਯਾਰ

ਮਹਿਰਮਯਾਰ ਸਾਡੀ ਪੀੜ੍ਹੀ ਦਾ ਸਮਰੱਥ ਕਵੀ ਤੇ ਕਹਾਣੀਕਾਰ ਸੀ। ਉਸ ਨੇ ਕੀਨੀਆ ਜਾ ਕੇ ਉਥੋਂ ਦੇ ਕਲਾਕਾਰਾਂ ਤੇ ਲੇਖਕਾਂ ਨਾਲ ਨੇੜਲਾ ਸੰਪਰਕ ਕਾਇਮ ਕਰ ਲਿਆ ਸੀ। ਉਥੇ ਉਹ ਲੇਖਕ ਤੇ ਕਲਾ-ਆਲੋਚਕ ਵਜੋਂ ਪ੍ਰਸਿੱਧ ਸੀ। ਉਸ ਦੀਆਂ ਕਈ ਰਚਨਾਵਾਂ ਸਪੇਨੀ ਭਾਸ਼ਾ ਵਿਚ ਵੀ ਛਪ ਚੁੱਕੀਆਂ ਹਨ। ਪੰਜਾਬੀ ਵਿਚ ਉਸ ਦਾ ਢੇਰ ਸਾਰਾ ਅਣਛਪਿਆ ਰਹਿ ਗਿਆ ਹੈ। ਉਹ ਆਖਦਾ ਹੁੰਦਾ ਸੀ ਕਿ ਮੈਂ ਪੈਸੇ ਦੇ ਕੇ ਕਿਤਾਬ ਨਹੀਂ ਛਪਵਾਉਣੀ। ਉਸ ਦੀ ਮੌਤ ਨਾਲ ਸਭ ਕੁਝ ਖਰੜਿਆਂ ਦੇ ਰੂਪ ਵਿਚ ਪਿਆ ਰਹਿ ਗਿਆ ਹੈ। -ਸੰਪਾਦਕ

ਅਸੀਂ
ਸੜੇ ਹੱਥਾਂ ਦੇ
ਛਾਲੇ ਦੇਖਦੇ
ਅੱਖਾਂ ਦੀਆਂ ਖੁੱਤੀਆਂ
ਭੁੱਲੇ ਹੋਏ ਹਾਂ।

ਅਸੀਂ
ਖੜੇ-ਖੜੋਤੇ
ਲੂੰ-ਕੰਡਿਆਂ ਤੱਕ ਭੁੱਖੇ
ਤਲੀਆਂ ਹੇਠਾਂ
ਲਟਾ ਲਟ
ਬਲ ਉੱਠੀ
ਘਾਹ ਜਿਹੀ ਹੋਂਦ ਨੂੰ
ਵਿਸਰ ਗਏ ਹਾਂ।

ਅਸੀਂ
ਰੰਗੇ ਤਰਾਸ਼ੇ ਨਹੁੰਆਂ ਨਾਲੋਂ
ਟੁੱਟਦੇ ਹੋਏ ਮਾਸ ਬਾਰੇ ਸੋਚਦੇ
ਨਾੜਾਂ 'ਚ ਗਿੜਦੇ ਖੌਲਦੇ
ਲਹੂ ਨੂੰ ਥੰਮ੍ਹਦੇ ਹੋਏ
ਵੱਢੇ ਟੁੱਕੇ ਅਭਾਗੇ ਦੇਸ਼ ਦੇ
ਵਿੱਸ ਘੋਲਦੇ
ਦਰਿਆਵਾਂ ਕੋਲੋਂ ਲੰਘਦੇ
ਨਿਪੱਤਰੇ ਨਮੋਸ਼ੇ
ਬ੍ਰਿਛਾਂ ਉੱਤੇ ਤਣੇ
ਪਾਟੇ ਝਰੀਟੇ
ਆਕਾਸ਼ ਨੂੰ ਤੱਕਦੇ ਹੋਏ
ਘਾਬਰ ਕੇ
ਸੀਅ ਠੋਕ ਕੇ
ਰੋਹ 'ਚ ਆਇਆ
ਸੱਚਾ ਸੁੱਚਾ ਸ਼ਬਦ
"ਐਤੀਂ ਮਾਰ ਪਈ ਕੁਰਲਾਣੈ
ਤੈਂ ਕੀ ਦਰਦ ਨਾ ਆਯਾ"
ਕਹਿਣ ਦਾ
ਹੌਸਲਾ ਹੀ ਕਰ ਰਹੇ ਸਾਂ
ਕਿ ਸਾਨੂੰ
ਵਰ੍ਹਦੀਆਂ ਅੱਗਾਂ 'ਚ
ਚੱਲਦੀਆਂ ਗੋਲ਼ੀਆਂ 'ਚ
ਲੜਖੜਾਉਂਦੇ ਮੋਢਿਆਂ ਤੋਂ
ਲੁੜਕਦੇ ਹੋਏ ਸਿਰਾਂ ਨੇ
ਚੀਕ ਕੇ ਚੰਘਾੜ ਕੇ
ਹੈ ਦੱਸਿਆ
ਓ ਮੇਰਾ ਦਿਲ ਜਿਗਰ
ਕਾਲਜਾ ਛਲਣੀ ਹੋਇਆ
ਓ ਮੇਰਾ
ਸਿਰ ਗਰਦਨ ਤੋਂ
ਗਿਆ ਕੱਟਿਆ
ਸੁਣਦਿਆਂ ਸਾਰ
ਸਥੂਲ ਇਹ ਜੁੱਸਾ ਮੇਰਾ
ਧੁੰਦਲ 'ਚ ਰੁਲਦੇ
ਲਹੂ ਮਿੱਟੀ ਹੋ ਰਹੇ
ਕੇਸਾਂ ਸੁਆਸਾਂ
ਉੱਤੇ ਢਹਿ ਪਿਆ ਹੈ।
ਇਹ ਮੇਰੀ
ਕੁਕਨੂਸ ਦੀ
ਅੱਖ ਵਰਗੀ ਰੂਹ
ਤੱਤੀ ਸੁਆਹ ਚੋਂ
ਆਪਣੇ ਖੰਭਾਂ ਨੂੰ
ਖੁਦ ਹੀ ਭਾਲ ਕੇ
ਹੌਲ਼ੀ-ਹੌਲ਼ੀ ਉਠਦੀ
ਲੋਹਾ ਹੋਈ
ਮੀਟੀ ਮੁੱਠ ਨਾਲ
ਲਲਕਾਰਦੀ
ਚੁੱਪ ਹੀ ਚੀਕੇ ਪਈ।
(ਨੈਰੋਬੀ, ਕੀਨੀਆ)





# ਕਵਿਤਾ ਦੀ ਘੜੀ

ਜੌਹਨ ਬਰਗਰ

ਅਸੀਂ ਸਾਰੇ ਕਦਮਾਂ ਦੀ ਗਿਣਤੀ ਜਾਣਦੇ ਹਾਂ
ਵੀਰੋ! ਉਸ ਕਾਲ ਕੋਠੜੀ ਤੋਂ
ਉਸ ਕਮਰੇ ਤੀਕ।
ਜੇ ਇਹ ਵੀਹ ਕਦਮਾਂ ਹਨ.
ਉਹ ਤੁਹਾਨੂੰ ਗੁਸਲਖਾਨੇ ਵਿਚ ਨਹੀਂ ਲਿਜਾ ਰਹੇ,
ਜੇ ਉਹ ਪੰਤਾਲੀ ਹਨ
ਉਹ ਤੁਹਾਨੂੰ ਵਰਜ਼ਿਸ਼ ਲਈ
ਬਾਹਰ ਨਹੀਂ ਕੱਢ ਰਹੇ
ਜੇ ਤੁਹਾਡੇ ਕਦਮ ਅੱਸੀ ਤੋਂ ਟੱਪ ਜਾਂਦੇ ਹਨ
ਤੇ ਤੁਸੀਂ ਅੰਨ੍ਹੇ ਹੋਏ ਠੇਡੇ ਖਾਣ ਲੱਗਦੇ ਹੋ
ਤੇ ਪੌੜੀਆਂ ਚੜ੍ਹਦੇ ਹੋ।
ਆਹ! ਜੇ ਤੁਹਾਡੇ ਕਦਮ ਅੱਸੀਆਂ ਤੋਂ ਵਧ ਜਾਂਦੇ ਹਨ
ਤਾਂ ਫਿਰ ਇਕੋ ਥਾਂ ਰਹਿ ਜਾਂਦੀ ਹੈ
ਜਿੱਥੇ ਉਹ ਤੁਹਾਨੂੰ ਲਿਜਾ ਸਕਦੇ ਹਨ,
ਸਿਰਫ ਇਕ ਥਾਂ
ਹੁਣ ਬੱਸ ਇਕੋ ਹੀ ਥਾਂ ਰਹਿ ਗਈ ਹੈ
ਜਿੱਥੇ ਉਹ ਤੁਹਾਨੂੰ ਲਿਜਾ ਸਕਦੇ ਹਨ।

ਜਿੱਥੇ ਮੈਂ ਰਹਿੰਦਾ ਹਾਂ, ਉਥੇ ਝੀਲ ਨੇੜੇ ਇੱਕ ਹੋਟਲ ਹੈ। ਪਿਛਲੀ ਜੰਗ ਸਮੇਂ ਇਹ ਗੈਸਟਾਪੂ ਦਾ ਸਥਾਨਕ ਹੈੱਡਕਵਾਟਰ ਸੀ, ਬਹੁਤ ਸਾਰੇ ਲੋਕਾਂ ਦੀ ਏਥੇ ਪੁੱਛਗਿੱਛ ਹੁੰਦੀ ਸੀ ਤੇ ਉਨ੍ਹਾਂ ਨੂੰ ਤਸੀਹੇ ਦਿੱਤੇ ਜਾਂਦੇ ਸੀ। ਅੱਜਕੱਲ ਏਥੇ ਫਿਰ ਹੋਟਲ ਹੈ। ਸ਼ਰਾਬਖਾਨੇ ਤੋਂ ਤੁਸੀਂ ਪਾਣੀ ਦੇ ਪਾਰ, ਦੂਰ ਪਹਾੜਾਂ ਵੱਲ ਤੱਕਦੇ ਹੋ, ਤੁਸੀਂ ਇਕ ਦ੍ਰਿਸ਼ ਵੇਖਦੇ ਹੋ, ਜਿਹੜਾ ਉਨ੍ਹੀਵੀਂ ਸਦੀ ਦੇ ਸੈਂਕੜੇ ਹੀ ਰੋਮਾਂਟਿਕ ਚਿਤਰਕਾਰਾਂ ਨੂੰ, ਗੌਰਵਸ਼ਾਲੀ ਪ੍ਰਤੀਤ ਹੁੰਦਾ ਹੋਵੇਗਾ। ਏਸੇ ਹੀ ਦ੍ਰਿਸ਼ ਉੱਤੇ, ਪੁੱਛ-ਪੜਤਾਲ ਤੋਂ ਪਹਿਲਾਂ ਤੇ ਪਿੱਛੋਂ, ਤਸੀਹੇ ਸਹਿਣ ਵਾਲੇ ਤੱਕਦੇ ਹੋਣਗੇ। ਏਸੇ ਹੀ ਦ੍ਰਿਸ਼ ਸਾਹਮਣੇ ਤਸੀਹੇ ਸਹਿਣ ਵਾਲਿਆਂ ਦੇ ਪਿਆਰੇ ਤੇ ਮਿੱਤਰ ਰੁਕਦੇ ਹੋਣਗੇ ਤੇ ਬੇਬਸੀ ਵਿਚ ਉਸ ਇਮਾਰਤ ਵੱਲ ਵੇਖਦੇ ਹੋਣਗੇ, ਜਿਸ ਦੇ ਅੰਦਰ ਵਾਰ, ਉਹਨਾਂ ਦੇ ਆਪਣੇ, ਅਕਹਿ ਦਰਦ ਅਤੇ ਦੇਰ ਨਾਲ, ਪਰ ਦਰਦ-ਭਰੀ ਮੌਤ ਦੇ ਦੁੱਖ ਝੱਲ ਰਹੇ ਹੁੰਦੇ ਹਨ। ਇਸ ਮਹਾਨ ਤੇ ਵਰਤਮਾਨ ਯਥਾਰਥ ਦੇ ਵਿਚਕਾਰ, ਉਹ ਉਹਨਾਂ ਪਹਾੜਾਂ ਤੇ ਉਸ ਝੀਲ ਵਿਚੋਂ ਦੀ ਵੇਖਦੇ ਹੋਣਗੇ।

ਸਾਰੇ ਤਜਰਬਿਆਂ ਵਿਚੋਂ, ਸਿਲਸਿਲੇਵਾਰ ਮਨੁੱਖੀ ਤਸੀਹੇ, ਸ਼ਾਇਦ ਬਿਆਨ ਕਰਨੇ ਔਖੇਰੇ ਹਨ। ਸਿਰਫ ਵਾਪਰ ਰਹੇ ਕਸ਼ਟ ਦੀ ਸ਼ਿੱਦਤ ਕਾਰਨ ਹੀ ਨਹੀਂ, ਸਗੋਂ ਐਸੇ ਤਸੀਹਿਆਂ ਦਾ ਆਰੰਭ ਹੀ, ਉਸ ਕਲਪਨਾ ਦੇ ਵਿਰੁੱਧ ਜਾਂਦਾ ਹੈ, ਜਿਸ ਉੱਤੇ ਕਿ ਸਾਰੀਆਂ ਭਾਸ਼ਾਵਾਂ ਆਧਾਰਤ ਹਨ। ਆਪਸੀ ਸਮਝਦਾਰੀ ਦੀ ਕਲਪਨਾ ਤੋਂ ਪਾਰ, ਜੋ ਕਿ ਅੰਤਰ ਕਰਦੀ ਹੈ, ਤਸੀਹੇ ਭਾਸ਼ਾ ਨੂੰ ਤਬਾਹ ਕਰ ਦਿੰਦੇ ਹਨ, ਇਸ ਦਾ ਮਨੋਰਥ ਭਾਸ਼ਾ ਨੂੰ ਆਵਾਜ਼ ਅਤੇ ਸ਼ਬਦਾਂ **ਦੀ ਸੱਚਾਈ** ਤੋਂ ਤੋੜਨਾ ਹੈ। ਜਿਸ ਨੂੰ ਤਸੀਹੇ ਦਿੱਤੇ ਜਾ ਰਹੇ ਹੁੰਦੇ ਹਨ, ਉਹ ਇਹ

ਗੱਲ ਜਾਣਦਾ ਹੁੰਦਾ ਹੈ ਕਿ ਉਹ ਮੈਨੂੰ ਤੋੜ ਰਹੇ ਹਨ। ਉਸ ਔਰਤ ਜਾਂ ਮਰਦ ਦਾ ਵਿਰੋਧ ਇਸ ਗੱਲ ਵਿਚ ਵੀ ਕੋਸ਼ਿਸ਼ ਵਿਚ ਹੁੰਦਾ ਹੈ ਕਿ ਉਹ "ਮੈਂ" ਨੂੰ ਤੋੜਨ ਦੀ ਕੋਸ਼ਿਸ਼ ਨੂੰ ਘਟਾਉਣ। ਤਸੀਹੇ ਬੰਦੇ ਨੂੰ ਤੋੜ ਕੇ ਖਿਲਾਰ ਦਿੰਦੇ ਹਨ।

ਕਦੇ ਯਕੀਨ ਨਾ ਕਰੋ
ਜਦੋਂ ਉਹ ਤੁਹਾਨੂੰ ਮੇਰੇ ਸਰੀਰ ਦੀ ਤਸਵੀਰ ਵਿਖਾਉਂਦੇ ਹਨ
ਉਹਨਾਂ ਉੱਤੇ ਕਦੇ ਇਤਬਾਰ ਨਾ ਕਰੋ
ਕਦੇ ਨਾ ਮੰਨੋ, ਜਦੋਂ ਉਹ ਤੁਹਾਨੂੰ ਆਖਦੇ ਨੇ
ਕਿ ਚੰਨ, ਚੰਨ ਹੀ ਹੈ।
ਜੇ ਉਹ ਕਹਿਣ ਕਿ ਚੰਨ, ਚੰਨ ਹੀ ਹੈ
ਕਿ ਟੇਪ ਕੀਤੀ ਆਵਾਜ਼ ਮੇਰੀ ਹੈ
ਕਿ ਇਹ ਦਸਤਖਤ ਜਾਂ ਇਕਬਾਲ ਮੇਰਾ ਹੈ
ਜੇ ਉਹ ਕਹਿਣ ਕਿ ਬਿਰਖ, ਬਿਰਖ ਹੀ ਹੈ
ਤਾਂ ਕਦੇ ਯਕੀਨ ਨਾ ਕਰਿਓ
ਕਦਾਚਿਤ ਵੀ ਨਾ
ਤੁਹਾਨੂੰ ਕੁਝ ਵੀ ਕਹਿਣ
ਕਿਸੇ ਚੀਜ਼ ਦੀ ਵੀ ਸਹੁੰ ਖਾਣ
ਤੁਹਾਨੂੰ ਕੁਝ ਵੀ ਪਏ ਵਿਖਾਉਣ
ਉਹਨਾਂ ਉੱਤੇ ਇਤਬਾਰ ਨਹੀਂ ਕਰਨਾ।

ਤਸੀਹਿਆਂ ਦਾ ਬੜਾ ਲੰਮਾ ਤੇ ਵਿਸ਼ਾਲ ਇਤਿਹਾਸ ਹੈ। ਜੇ ਲੋਕ ਅੱਜ ਉਸਦੇ ਦੁਬਾਰਾ ਪ੍ਰਗਟ ਹੋਣ ਦੀ ਮਾਤਰਾ ਉੱਤੇ ਹੈਰਾਨ ਹਨ, (ਕੀ ਇਹ ਕਦੇ ਅਲੋਪ ਹੋਇਆ ਸੀ?) ਤਾਂ ਇਹ ਸ਼ਾਇਦ ਇਸ ਕਾਰਨ ਹੈ ਕਿ ਉਹਨਾਂ ਨੇ ਬਦੀ ਵਿਚ ਭਰੋਸਾ ਕਰਨਾ ਤਿਆਗ ਦਿੱਤਾ ਹੈ। ਤਸੀਹੇ ਇਸ ਕਾਰਨ ਝਟਕਾ ਨਹੀਂ ਲਾਉਂਦੇ ਕਿ ਇਹ ਦੁਰਲੱਭ ਹਨ ਕਿ ਇਹਨਾਂ ਦਾ ਸਬੰਧ ਬੀਤ ਗਏ ਨਾਲ ਹੈ। ਇਹ ਝਟਕਾ ਇਸ ਕਾਰਨ ਲਾਉਂਦੇ ਹਨ ਕਿਉਂਕਿ ਜੋ ਕੁਝ ਇਹ ਕਰਦੇ ਹਨ। ਤਸੀਹੇ ਦਾ ਉਲਟ ਸ਼ਬਦ 'ਤਰੱਕੀ' ਜਾਂ 'ਦਇਆ' ਨਹੀਂ। (ਇਹ ਵਿਸ਼ਾ ਨਿਊ ਟੈਸਟਾਮੈਂਟ ਦੇ ਏਨੇ ਨੇੜੇ ਹੈ ਕਿ ਇਹਦੇ ਸੰਕੇਤ ਵਰਤੇ ਜਾ ਸਕਦੇ ਹਨ।)

ਬਹੁ-ਗਿਣਤੀ ਤਸੀਹਾ ਦੇਣ ਵਾਲੇ ਨਾ ਅਵੈੜੇ (Sadist) ਹੁੰਦੇ ਹਨ — ਸ਼ਬਦ ਦੇ ਰੋਗ ਸੰਬੰਧੀ ਅਰਥਾਂ ਵਿਚ — ਤੇ ਨਾ ਹੀ ਜਨਮ ਤੋਂ ਸ਼ੁੱਧ ਬਦੀ ਦਾ ਰੂਪ। ਇਹ ਆਦਮੀ ਤੇ ਔਰਤਾਂ, ਉਹ ਹੁੰਦੇ ਹਨ, ਜੋ ਕਿਸੇ ਕਾਰਜ ਨੂੰ ਪ੍ਰਵਾਨ ਕਰਨ ਤੇ ਫਿਰ ਉਸ ਨੂੰ ਵਰਤਣ ਦੇ ਆਦੀ ਹੋ ਜਾਂਦੇ ਹਨ। ਤਸੀਹੇ ਦੇਣ ਵਾਲਿਆਂ ਦੇ ਰਸਮੀ ਤੇ ਗੈਰ-ਰਸਮੀ ਸਕੂਲ ਹੁੰਦੇਂ ਹਨ, ਵਧੇਰੇ ਕਰਕੇ ਸਰਕਾਰੀ ਸਹਾਇਤਾ ਪ੍ਰਾਪਤ। ਐਪਰ ਸਕੂਲ ਤੋਂ ਪਹਿਲਾਂ ਪਹਿਲਾਂ ਸਿਖਲਾਈ, ਇਸ ਵਿਚਾਰਧਾਰਕ ਮਸਲੇ ਤੋਂ ਆਰੰਭ ਹੁੰਦੀ ਹੈ ਕਿ ਖ਼ਾਸ ਵਰਗ ਦੇ ਲੋਕ, ਬੁਨਿਆਦੀ ਤੌਰ 'ਤੇ ਵੱਖਰੇ ਹੁੰਦੇ ਨੇ ਤੇ ਉਹਨਾਂ ਦਾ ਇਹ ਅੰਤਰ ਹੀ ਸਭ ਤੋਂ ਵੱਡਾ ਖਤਰਾ ਹੁੰਦਾ ਹੈ। ਏਸ ਕਾਰਨ, ਤੀਸਰੇ ਆਦਮੀ ਦਾ ਅਸਾਂ ਤੇ ਤੁਸਾਂ ਨਾਲੋਂ ਪਾੜ ਕੇ "ਉਹ" ਦੇ ਰੂਪ ਵਿਚ ਕਰਨਾ ਜ਼ਰੂਰੀ ਹੈ। ਤਸੀਹਾ ਸਕੂਲ ਦਾ ਅਗਲਾ ਸਬਕ ਇਹ ਹੈ ਕਿ "ਉਹਨਾਂ" ਦੇ ਸਰੀਰ ਕੁਫ਼ਰ ਹਨ ਤੇ ਸਰੀਰਾਂ ਵਜੋਂ ਉਹ ਏਨੇ ਵੱਖਰੇ ਹੋਣ ਦਾ ਦਾਅਵਾ ਨਹੀਂ ਕਰਦੇ। ਤਸੀਹੇ ਇਸ ਕੁਫਰ ਦੀ ਸਜ਼ਾ ਹੈ, ਜਦੋਂ ਤੇ ਜੇ ਤਸੀਹੇ ਦੇਣ ਵਾਲੇ, ਜੋ ਕੁਝ ਉਹਨਾਂ ਪੜ੍ਹਿਆ ਹੁੰਦਾ ਹੈ, ਉਸ ਉੱਤੇ ਕਿੰਤੂ ਕਰਨ ਲੱਗਦੇ ਹਨ, ਉਹ ਡਰ ਦੇ ਮਾਰੇ, ਵੀ ਉਸੇ ਕੁਝ ਨੂੰ ਜਾਰੀ ਰੱਖਦੇ ਹਨ, ਜੋ ਕੁਝ ਉਹਨਾਂ ਪਹਿਲਾਂ ਕੀਤਾ ਹੁੰਦਾ ਹੈ, ਉਹ ਹੁਣ ਆਪਣੀਆਂ ਤਸੀਹੇ-ਵਿਹੂਣੀਆਂ



ਖੱਲਾਂ ਨੂੰ ਬਚਾਉਣ ਲਈ ਤਸੀਹੇ ਦਿੰਦੇ ਹਨ।

ਮਿਸਾਲ ਵਜੋਂ ਲਾਤੀਨੀ ਅਮਰੀਕਾ ਦੇ ਫਾਸ਼ੀ ਰਾਜ ਜਿਵੇਂ ਚਿੱਲੀ ਵਿਚ ਪਿਨੋਚਿੱਟ ਦੇ ਰਾਜ ਨੇ, ਤਸੀਹੇ ਦੇ ਤਰਕ ਨੂੰ ਇਹਨਾਂ ਦਿਨਾਂ ਵਿਚ ਯੋਜਨਾ-ਬੱਧ ਢੰਗ ਨਾਲ ਫੈਲਾਇਆ ਹੈ। ਉਹ ਸਿਰਫ਼ ਆਪਣੇ ਸ਼ਿਕਾਰ ਹੋਏ ਵਿਅਕਤੀਆਂ ਦੇ ਜਿਸਮਾਂ ਨੂੰ ਪਾੜਦੇ-ਤੋੜਦੇ ਹੀ ਨਹੀਂ, ਉਹ ਉਹਨਾਂ ਦੇ ਨਾਵਾਂ ਨੂੰ ਪਾੜ ਸੁੱਟਦੇ ਹਨ, ਤਾਂਕਿ ਇਹ ਪੜ੍ਹੇ ਨਾ ਜਾ ਸਕਣ। ਇਹ ਕਲਪਤ ਕਰਨਾ ਗਲਤ ਹੋਵੇਗਾ, ਕਿ ਇਹ ਰਾਜ ਅਜਿਹਾ ਸ਼ਰਮ ਜਾਂ ਪ੍ਰੇਸ਼ਾਨੀ ਕਾਰਨ ਕਰਦੇ ਹਨ । ਉਹ ਅਜਿਹਾ ਨਾਇਕਾਂ ਅਤੇ ਸ਼ਹੀਦਾਂ ਨੂੰ ਖ਼ਤਮ ਕਰਨ ਦੀ ਉਮੀਦ ਨਾਲ ਕਰਦੇ ਹਨ ਤੇ ਵਸੋਂ ਵਿਚ ਵੱਧ ਤੋਂ ਵੱਧ ਖ਼ੌਫ਼ ਪੈਦਾ ਕਰਨ ਲਈ ਕਰਦੇ ਹਨ।

ਇੱਕ ਔਰਤ ਜਾਂ ਮਰਦ ਨੂੰ ਖੁੱਲੇਆਮ ਗ੍ਰਿਫਤਾਰ ਕੀਤਾ ਜਾਂਦਾ ਹੈ, ਤੇ ਕਾਰ ਵਿਚ, ਰਾਤ ਸਮੇਂ ਉਸ ਦੇ ਘਰ ਵਿਚੋਂ ਜਾਂ ਦਿਨ ਵੇਲੇ ਉਸ ਦੇ ਕੰਮ ਦੀ ਥਾਂ ਤੋਂ ਫੜ ਲਿਆ ਜਾਂਦਾ ਹੈ। ਗ੍ਰਿਫਤਾਰ ਕਰਨ ਜਾਂ ਚੁੱਕਣ ਵਾਲੇ ਚਿੱਟੇ ਕੱਪੜਿਆਂ ਵਿਚ ਹੁੰਦੇ ਹਨ। ਇਸ ਪਿੱਛੋਂ, ਅਲੋਪ ਕੀਤੇ ਗਏ ਵਿਅਕਤੀ ਬਾਰੇ ਕੋਈ ਖ਼ਬਰ ਪ੍ਰਾਪਤ ਕਰਨੀ ਅਸੰਭਵ ਹੁੰਦੀ ਹੈ। ਪੁਲਸ, ਵਜ਼ੀਰ, ਅਦਾਲਤਾਂ ਗਵਾਚੇ ਬੰਦੇ ਬਾਰੇ ਜਾਣਕਾਰੀ ਤੋਂ ਇਨਕਾਰ ਕਰਦੇ ਹਨ। ਪਰ ਗੁੰਮ ਹੋਏ ਵਿਅਕਤੀ ਮਿਲਟਰੀ ਦੀ ਸੂਹੀਆ ਸੇਵਾਵਾਂ ਦੇ ਹੱਥਾਂ ਵਿਚ ਹੁੰਦੇ ਹਨ। ਮਹੀਨੇ ਤੇ ਸਾਲ ਲੰਘਦੇ ਜਾਂਦੇ ਹਨ। ਇਹ ਯਕੀਨ ਕਰਨਾ ਕਿ ਗੁੰਮ ਹੋਏ ਵਿਅਕਤੀ ਮਰ ਚੁੱਕੇ ਹਨ, ਉਹਨਾਂ ਲੋਕਾਂ ਨਾਲ ਧੋਖਾ ਕਰਨਾ ਹੋਵੇਗਾ, ਜਿਹਨਾਂ ਨੂੰ ਚੀਰ ਕੇ ਸੁੱਟ ਦਿੱਤਾ ਗਿਆ ਹੈ। ਫਿਰ ਵੀ, ਇਹ ਵਿਸ਼ਵਾਸ ਕਰਨਾ ਕਿ ਉਹ ਜਿਉਂਦੇ ਹਨ, ਤਸੀਹੇ ਸਹਿਣ ਵਾਲਿਆਂ ਬਾਰੇ ਸੁਪਨੇ ਲੈਣਾ ਹੈ, ਤੇ ਕਈ ਵਾਰ ਉਹਨਾਂ ਦੀ ਮੌਤ ਹੋਈ ਮੰਨਣ ਲਈ ਮਜਬੂਰ ਹੋਣਾ ਹੈ। ਕੋਈ ਚਿੱਠੀ ਨਹੀਂ, ਕੋਈ ਸੰਕੇਤ, ਕੋਈ ਅਤਾ ਪਤਾ ਨਹੀਂ, ਕੋਈ ਜ਼ਿੰਮੇਵਾਰ ਨਹੀਂ, ਕੋਈ ਅਪੀਲ ਨਹੀਂ, ਸਜ਼ਾ ਦਾ ਕੋਈ ਕਲਪਤ ਅੰਤ ਨਹੀਂ, ਕਿਉਂਕਿ ਸਜ਼ਾ ਤਾਂ ਦਿੱਤੀ ਹੀ ਨਹੀਂ ਗਈ। ਆਮ ਤੌਰ 'ਤੇ ਚੁੱਪ ਦਾ ਅਰਥ ਹੈ, ਆਵਾਜ਼ ਦੀ ਘਾਟ। ਏਥੇ ਖਾਮੋਸ਼ੀ ਸਰਗਰਮ ਹੈ ਤੇ ਇਸ ਨੂੰ ਇੱਕ ਵਾਰ ਫੇਰ ਯੋਜਨਾ-ਬੱਧ ਢੰਗ ਨਾਲੋਂ ਇਕ ਸੰਦ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਵਾਰ ਦਿਲ ਨੂੰ ਤਸੀਹੇ ਦਿੱਤੇ ਜਾਂਦੇ ਹਨ। ਕਦੇ-ਕਦੇ ਤਾਂ ਲੋਥਾਂ ਨੂੰ ਸਮੁੰਦਰ ਦੇ ਕੰਢਿਆਂ ਉੱਤੇ ਰੋੜ੍ਹ ਦਿੱਤਾ ਜਾਂਦਾ ਹੈ ਤੇ ਗੁੰਮ ਹੋਇਆ ਦੀ ਸੂਚੀ ਵਿਚ ਪਾ ਦਿੱਤਾ ਜਾਂਦਾ ਹੈ। ਕਦੇ-ਕਦੇ ਇਕ ਜਾਂ ਦੋ ਜਣੇ, ਦੂਸਰਿਆਂ ਬਾਰੇ, ਜੋ ਗੁੰਮ ਹੋਏ ਹੁੰਦੇ ਹਨ, ਕੁਝ ਖਬਰਾਂ ਲੈ ਕੇ ਆਉਂਦੇ ਹਨ। ਇਹ ਖਬਰਾਂ ਸ਼ਾਇਦ ਜਾਣ ਬੁੱਝ ਕੇ ਕੱਢੀਆਂ ਜਾਂਦੀਆਂ ਹਨ ਤਾਂ ਕਿ ਦੁਬਾਰਾ ਆਸਾਂ ਉਤਪੰਨ ਕੀਤੀਆਂ ਜਾਣ, ਜਿਸ ਨਾਲ ਹਜ਼ਾਰਾਂ ਦਿਲਾਂ ਨੂੰ ਤਸੀਹੇ ਦਿੱਤੇ ਜਾਂਦੇ ਹਨ।

ਮੇਰਾ ਲੜਕਾ
ਪਿਛਲੇ ਸਾਲ ਦੀ 8 ਮਈ ਤੋਂ ਗੁੰਮ ਹੈ।
ਉਹ ਉਸ ਨੂੰ ਕੁਝ ਘੰਟਿਆਂ ਲਈ ਲੈ ਕੇ ਗਏ ਸਨ।
ਉਹਨਾਂ ਆਖਿਆ ਸੀ,
ਬਸ ਕੁਝ ਨਿਤਾਪ੍ਰਤੀ ਦੀ ਪੁੱਛ-ਗਿੱਛ
ਕਾਰ ਦੇ ਜਾਣ ਤੋਂ ਬਾਅਦ
ਜਿਸ ਦੀ ਕੋਈ ਨੰਬਰ ਪਲੇਟ ਨਹੀਂ ਸੀ
ਅਸੀਂ ਉਸ ਬਾਰੇ
ਕੋਈ ਗੱਲ ਜਾਣ ਨਹੀਂ ਸਕੇ।
ਪਰ ਹੁਣ ਗੱਲਾਂ ਬਦਲ ਗਈਆਂ ਨੇ

ਅਸੀਂ ਉਸ ਦੇ ਇਕ ਸਾਥੀ ਕੋਲੋਂ ਸੁਣਿਆ ਹੈ
ਕਿ ਪੰਜ ਮਹੀਨੇ ਪਹਿਲਾਂ
ਉਹ ਉਸ ਨੂੰ "ਵਿਲਾ-ਗਰੀ ਮਾਲਦੀ" ਵਿਚ
ਤਸੀਹੇ ਦੇ ਰਹੇ ਸੀ।
ਸਤੰਬਰ ਦੇ ਅੰਤ ਉੱਤੇ
ਉਹ ਉਸ ਨੂੰ ਲਾਲ ਘਰ ਵਿਚ ਪੁੱਛ-ਗਿੱਛ ਕਰ ਰਹੇ ਸੀ
ਜਿਹੜਾ ਕਿ ਗਰੀ ਮਾਲਦੀਸ਼ ਵਿਚ ਹੈ।
ਉਹ ਕਹਿੰਦੇ ਹਨ ਕਿ ਉਹ ਉਸਦੀ ਆਵਾਜ਼
ਤੇ ਚੀਕਾਂ ਨੂੰ ਪਛਾਣਦੇ ਸਨ।
ਕੋਈ ਜਣਾ ਸਪੱਸ਼ਟ ਦੱਸ ਦਿੰਦਾ ਹੈ
ਕਿ ਇਹ ਕੈਸੇ ਸਮੇਂ ਹਨ
ਕੈਸੀ ਦੁਨੀਆਂ
ਕੈਸਾ ਦੇਸ਼?
ਜਿਹੜੀ ਗੱਲ ਮੈਂ ਪੁੱਛਦਾ ਹਾਂ
ਉਹ ਇਹ ਹੈ ਕਿ ਕਿਵੇਂ ਪਿਤਾ ਦੀ ਖੁਸ਼ੀ
ਮਾਂ ਦੀ ਖੁਸ਼ੀ ਇਹ ਜਾਨਣ ਵਿਚ ਹੁੰਦੀ ਹੈ
ਕਿ ਉਹ ਉਹਨਾਂ ਦੇ ਪੁੱਤਰ ਨੂੰ
ਅਜੇ ਵੀ ਤਸੀਹੇ ਦੇ ਰਹੇ ਹਨ
ਜਿਸਦਾ ਅਰਥ ਹੈ ਕਿ ਪੰਜ ਮਹੀਨੇ ਪਹਿਲਾਂ
ਉਹ ਜਿਊਂਦਾ ਸੀ
ਤੇ ਸਾਡੀ ਸਭ ਤੋਂ ਵੱਡੀ ਉਮੀਦ ਹੋਵੇਗੀ, ਅਗਲੇ ਸਾਲ
ਉਸ ਨੂੰ ਲੱਭਣਾ
ਕਿ ਉਹ ਅਜੇ ਵੀ
ਅੱਠ ਮਹੀਨੇ ਬਾਅਦ
ਉਸ ਨੂੰ ਤਸੀਹੇ ਦੇ ਰਹੇ ਹੋਣਗੇ
ਅਤੇ ਉਹ ਸ਼ਾਇਦ ਅਜੇ ਵੀ
ਜਿਊਂਦਾ ਹੋਵੇ

ਸਰੀਰਕ ਤਸ਼ੱਦਦ ਆਮ ਕਰਕੇ ਜਣਨ ਅੰਗਾਂ ਉੱਤੇ ਕੇਂਦਰਤ ਹੁੰਦਾ ਹੈ, ਕਿਉਂਕਿ ਇਹਨਾਂ ਦੀ ਸੰਵੇਦਨਸ਼ੀਲਤਾ ਕਾਰਨ ਅਤੇ ਇਸ ਨਾਲ ਸਬੰਧਤ ਹੱਤਕ ਅਤੇ ਤਸ਼ੱਦਦ ਦੇ ਸ਼ਿਕਾਰ ਵਿਅਕਤੀ ਦੀ ਮਰਦਾਨਗੀ ਖੋਹੇ ਜਾਣ ਕਾਰਨ, ਇੰਝ ਕੀਤਾ ਜਾਂਦਾ ਹੈ। ਉਹਨਾਂ ਔਰਤਾਂ ਅਤੇ ਮਰਦਾਂ ਉੱਤੇ ਜਜ਼ਬਾਤੀ ਤਸ਼ੱਦਦ ਵਿਚ, ਜਿਨ੍ਹਾਂ ਦੇ ਪਿਆਰੇ ਅਲੋਪ ਹੋ ਚੁੱਕੇ ਸਨ ਉਹਨਾਂ ਦੀਆਂ ਉਮੀਦਾਂ ਦੀ ਪੀੜ ਪੈਦਾ ਕਰਨ ਲਈ ਚੋਣ ਕੀਤੀ ਜਾਂਦੀ ਹੈ, ਤਾਂ ਕਿ ਇੱਕ ਹੋਰ ਪੱਧਰ ਉੱਤੇ ਮਰਦਾਨਗੀ ਬਾਰੇ ਤੁਲਨਾਤਮਿਕ ਧਮਕੀ ਦੀ ਵਰਤੋਂ ਕੀਤੀ ਜਾਵੇ।

ਜੇ ਉਹ ਮਰ ਗਿਆ ਹੋਇਆ
ਮੈਨੂੰ ਪਤਾ ਲੱਗ ਜਾਵੇਗਾ
ਪੁੱਛੋ ਨਾ ਕਿ ਕਿਵੇਂ ਹੋਇਆ
ਆਪੇ ਪਤਾ ਲੱਗ ਜਾਵੇਗਾ



ਮੇਰੇ ਕੋਲ ਕੋਈ ਸਬੂਤ ਨਹੀਂ
ਕੋਈ ਸੁਰਾਗ ਨਹੀਂ, ਨਾ ਕੋਈ ਉੱਤਰ
ਕੋਈ ਚੀਜ਼ ਨਹੀਂ, ਜੋ ਸਾਬਤ ਕਰ ਸਕੇ
ਜਾਂ ਰੱਦ ਕਰ ਸਕੇ

ਬੱਸ ਅਸਮਾਨ ਹੈ
ਉਹੀ ਨੀਲੇ ਰੰਗ ਦਾ
ਜਿਵੇਂ ਪਹਿਲਾਂ ਸੀ।
ਪਰ ਕੋਈ ਪਰਮਾਣ ਨਹੀਂ
ਜ਼ੁਲਮ ਚਲਦਾ ਰਹਿੰਦਾ ਹੈ
ਤੇ ਆਕਾਸ਼ ਕਦੇ ਬਦਲਦਾ ਨਹੀਂ।

ਬੱਚੇ ਨੇ
ਉਹਨਾਂ ਖੇਡ ਖਤਮ ਕਰ ਦਿੱਤੀ ਹੈ
ਹੁਣ ਉਹ ਜੰਗਲੀ ਘੋੜਿਆਂ ਦੇ ਗਿਰੋਹ
ਵਾਂਗ ਪੀਣ ਲੱਗਣਗੇ
ਅੱਜ ਰਾਤ ਉਹ ਸੌਣਗੇ
ਜਦੋਂ ਹੀ ਉਹਨਾਂ ਦੇ ਸਿਰ
ਸਰ੍ਹਾਣਿਆਂ ਨੂੰ ਛੂਹਣਗੇ।
ਪਰ ਕੌਣ ਇਹ ਗੱਲ ਸਬੂਤ ਵਜੋਂ ਪ੍ਰਵਾਨ ਕਰੇਗਾ,
ਕਿ ਉਹਨਾਂ ਦਾ ਪਿਤਾ ਮਰਿਆ ਨਹੀਂ।

ਅਜਿਹੀਆਂ ਹਰਕਤਾਂ ਤੇ ਉਹਨਾਂ ਦੇ ਵਧਣ ਕਾਰਨ ਅਤੇ ਇਹਨਾਂ ਦੀ ਤਿਆਰੀ ਵਿਚ ਅਮਰੀਕੀ ਏਜੰਸੀਆਂ ਦੇ ਭਾਗੀਦਾਰ ਹੋਣ ਕਾਰਨ ਜੇ ਉਹਨਾਂ ਦਾ ਨਿਤਾ-ਪ੍ਰਤੀ ਕੰਮ ਢੰਗ ਵਿਚ ਦਖਲ ਨਾ ਵੀ ਹੋਵੇ, ਸਰਗਰਮ ਰੋਸ ਅਤੇ ਮੁਜੱਸਮ ਨੂੰ ਵਧਾਉਣ ਦੀ ਲੋੜ ਹੈ। (ਅਮਨੈਸਟੀ ਇੰਟਰਨੈਸ਼ਨਲ ਕੁਝ ਸਰਗਰਮੀਆਂ ਦਾ ਤਾਲਮੇਲ ਕਰ ਰਹੀ ਹੈ।) ਇਸ ਤੋਂ ਬਿਨਾਂ ਕਈ ਜਿਵੇਂ ਚਿੱਲੀ ਦਾ ਆਰੀਅਲ ਡਾਰਫਮੈਨ ਕਵਿਤਾਵਾਂ ਲਿਖਣਗੇ। (ਉਪਰ ਦਿੱਤੀਆਂ ਸਾਰੀਆਂ ਟੂਕਾਂ ਐਮਨੈਸਟੀ ਇੰਟਰਨੈਸ਼ਨਲ ਵੱਲੋਂ ਛਾਪੇ ਕਾਵਿ-ਸੰਗ੍ਰਹਿ (Missing) ਵਿਚੋਂ ਲਈਆਂ ਗਈਆਂ ਹਨ) ਅਜੋਕੀ ਤਾਨਾਸ਼ਾਹ ਸ਼ਕਤੀ ਦੇ ਟਾਕਰੇ ਉੱਤੇ ਜਿਸ ਦਾ ਕਿ ਉਸ ਨਰਕ ਨਾਲ ਆਮ ਕਰਕੇ ਟਾਕਰਾ ਕੀਤਾ ਜਾਂਦਾ ਹੈ, ਹੋਰ ਵਧੇਰੇ ਕਵਿਤਾਵਾਂ ਲਿਖੀਆਂ ਜਾਣਗੀਆਂ।

ਅਠਾਰਵੀਂ ਅਤੇ ਉਨ੍ਹੀਵੀਂ ਸਦੀ ਵਿਚ ਸਮਾਜਕ ਬੇਇਨਸਾਫੀ ਦੇ ਵਿਰੁੱਧ, ਬਹੁਤ ਸਾਰੀਆਂ ਰੋਸਮਈ ਲਿਖਤਾਂ, ਵਾਰਤਕ ਵਿਚ ਲਿਖੀਆਂ ਗਈਆਂ ਸਨ, ਉਹ ਦਲੀਲਾਂ ਭਰੀਆਂ ਲਿਖਤਾਂ, ਇਸ ਆਸ ਨਾਲ ਲਿਖੀਆਂ ਗਈਆਂ ਸੀ ਕਿ ਸਮਾਂ ਪਾ ਕੇ ਲੋਕੀਂ ਦਲੀਲ ਨੂੰ ਵੇਖਿਆ ਕਰਨਗੇ ਤੇ ਅਖੀਰ ਉੱਤੇ, ਇਤਿਹਾਸ ਦਲੀਲ ਦੇ ਪੱਖ ਵਿਚ ਹੁੰਦਾ ਹੈ। ਅੱਜ ਇਹ ਗੱਲ ਬਹੁਤੀ ਸਪੱਸ਼ਟ ਨਹੀਂ ਜਾਪਦੀ ਸਿੱਟੇ ਦੀ ਕੋਈ ਗਾਰੰਟੀ ਨਹੀਂ। ਹੁਣ ਦਾ ਤੇ ਬੀਤ ਗਏ ਦਾ ਕਸ਼ਟ ਭਵਿੱਖੀ ਯੁੱਗ ਦੀ ਸਰਬ-ਵਿਆਪੀ ਖੁਸ਼ੀ ਨਾਲ, ਪੂਰਾ ਨਹੀਂ ਕੀਤਾ ਜਾ ਸਕਦਾ ਅਤੇ ਬੁਰਾਈ ਨਿਰੰਤਰ ਤੌਰ 'ਤੇ ਦੂਰ ਕੀਤੀ ਜਾ ਸਕਣ ਵਾਲੀ ਹਕੀਕਤ ਹੈ। ਇਸ ਸਾਰੇ ਦਾ ਅਰਥ ਇਹ ਹੈ ਕਿ ਜੀਵਨ ਨੂੰ ਅਰਥ ਦੇਣ ਦਾ ਫੈਸਲਾ

ਟਾਲਿਆ ਨਹੀਂ ਜਾ ਸਕਦਾ। ਭਵਿੱਖ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਸੱਚ ਦੀ ਘੜੀ ਹੁਣ ਹੈ, ਅਤੇ ਵਾਰਤਕ ਦੀ ਥਾਂ, ਹੋਰ ਵਧੇਰੇ ਹੀ ਵਧੇਰੇ ਕਵਿਤਾ ਹੀ ਏਸ ਸੱਚ ਨੂੰ ਪ੍ਰਵਾਨ ਕਰੇਗੀ। ਵਾਰਤਕ ਕਵਿਤਾ ਨਾਲੋਂ ਜ਼ਿਆਦਾ ਭਰੋਸੇ-ਯੋਗ ਹੈ, ਐਪਰ ਕਵਿਤਾ ਤੁਰੰਤ ਲੱਗੇ ਜ਼ਖ਼ਮ ਲਈ ਬੋਲਦੀ ਹੈ।

ਭਾਸ਼ਾ ਦਾ ਵਰਦਾਨ ਕੋਮਲਤਾ ਨਹੀਂ ਹੈ। ਜੋ ਕੁਝ ਵੀ ਇਸ ਦੇ ਪੱਲੇ ਹੁੰਦਾ ਹੈ, ਉਹ ਸਪੱਸ਼ਟਤਾ ਨਾਲ ਹੁੰਦਾ ਹੈ ਤੇ ਬਿਨਾਂ ਤਰਸ ਤੋਂ, ਸਨੇਹ ਦਾ ਸ਼ਬਦ ਵੀ ਨਿਰਪੱਖ ਸ਼ਬਦ ਹੈ। ਸਾਰੀ ਗੱਲ ਪ੍ਰਸੰਗ ਦੀ ਹੈ। ਭਾਸ਼ਾ ਦੀ ਬਖਸ਼ਿਸ਼ ਉਹ ਸੰਭਾਵਤ ਸਮਰੱਥਾ ਹੈ, ਜੋ ਸੰਪੂਰਨ ਹੈ। ਇਸ ਵਿਚ, ਮਨੁੱਖੀ ਅਨੁਭਵ ਦੀ ਸਮੁੱਚਤਾ ਨੂੰ ਸ਼ਬਦਾਂ ਰਾਹੀਂ ਪ੍ਰਗਟ ਕਰਨ ਦੀ ਸੰਭਵ ਸ਼ਕਤੀ ਹੁੰਦੀ ਹੈ। ਜੋ ਕੁਝ ਵੀ ਵਾਪਰਿਆ ਹੈ ਤੇ ਜੋ ਕੁਝ ਵੀ ਵਾਪਰਨ ਦੀ ਸੰਭਾਵਨਾ ਹੋਵੇ।

ਇਹ ਉਸ ਗੱਲ ਲਈ ਵੀ ਜਗ੍ਹਾ ਰੱਖ ਲੈਂਦੀ ਹੈ, ਜੋ ਬੋਲ ਕੇ ਨਹੀਂ ਦੱਸੀ ਜਾ ਸਕਦੀ। ਇਹਨਾਂ ਅਰਥਾਂ ਵਿਚ ਬੰਦਾ ਕਹਿ ਸਕਦਾ ਹੈ ਕਿ ਭਾਸ਼ਾ ਵਿਚ ਸੰਭਾਵਤ ਤੌਰ 'ਤੇ ਇਕੋ ਮਨੁੱਖੀ ਘਰ ਹੈ, ਰਹਿਣ ਦੇ ਕਾਬਲ ਇਕੋ ਇਕ ਥਾਂ, ਜੋ ਬੰਦੇ ਲਈ ਦੁਸ਼ਮਣੀ ਵਾਲੀ ਨਹੀਂ ਹੁੰਦੀ। ਵਾਰਤਕ ਲਈ ਇਹ ਘਰ ਇਕ ਵਿਸ਼ਾਲ ਖੇਤਰ ਹੈ, ਇਕ ਦੇਸ਼, ਜੋ ਕਈ ਰਸਤੇ ਪਗਡੰਡੀਆਂ, ਜਰਨੈਲੀ ਸੜਕਾਂ ਪਾਰ ਕਰਕੇ ਜਾਂਦਾ ਹੈ। ਕਵਿਤਾ ਲਈ ਇਹ ਘਰ, ਇਕ ਕੇਂਦਰ, ਇਕੱਲੀ ਆਵਾਜ਼ ਉੱਤੇ ਕੇਂਦਰਤ ਹੁੰਦਾ ਹੈ।

ਬੰਦਾ ਭਾਸ਼ਾ ਨੂੰ ਕੁਝ ਵੀ ਕਹਿ ਸਕਦਾ ਹੈ। ਏਸੇ ਕਾਰਨ ਇਹ ਸਰੋਤਾ ਹੈ, ਕਿਸੇ ਵੀ ਚੁੱਪ ਜਾਂ ਰੱਬ ਤੋਂ ਸਾਡੇ ਨੇੜੇ। ਫਿਰ ਵੀ ਇਸ ਦਾ ਖੁੱਲਾਪਨ ਹੀ ਬੇਪ੍ਰਵਾਹੀ ਦਾ ਸੰਕੇਤ ਹੈ। (ਭਾਸ਼ਾ ਦੀ ਇਹ ਬੇਪ੍ਰਵਾਹੀ ਬਾਰੇ ਨਿਰੰਤਰ ਬੇਨਤੀ ਕੀਤੀ ਜਾਂਦੀ ਹੈ ਅਤੇ ਇਸ ਦੀ ਬੁਲਿਟਨਾਂ, ਕਾਨੂੰਨੀ ਰਿਕਾਰਡਾਂ, ਐਲਾਨ ਨਾਮਿਆਂ ਅਤੇ ਫਾਈਲਾਂ ਵਿਚ ਵਰਤੋਂ ਕੀਤੀ ਜਾਂਦੀ ਹੈ।) ਕਵਿਤਾ ਭਾਸ਼ਾ ਨੂੰ ਇਸ ਢੰਗ ਨਾਲ ਸੰਬੋਧਨ ਹੁੰਦੀ ਹੈ ਕਿ ਇਸ ਬੇਪ੍ਰਵਾਹੀ ਨੂੰ ਘਟਾਇਆ ਜਾਵੇ ਅਤੇ ਫ਼ਿਕਰ ਨੂੰ ਉਤੇਜਿਤ ਕੀਤਾ ਜਾਵੇ। ਕਵਿਤਾ ਇਸ ਫ਼ਿਕਰ ਨੂੰ ਕਿਵੇਂ ਉਕਸਾਉਂਦੀ ਹੈ? ਕਵਿਤਾ ਦੀ ਕਮਾਈ ਹੈ ਕੀ?

ਇਸ ਤੋਂ ਮੇਰਾ ਅਰਥ ਕਵਿਤਾ ਲਿਖਣ ਵਿਚ ਲੱਗੀ ਮਿਹਨਤ ਤੋਂ ਨਹੀਂ ਹੈ। ਸਗੋਂ ਖੁਦ ਲਿਖੀ ਹੋਈ ਕਵਿਤਾ ਦੇ ਕੰਮ ਤੋਂ ਹੈ। ਹਰ ਇੱਕ ਪ੍ਰਮਾਣਿਤ ਕਵਿਤਾ, ਕਵਿਤਾ ਦੀ ਕਿਰਤ ਵਿਚ ਹਿੱਸਾ ਪਾਉਂਦੀ ਹੈ ਅਤੇ ਇਸ ਅਰੁੱਕ ਕਿਰਤ ਦਾ ਕਾਰਜ, ਉਸ ਕੁਝ ਨੂੰ ਇਕੱਠਾ ਕਰਨਾ ਹੈ, ਜੋ ਜੀਵਨ ਨੇ ਅਲੱਗ ਕਰ ਦਿੱਤਾ ਹੈ ਜਾਂ ਤਸ਼ੱਦਦ ਨੇ ਦੁਫਾੜ ਕਰ ਦਿੱਤਾ ਹੈ। ਸਰੀਰਕ ਪੀੜ ਆਮ ਕਰਕੇ ਘੱਟ ਕੀਤੀ ਜਾਂ ਕਾਰਜ ਨਾਲ ਰੋਕੀ ਜਾ ਸਕਦੀ ਹੈ। ਐਪਰ ਸਾਰੀ ਹੋਰਸ ਪੀੜ, ਆਮ ਕਰਕੇ, ਇਕ ਜਾਂ ਦੂਸਰੇ ਵਿਛੋੜੇ ਕਾਰਨ ਹੁੰਦੀ ਹੈ ਅਤੇ ਏਥੇ ਦਿਲਾਸੇ ਦਾ ਕਾਰਜ ਘੱਟ ਸਿੱਧਾ ਹੈ, ਕਵਿਤਾ ਨੁਕਸਾਨ ਨੂੰ ਬਹਾਲ ਨਹੀਂ ਕਰ ਸਕਦੀ ਹੈ, ਪਰ ਇਹ ਉਸ ਥਾਂ ਦੀ ਅਵੱਗਿਆ ਕਰਦੀ ਹੈ, ਜਿਹੜੀ ਵਿਛੋੜਦੀ ਹੈ ਅਤੇ ਉਹ ਨਿਰੰਤਰ ਕਿਰਤ ਨਾਲ ਉਸ ਚੀਜ਼ ਨੂੰ ਜੋੜਦੀ ਹੈ, ਜੋ ਖਿਲਾਰ ਦਿੱਤਾ ਗਿਆ ਹੈ।

ਐ ਮੇਰੇ ਦੋਸਤ!
ਕਿੰਨਾ ਮਿੱਠਾ ਹੈ
ਚਸ਼ਮੇਂ ਤੀਕ ਉਤਰ ਕੇ ਜਾਣਾ
ਅਤੇ ਤੇਰੀਆਂ ਅੱਖਾਂ ਸਾਹਮਣੇ ਨਹਾਉਣਾ
ਤੇ ਤੈਨੂੰ ਵੇਖਣ ਦੇਣਾ
ਕਿ ਕਿਵੇਂ ਮੇਰੇ ਭਿੱਜੇ ਕੱਪੜੇ
ਮੇਰੇ ਜਿਸਮ ਦੀ ਸੁੰਦਰਤਾ ਨੂੰ ਚਿੰਬੜਦੇ ਹਨ



ਆ, ਤੇ ਮੇਰੇ ਵੱਲ ਵੇਖ। ( **ਮਿਸਰ ਦੇ ਬੁੱਤ ਉੱਤੇ ਉਕਰੀ, ਕਵਿਤਾ 1500**)

ਕਵਿਤਾ ਦਾ ਮਨੋਵੇਗ ਰੂਪਕ ਦੀ ਵਰਤੋਂ, ਸਮਰੂਪਤਾ ( Resemblance) ਦੀ ਖੋਜ ਕਰਨੀ ਹੈ, ਅਤੇ ਇਹ ਤੁਲਨਾ ਕਰਨ ਵਾਸਤੇ ਨਹੀਂ ਹੁੰਦੀ, (ਸਾਰੀਆਂ ਤੁਲਨਾਵਾਂ ਆਮ ਕਰਕੇ ਮਹੰਤ ਸ਼ਾਹੀ ਦੀ ਉਪਜ ਹੁੰਦੀਆਂ ਹਨ) ਨਾ ਹੀ ਇਸ ਦਾ ਕੰਮ ਕਿਸੇ ਘਟਨਾ ਦੀ ਵਿਸ਼ੇਸ਼ਤਾ ਨੂੰ ਘੱਟ ਕਰਨਾ ਹੁੰਦਾ ਹੈ। ਇਸ ਦਾ ਅਰਥ ਹੁੰਦਾ ਹੈ ਕਿ ਉਸ ਚਿੱਠੀ-ਪੱਤਰ ਦੀ ਭਾਲ ਕਰਨਾ, ਜਿਹੜੀ ਹੋਂਦ ਦੀ ਅਵੰਡ ਸਮੁੱਚਤਾ ਦੇ ਕੁੱਲ ਜੋੜ ਦਾ ਪ੍ਰਮਾਣ ਹੁੰਦੀ ਹੈ, ਕਵਿਤਾ ਇਸ ਸਮੁੱਚੇ ਜੋੜ ਨੂੰ ਅਪੀਲ ਕਰਦੀ ਹੈ ਅਤੇ ਇਸ ਦੀ ਅਪੀਲ ਜਜ਼ਬਾਤੀ ਪੁਣੇ ਦੇ ਉਲਟ ਹੁੰਦੀ ਹੈ, ਜਜ਼ਬਾਤੀਪੁਣਾ ਹਮੇਸ਼ਾ ਹੀ ਉਸ ਛੋਟ ਦੀ ਮੰਗ ਕਰਦਾ ਹੈ, ਜਿਹੜੀ ਵੰਡਣ-ਯੋਗ ਹੁੰਦੀ ਹੈ।

ਰੂਪਕ ਰਾਹੀਂ ਮੁੜ ਜੋੜਨ ਤੋਂ ਬਿਨਾਂ ਕਵਿਤਾ, ਆਪਣੇ ਪ੍ਰਭਾਵ (Reach) ਰਾਹੀਂ ਮੁੜ ਜੋੜ ਦਿੰਦੀ ਹੈ। ਇਹ ਜਜ਼ਬੇ ਦੇ ਪ੍ਰਭਾਵ ਨੂੰ, ਬ੍ਰਹਿਮੰਡ ਦੇ ਪ੍ਰਭਾਵ ਨਾਲ ਬਰਾਬਰ ਕਰਦੀ ਹੈ ਅਤੇ ਕਿਸੇ ਨੁਕਤੇ ਤੇ ਪਹੁੰਚ ਕੇ ਕੋਈ ਚਰਮ-ਸੀਮਾ ਗੈਰ-ਜ਼ਰੂਰੀ ਹੋ ਜਾਂਦੀ ਹੈ ਤੇ ਸਿਰਫ ਇਸ ਦੇ ਦਰਜੇ ਦੀ ਹੀ ਗਿਣਤੀ ਹੁੰਦੀ ਹੈ। ਸਿਰਫ਼ ਉਹਨਾਂ ਦੇ ਦਰਜੇ ਨਾਲ ਹੀ ਚਰਮ ਸੀਮਾ ਨੂੰ ਜੋੜਿਆ ਜਾਂਦਾ ਹੈ।

ਮੈਂ ਤੇਰੇ ਨਾਲ ਬਰਾਬਰ
ਉਸ ਕਾਲੇ ਸਦੀਵੀ ਵਿਛੋੜੇ ਨੂੰ ਝੱਲਦੀ ਹਾਂ
ਤੂੰ ਰੋ ਕਿਉਂ ਰਿਹਾ ਹੈਂ?
ਸਗੋਂ ਮੈਨੂੰ ਆਪਣਾ ਹੱਥ ਦੇ
ਅਤੇ ਦੁਬਾਰਾ ਸੁਪਨੇ ਵਿਚ ਆਉਣ ਦਾ
ਇਕਰਾਰ ਕਰ।
ਤੂੰ ਤੇ ਮੈਂ ਦੁੱਖ ਦਾ ਪਹਾੜ ਹਾਂ
ਤੂੰ ਤੇ ਮੈਂ ਇਸ ਧਰਤੀ ਉੱਤੇ
ਕਦੇ ਨਹੀਂ ਮਿਲਾਂਗੇ
ਜੇ ਕਦੇ ਤੂੰ ਮੈਨੂੰ ਅੱਧੀ ਰਾਤ ਨੂੰ
ਸਿਤਾਰਿਆਂ ਰਾਹੀਂ
ਸ਼ੁੱਭ-ਇੱਛਾਵਾਂ ਭੇਜ ਸਕਦਾ ਹੋਵੇ। -ਅੰਨਾ ਅਖ਼ਮਾਤੋਵਾ

ਏਥੇ ਇਹ ਦਲੀਲ ਦੇਣੀ ਕਿ ਅੰਤਰਮੁਖੀ ਤੇ ਬਾਹਰਮੁਖੀ ਉਲਝੇ ਹੋਏ ਹਨ, ਉਸ ਅਨੁਭਵਵਾਦੀ (empirical) ਵਿਚਾਰ ਵੱਲ ਵਾਪਸ ਪਰਤਣਾ ਹੈ, ਜਿਸ ਨੂੰ ਕਿ ਵਰਤਮਾਨ ਦਾ ਦੁੱਖ ਚੁਣੌਤੀ ਦਿੰਦਾ ਹੈ। ਹੈਰਾਨੀ ਹੈ ਕਿ ਇਹ ਇੱਕ ਗਲਤ ਵਿਸ਼ੇਸ਼ ਅਧਿਕਾਰ ਦਾ ਦਾਅਵਾ ਕਰਨਾ ਹੈ।

ਕਵਿਤਾ ਭਾਸ਼ਾ ਨੂੰ ਫ਼ਿਕਰ ਕਰਨਾ ਸਿਖਾ ਦਿੰਦੀ ਹੈ ਕਿਉਂਕਿ ਇਹ ਚੀਜ਼ ਨੂੰ ਨਿੱਘ-ਭਰੀ ਬਣਾ ਦਿੰਦੀ ਹੈ। ਇਹ ਨੇੜਤਾ ਕਵਿਤਾ ਦੀ ਕਿਰਤ ਦਾ ਫਲ ਹੁੰਦੀ ਹੈ। ਨੇੜਤਾ ਲਿਆਉਣ ਵਾਲੀ ਇਹ ਗੱਲ, ਹਰ ਕਾਰਜ, ਨਾਂਵ, ਘਟਨਾ ਅਤੇ ਉਸ ਭਵਿੱਖ-ਦ੍ਰਿਸ਼ ਦਾ ਨਤੀਜਾ ਹੁੰਦੀ ਹੈ, ਜਿਸ ਬਾਰੇ ਕਿ ਕਵਿਤਾ ਜ਼ਿਕਰ ਕਰਦੀ ਹੈ। ਇਸ ਫ਼ਿਕਰ ਨਾਲੋਂ ਵੱਧ ਸੰਸਾਰ ਦੀ ਬੇਕਿਰਕੀ ਅਤੇ ਲਾਪ੍ਰਵਾਹੀ ਬਾਰੇ ਹੋਰ ਕੋਈ ਮਹੱਤਵਪੂਰਨ ਗੱਲ ਅਕਸਰ ਨਹੀਂ ਹੁੰਦੀ।

ਸਾਡੇ ਕੋਲ ਪੀੜਾ ਕਿੱਥੋਂ ਆਉਂਦੀ ਹੈ?

ਉਹ ਕਿੱਥੋਂ ਆਉਂਦਾ ਹੈ?
ਉਹ ਪ੍ਰਾਚੀਨ ਸਮਿਆਂ ਤੋਂ ਸਾਡੀਆਂ
ਦ੍ਰਿਸ਼ਟੀਆਂ ਦਾ ਭਰਾ ਰਿਹਾ ਹੈ
ਅਤੇ ਸਾਡੀਆਂ ਕਵਿਤਾਵਾਂ ਦਾ ਰਹਿਬਰ।
(ਇਹ ਕਥਨ ਇਰਾਕੀ ਕਵੀ 'ਨਾਜ਼ਿਕ-ਅਲ-ਮਿਲੀਕਾ' ਦਾ ਹੈ।)

ਘਟਨਾਵਾਂ ਦੀ ਚੁੱਪ ਨੂੰ ਤੋੜਨਾ, ਉਸ ਤਜਰਬੇ ਬਾਰੇ ਬੋਲਣਾ, ਜਿਹੜਾ ਭਾਵੇ ਕਿਤਨਾ ਕੌੜਾ ਤੇ ਚੀਰ-ਫਾੜ ਕਰਨ ਵਾਲਾ ਹੋਵੇ, ਇਸ ਨੂੰ ਸ਼ਬਦਾਂ ਦਾ ਰੂਪ ਦੇਣਾ ਉਸ ਉਮੀਦ ਨੂੰ ਲੱਭਣਾ, ਕਿ ਇਹ ਸ਼ਬਦ ਸੁਣੇ ਜਾਣ, ਤੇ ਜਦੋਂ ਇਹ ਸੁਣੇ ਜਾਣ, ਘਟਨਾਵਾਂ ਦੀ ਪੜਤਾਲ ਹੋਵੇਗੀ। ਇਹ ਉਮੀਦ ਨਿਰਸੰਦੇਹ, ਪ੍ਰਾਰਥਨਾ ਦਾ ਆਰੰਭ ਹੈ, ਪ੍ਰਾਰਥਨਾ ਅਤੇ ਕਿਰਤ, ਸ਼ਾਇਦ ਬੋਲਚਾਲ ਦਾ ਆਰੰਭ ਸੀ। ਭਾਸ਼ਾ ਦੇ ਸਾਰੇ ਲਾਭਾਂ ਵਿਚੋਂ, ਕਵਿਤਾ ਹੀ ਹੈ, ਜੋ ਇਸ ਨਿਕਾਸ ਦੀ ਯਾਦ ਨੂੰ ਸਭ ਤੋਂ ਵੱਧ ਸ਼ੁਭ ਰੂਪ ਵਿਚ ਸੰਭਾਲਦੀ ਹੈ।

ਹਰ ਕਵਿਤਾ, ਜੋ ਕਵਿਤਾ ਵਾਂਗ ਕੰਮ ਕਰਦੀ ਹੈ, ਮੌਲਿਕ ਹੁੰਦੀ ਹੈ। ਇਸ ਮੌਲਿਕਤਾ ਦੇ ਦੋ ਅਰਥ ਹਨ, ਇਸ ਦਾ ਅਰਥ ਹੈ, ਨਿਕਾਸ ਵੱਲ ਵਾਪਸੀ। ਪਹਿਲੀ ਗੱਲ, ਜਿਸਨੇ ਬਾਅਦ ਵਿਚ ਆਉਣ ਵਾਲੀ ਹਰ ਸ਼ੈਅ ਉਤਪੰਨ ਕੀਤੀ। ਜਿਸਦਾ ਅਰਥ ਹੈ ਕਿ ਉਹ ਚੀਜ਼ ਜੋ ਪਹਿਲਾਂ ਕਦੇ ਨਹੀਂ ਵਾਪਰੀ। ਕਵਿਤਾ ਅਤੇ ਸਿਰਫ਼ ਕਵਿਤਾ ਵਿਚ ਹੀ, ਦੋ ਚੇਤਨਾਵਾਂ ਇੰਝ ਆਪੋ ਵਿਚ ਜੁੜੀਆਂ ਹੁੰਦੀਆਂ ਹਨ ਕਿ ਉਹ ਆਪੋ-ਵਿਰੋਧੀ ਨਹੀਂ ਰਹਿੰਦੀਆਂ।

ਤਾਂ ਵੀ ਕਵਿਤਾਵਾਂ ਸਾਧਾਰਨ ਪ੍ਰਾਰਥਨਾਵਾਂ ਨਹੀਂ ਹੁੰਦੀਆਂ। ਧਾਰਮਕ ਕਵਿਤਾ ਵੀ ਨਵੇਕਲੇ ਅਤੇ ਲਾਜਵਾਬ ਤੌਰ 'ਤੇ, ਰੱਬ ਨੂੰ ਸੰਬੋਧਨ ਨਹੀਂ ਹੁੰਦੀ। ਕਵਿਤਾ ਭਾਸ਼ਾ ਨੂੰ ਸੰਬੋਧਨ ਹੁੰਦੀ ਹੈ। ਜੇ ਇਹ ਧੁੰਦਲੀ ਪ੍ਰਤੀਤ ਹੁੰਦੀ ਹੋਵੇ ਤਾਂ ਵਿਰਲਾਪ ਬਾਰੇ ਸੋਚੋ। ਉਸ ਦੇ ਸ਼ਬਦ ਭਾਸ਼ਾ ਦੀ ਹਾਨੀ ਦਾ ਵਿਰਲਾਪ ਕਰਦੇ ਹਨ। ਕਵਿਤਾ, ਤੁਲਨਾਤਮਿਕ ਤੌਰ 'ਤੇ, ਪਰ ਵਡੇਰੇ ਅਰਥਾਂ ਵਿਚ ਭਾਸ਼ਾ ਨੂੰ ਸੰਬੋਧਨ ਹੁੰਦੀ ਹੈ।

ਇਸ ਨੂੰ ਸ਼ਬਦਾਂ ਦਾ ਰੂਪ ਦੇਣਾ, ਇਸ ਆਸ ਨੂੰ ਪ੍ਰਾਪਤ ਕਰਨਾ ਹੈ ਕਿ ਸ਼ਬਦ ਸੁਣੇ ਜਾਣਗੇ ਤੇ ਜਿਹੜੀਆਂ ਘਟਨਾਵਾਂ ਨੂੰ ਉਹ ਵਰਨਣ ਕਰਦੇ ਹਨ, ਉਹਨਾਂ ਦੀ ਪਰਖ ਹੋਵੇਗੀ, ਰੱਬ ਪਰਖ ਕਰੇ ਜਾਂ ਇਤਿਹਾਸ ਪਰਖ ਕਰੇ। ਹਰ ਰੂਪ ਵਿਚ ਨਿਰਣਾ ਦੂਰ ਦੀ ਗੱਲ ਹੈ। ਫਿਰ ਵੀ ਭਾਸ਼ਾ ਜੋ ਤਤਕਾਲੀਨ ਹੁੰਦੀ ਹੈ, ਤੇ ਜਿਸ ਨੂੰ ਕਈ ਵਾਰ ਗਲਤ ਤੌਰ 'ਤੇ ਕੇਵਲ ਸਾਧਨ ਹੀ ਸਮਝ ਲਿਆ ਜਾਂਦਾ ਹੈ, ਢੀਠਤਾ ਅਤੇ ਅਸਚਰਜ ਢੰਗ ਨਾਲ, ਆਪਣਾ ਫੈਸਲਾ ਦਿੰਦੀ ਹੈ, ਜਦੋਂ ਇਸ ਨੂੰ ਕਵਿਤਾ ਸੰਬੋਧਨ ਕਰਦੀ ਹੈ, ਇਹ ਨਿਰਣਾ ਕਿਸੇ ਵੀ ਅਖਲਾਕੀ ਜ਼ਾਬਤੇ ਨਾਲੋਂ ਵੱਖਰਾ ਹੁੰਦਾ ਹੈ, ਫਿਰ ਵੀ ਇਹ ਆਪਣੀ ਕਦਰ ਕਰਨ ਵਜੋਂ ਜੋ ਵੀ ਸੁਣਿਆ ਹੁੰਦਾ ਹੈ, ਉਸ ਦਾ ਇਕਰਾਰ ਹੁੰਦੀ ਹੈ। ਨੇਕ ਤੇ ਬੁਰੇ ਵਿਚਲਾ ਅੰਤਰ, ਜਿਵੇਂ ਭਲਾ ਭਾਸ਼ਾ ਇਸ ਅੰਤਰ ਨੂੰ ਸੰਭਾਲਣ ਲਈ ਰਚੀ ਗਈ ਹੋਵੇ।

ਏਸੇ ਕਾਰਨ ਕਵਿਤਾ, ਸੰਸਾਰ ਦਾ ਕਿਸੇ ਹੋਰਸ ਸ਼ਕਤੀ ਨਾਲੋਂ, ਉਹਨਾਂ ਭਿਆਨਕ ਜ਼ੁਲਮਾਂ ਦਾ ਪੂਰਨ-ਭਾਂਤ ਵਿਰੋਧ ਕਰਦੀ ਹੈ, ਜਿਹਨਾਂ ਰਾਹੀਂ ਅਮੀਰ ਲੋਕ ਆਪਣੀ ਭੈੜੇ ਤਰੀਕਿਆਂ ਨਾਲ ਪ੍ਰਾਪਤ ਕੀਤੀ ਦੌਲਤ ਦੀ ਰਾਖੀ ਕਰਦੇ ਹਨ।

ਏਸੇ ਕਾਰਨ ਪ੍ਰੀਖਿਆ ਦੀ ਘੜੀ, ਕਵਿਤਾ ਦੀ ਸਿਰਜਣਾ ਘੜੀ ਹੁੰਦੀ ਹੈ। •(1982)

ਜੌਹਨ ਬਰਗਰ ਦੇ ਚੋਣਵੇਂ ਨਿਬੰਧਾਂ ਵਿਚੋਂ, ਅੰਗ੍ਰੇਜ਼ੀ 'ਚੋਂ ਅਨੁਵਾਦ)
(ਪੰਜਾਬੀ ਰੂਪ ਹ.ਸ.ਹ.)



ਵਿਸ਼ੇਸ਼ ਲੇਖ

## 'ਅੰਧੀ ਰਈਅਤ ਗਿਆਨ ਵਿਹੂਣੀ' : ਗੁਰੂ ਗ੍ਰੰਥ ਸਾਹਿਬ ਦੇ 400 ਸਾਲ

**ਸੁਮੇਲ ਸਿੰਘ ਸਿੱਧੂ**

The distinction should always be made between the material transformation of the economic conditions of production ...... and the legal, political, religious, aesthetic or philosophic - in short, ideological-forms in which men become conscious of this conflict and fight it out.

**-Karl Marx, 1859, A contribution to the critique of political Economy.**

....It is only by a return to the modulation of the term through history that you can ever understand the term itself.

**-Raymond Willioms, 1979, Politics and Letters.**

Sikhism is not a tradition handed down at all but an experiment in the sense of Gandhi's autobiography... the conjoint experiment of Guru Granth and Panth. Perhaps this method of non-dualism is the secret lever of motion within Indian culture, history and society as well as the self of religion.

**- J.P.S. Uberoi, 1996, Religion, Civil Society and the State.**

ਗੁਰੂ ਨਾਨਕ ਸਾਹਿਬ ਦਾ ਆਸ਼ਾ ਇਹ ਨਹੀਂ ਸੀ ਕਿ ਲੋਕਾਂ ਨੂੰ ਇਕ ਧਰਮ ਤੋਂ ਦੂਜੇ ਧਰਮ ਵੱਲ ਪ੍ਰੇਰਿਆ ਜਾਵੇ। ਉਹ ਤਾਂ ਇਹ ਚਾਹੁੰਦੇ ਸਨ ਕਿ ਹਿੰਦੂ ਮੁਸਲਮਾਨ ਆਪਣੇ ਧਰਮ-ਈਮਾਨ ਵਿਚ ਪੱਕੇ ਹੋਣ। .... ਇਸ ਪ੍ਰਕਾਰ ਸਿੱਖੀ ... ਸਤਿ ਦੇ ਖੋਜੀਆਂ ਦਾ ਸਾਂਝਾ ਪਲੇਟਫਾਰਮ ਹੈ।

-ਸਰਦੂਲ ਸਿੰਘ ਕਵੀਸ਼ਰ, 1969, ਸਿੱਖ ਧਰਮ-ਦਰਸ਼ਨ

ਗੁਰੂ ਗ੍ਰੰਥ ਸਾਹਿਬ ਵਿਚ ਜੋ-ਜੋ ਰਚਨਾ ਵੀ ਦਰਜ ਹੈ, ਮੁਢੋਂ ਲੈ ਕੇ ਅਖ਼ੀਰ ਤੱਕ ਸਰਬਤ ਦੀ ਆਜ਼ਾਦੀ ਦਾ ਇਨਕਲਾਬੀ ਸੱਚ ਪ੍ਰਗਟ ਕਰਦੀ ਹੈ।

**- ਪ੍ਰੋ. ਕਿਸ਼ਨ ਸਿੰਘ, 1978, ਸਿੱਖ ਲਹਿਰ**

ਸੰਨ 1604 ਤੋਂ ਤੁਰੀਏ ਤਾਂ ਗੁਰੂ ਗ੍ਰੰਥ ਸਾਹਿਬ ਦੇ 2004 'ਚ 400 ਸਾਲ ਮੁਕੰਮਲ ਹੋਏ ਹਨ। ਬਾਬਾ ਫ਼ਰੀਦ ਤੋਂ ਸ਼ੁਰੂ ਕਰੀਏ ਤਾਂ ਹੋਰ3-400 ਸਾਲ ਜੁੜ ਸਕਦੇ ਹਨ। ਇਹ ਗ੍ਰੰਥ ਇਉਂ ਵੇਖਿਆਂ ਪੰਜਾਬੀ ਬੰਦੇ ਦੇ ਸਿਧਾਂਤਕ ਮੁਹਾਜ਼ ਦਾ ਸਭ ਤੋਂ ਕਸ਼ੀਦਿਆ ਹੋਇਆ ਦਸਤਾਵੇਜ਼ ਹੈ। ਇਹ ਗ੍ਰੰਥ ਪੰਜਾਬੀ ਸਮਾਜਚਾਰੇ ਦੀਆਂ ਚਿੰਤਾਵਾਂ, ਔਕੜਾਂ ਅਤੇ ਜੁਝਾਰੂ ਚਿੰਤਨ ਦੀ ਅਨੂਠੀ ਜਿਲਦ ਹੈ। ਇਸ ਵਿਚ ਮੌਜੂਦ ਸ਼ਾਇਰਾਂ ਦੀ ਰਚਨਾਕਾਰੀ ਇਕ ਮਰਹਲਾ ਹੈ। ਇਹਨਾਂ ਦਾ ਆਪਸੀ ਰਿਸ਼ਤਾ ਜੋੜਨਾ ਦੂਜਾ ਮਰਹਲਾ ਹੈ। ਇਸ ਦੀ ਸੰਕਲਪਨਾ ਅਤੇ ਸੰਪਾਦਨਾ ਜਿਸ ਕਿਸਮ ਦੇ ਬੇਜੋੜ ਸੰਪਾਦਕੀ ਹੁਨਰ ਨਾਲ ਨੇਪਰੇ ਚੜ੍ਹਿਆ, ਇਹ ਤੀਜਾ ਮਰਹਲਾ ਹੈ- ਇਸ ਪ੍ਰਕਿਰਿਆ 'ਤੇ ਪੰਜਾਬੀ ਰਹਿੰਦੀ ਦੁਨੀਆ ਤੱਕ ਮਾਣ ਕਰਦੇ ਰਹਿਣਗੇ। ਆਪਣੇ ਇਕਰਾਰਾਂ ਨੂੰ ਨਿਭਾਉਣ ਦੀ ਕੀਮਤ ਜੇ ਸ਼ਹਾਦਤ ਸੀ ਤਾਂ ਗੁਰੂ ਅਰਜਨ ਦੇਵ ਨੇ ਇਹ ਕੀਮਤ ਅਦਾ ਕਰਕੇ ਗੁਰੂ ਗ੍ਰੰਥ ਨੂੰ ਸਿਰਫ਼ ਧਾਰਮਿਕ ਪੁਸਤਕ ਤੋਂ ਇਤਿਹਾਸਕ ਮੁਹਾਜ਼ ਤੇ ਹਥਿਆਰ ਵਾਂਗ ਬੀੜਿਆ। ਸੰਸਾਰ ਦੇ ਧਰਮ ਗ੍ਰੰਥਾਂ ਵਿਚ ਗੁਰੂ

ਗ੍ਰੰਥ ਸਭ ਤੋਂ ਪਹਿਲੀ ਪੋਥੀ ਹੈ ਜਿਸ ਵਿਚ ਲੋਕਾਈ ਦੀ ਬੋਲੀ ਨੂੰ ਰੱਬ ਤੱਕ ਪਹੁੰਚਣ ਦਾ ਜਹਾਜ਼ ਬਣਾਇਆ ਗਿਆ। ਪੰਜਾਬੀ ਬੰਦੇ ਦੀ ਨਿੱਤ-ਵਰਤੋਂ ਦੀ ਬੋਲੀ ਨੂੰ ਰੱਬੀ ਰਹਿਮਤ ਨਾਲ ਇਕਸੁਰ ਕਰਨਾ ਕਿਸੇ ਇਨਕਲਾਬੀ ਐਲਾਨਨਾਮੇ ਤੋਂ ਘੱਟ ਨਹੀਂ ਸੀ। ਪੰਜਾਬੀ ਅਤੇ ਹੋਰ ਲੋਕ-ਬੋਲੀਆਂ ਨੂੰ ਵਰਤਣ ਦਾ ਦੂਜਾ ਪੜਾਅ ਇਹਨਾਂ ਹੀ ਬੋਲੀਆਂ ਵਿਚ ਡੂੰਘੀ ਵਿਚਾਰਕ ਬਿਰਤੀ ਅਤੇ ਚਿੰਤਨੀ ਦੁਮੇਲ ਨੂੰ ਹੋਰ ਵਿਸਥਾਰਣ ਵਿਚ ਹੈ। ਇਸ ਪ੍ਰਕਿਰਿਆ ਦਾ ਤੀਜਾ ਅਤੇ ਅਹਿਮ ਅੰਗ ਇਨਸਾਨੀ ਜ਼ਿੰਦਗੀ ਦੀਆਂ ਸਧਾਰਣ ਉਲਝਣਾਂ ਨੂੰ ਲਾਸਾਨੀ ਸੰਜੀਦਗੀ ਨਾਲ ਨਾ ਸਿਰਫ਼ ਚਿੰਤਕੀ ਮੁਹਾਜ਼ ਵਿਚ ਹੀ ਬੀੜਿਆ ਗਿਆ ਸਗੋਂ ਇਸ ਬਿਨਾਅ 'ਤੇ ਇਕ ਵਿਚਾਰਧਾਰਕ ਭਾਈਚਾਰੇ ਦੀ ਜੱਥੇਬੰਦੀ ਵੀ ਪ੍ਰਵਾਨ ਚੜ੍ਹਾਈ ਗਈ। ਸੋ, ਪੰਜਾਬੀ ਬੋਲੀ ਤੋਂ ਸ਼ੁਰੂ ਹੋ ਕੇ ਵਿਚਾਰਧਾਰਕ ਭਾਈਚਾਰੇ ਤੱਕ ਪਹੁੰਚਣ ਦੇ ਸਫ਼ਰ ਦਾ dialectic ਹਰੇਕ ਦੌਰ 'ਚ ਪੁਨਰ-ਸੰਰਚਿਤ reconstitute ਹੁੰਦਾ ਆਇਆ ਹੈ। ਮੇਰੀ ਦਿਲਚਸਪੀ ਤਵਾਰੀਖ਼ੀ ਬਦਲਾਅ ਕਾਰਨ ਵਿਚਾਰਧਾਰਕ ਮੁਹਾਜ਼ ਵਿਚ ਆਈਆਂ ਤਬਦੀਲੀਆਂ 'ਚੋਂ ਉਭਰਦੇ ਰਾਜਨੀਤਕ ਪਹਿਲੂਆਂ ਨੂੰ ਵਿਚਾਰਣ 'ਚ ਹੈ।

ਸਿੱਖੀ ਦੇ ਪੁੰਗਰਨ ਦਾ ਇਤਿਹਾਸਕ ਦੌਰ ਹੋਰ ਵੀ ਦੂਰਵਰਤੀ ਸੰਰਚਨਾਵਾਂ ਅਤੇ ਪ੍ਰਕਿਰਿਆਵਾਂ ( Structures and processes) ਨਾਲ ਨਜਿੱਠ ਰਿਹਾ ਸੀ। ਸਮਾਜ ਸ਼ਾਸਤਰੀ ਰਾਬਰਟ ਬੈਲਾਹ ਅਨੁਸਾਰ ਇਹ ਦੌਰ ਯੂਨਾਨ, ਇਜ਼ਰਾਈਲ, ਚੀਨ ਅਤੇ ਭਾਰਤ ਵਿਚ ਸਾਂਝੇ ਸੰਕਲਪੀ ਜਗਤ ਦੇ ਉਸਾਰ ਦਾ ਸੀ। ਮੁੱਢਲੇ ਦੌਰ ਦਾ ਧਾਰਮਿਕ ਜਗਤ ਅਤੇ ਆਧੁਨਿਕ ਦੌਰ ਦਾ ਧਾਰਮਿਕ ਜਗਤ ਮੱਧ ਕਾਲੀਨ ਦੌਰ ਤੋਂ ਬਿਲਕੁਲ ਨਿਆਰਾ ਸੀ। ਇਹ ਦ੍ਵੈਤਵਾਦ ਹਿੰਦੁਸਤਾਨ ਵਿਚ ਸੰਨਿਆਸੀ, ਬ੍ਰਾਹਮਣ ਅਤੇ ਰਾਜਾ ਦੀਆਂ ਇਕਾਈਆਂ ਵਿਚ ਦਿਸਦਾ ਸੀ ਅਤੇ ਇਸਲਾਮ ਵਿਚ ਸ਼ਰੀਅਤ (ਕਾਜ਼ੀ), ਤਰੀਕਤ (ਸੂਫ਼ੀ) ਅਤੇ ਹਕੂਮਤ (ਬਾਦਸ਼ਾਹ) ਦੇ ਰੂਪ ਵਿਚ ਕਾਰਜਸ਼ੀਲ ਸੀ। ਜੀਤ ਪਾਲ ਸਿੰਘ ਉਬਰਾਇ ਅਨੁਸਾਰ ਸਿੱਖੀ ਦੀ ਵਿਲੱਖਣਤਾ ਇਹਨਾਂ ਇਕਾਈਆਂ ਦੇ ਮਹੱਤਵ ਨੂੰ ਸਮਝਦਿਆਂ ਇਸ ਨੂੰ ਇਕੋਂ ਮੁਹਾਜ਼ ਵਿਚ ਬੀੜਨ ਵਿਚ ਸੀ। ਇਸ ਸੰਕਲਪਗਤ ਨਿਆਰੇਪਣ ਨੂੰ ਇਤਿਹਾਸਕ ਸੰਗਠਨ ਵਿਚ ਕਾਰਜਸ਼ੀਲ ਕਰਨ ਨਾਲ ਪੰਜਾਬ ਵਿਚ ਗੁਣਾਤਮਕ ਤਬਦੀਲੀ ਦੀ ਤਾਮੀਰ ਸ਼ੁਰੂ ਹੋਈ।

ਇਸਲਾਮ ਵਿਚ ਸੂਫੀਵਾਦ ਦਾ ਪੈਂਤੜਾ ਅਤੇ ਹਿੰਦੂ ਧਰਮ ਵਿਚ ਨਿਰਗੁਣ ਭਗਤੀ ਲਹਿਰ ਆਪਣੇ ਦੌਰ ਦੇ ਲੋਕ-ਪੱਖ ਦੇ ਨਗਾਰੇ ਸਨ ਅਤੇ ਲੋਕਾਈ ਦੀ 'ਨਿੱਤ ਦਿਸਦੇ ਦੀ ਸਾਧਾਰਣਤਾ' ਤੋਂ ਆਤਮਕ ਬਲ ਹਾਸਲ ਕਰਦੇ ਹੋਏ 'ਚੀਜ਼ਾਂ ਤੋਂ ਉੱਠਦੀ ਅੰਨ੍ਹੇਪਣ ਦੀ ਭਾਫ਼ ਤੇ ਡੁੱਲ੍ਹ' ਜਾਣ ਵਾਲੀ ਰਹਿਤਲ ਦੇ ਖ਼ਿਲਾਫ਼ ਲੜ ਰਹੇ ਸਨ। ਪ੍ਰੋ. ਕਿਸ਼ਨ ਸਿੰਘ ਇਸੇ ਵਰਤਾਰੇ ਨੂੰ ਗੁਰਬਾਣੀ ਦੀ ਚੂਲ ਮੰਨਦੇ ਹਨ ਅਤੇ 'ਮਾਇਆ' ਦੇ ਬਰਅਕਸ 'ਨਾਮ' ਦੀ ਤਰਜ਼ੇ-ਜ਼ਿੰਦਗੀ ਦੀ ਕਾਇਮੀ ਨੂੰ ਸਿੱਖੀ ਦਾ ਉਦੇਸ਼ ਮੰਨਦੇ ਹਨ। ਗੁਰਬਾਣੀ ਉਨ੍ਹਾਂ ਨੂੰ 'ਗੁਰਮੁਖ' ਬਨਾਮ 'ਮਨਮੁਖ' ਦੇ ਵਿਚਾਰਧਾਰਕ ਸੰਘਰਸ਼ ਦੀ ਸੱਦ ਲੱਗਦੀ ਹੈ। ਜਿਸ ਵਿਚ ਮਨੁੱਖ ਦੀ ਆਜ਼ਾਦੀ ਦਿਮਾਗੀ ਸੰਕਲਪ ਨਹੀਂ, ਜ਼ਿੰਦਗੀ ਦਾ ਤਰੀਕਾ ਹੈ। ਪੰਜਾਬੀ ਸੂਫ਼ੀ ਇਸੇ ਟੱਕਰ ਨੂੰ 'ਇਸ਼ਕ ਸ਼ਰ੍ਹਾ ਦਾ ਵੈਰ' ਜਾਂ 'ਈਮਾਨ' ਬਨਾਮ 'ਇਸ਼ਕ' ਦੇ ਵਿਰੋਧੀ ਜੁੱਟਾਂ ਵਜੋਂ ਉੱਕਰਦੇ ਹਨ। ਨਿਰਗੁਣ ਭਗਤੀ ਧਾਰਾ ਦਾ ਮੂਲ ਮੁੱਦਾ ਹਿੰਦੂ ਪਰੰਪਰਾ ਦੀ ਬੁਨਿਆਦੀ ਜੁਗਤ ਜਾਤੀਵਾਦ / ਬ੍ਰਾਹਮਣਵਾਦ ਦੀ ਵਿਚਾਰਧਾਰਕ ਸੱਤਾ ਨਾਲ ਲੋਹਾ ਲੈ ਕੇ ਦਲਿਤ ਵਰਗਾਂ ਦੇ ਰੂਹਾਨੀ ਹੱਕਾਂ ਦੀ ਪੁਰਜ਼ੋਰ ਵਕਾਲਤ ਕਰਨਾ ਸੀ। ਉਥੇ ਟੱਕਰ ਕੋਰੇ 'ਗਿਆਨ' ਅਤੇ 'ਹਿਰਦੇ' ਦੀ ਰਹਿਤਲ ਦਰਮਿਆਨ ਸੀ। ਸਿੱਖੀ ਦੀ ਇਹਨਾਂ ਲੋਕ-ਪੱਖੀ ਵਿਚਾਰਧਾਰਾਵਾਂ ਨਾਲ ਡੂੰਘੀ ਸਾਕਾਚਾਰੀ ਹੈ। ਇਸ ਸਾਕਾਚਾਰੀ ਦੀ ਸਿਧਾਂਤਕ ਪੜਚੋਲ



ਅਤੇ ਇਸ ਸਾਂਝ ਦਾ ਇਤਿਹਾਸਕ ਸਫ਼ਰ ਬੇਹੱਦ ਦਿਲਚਸਪ ਮਜਮੂਨ ਹੈ। ਜਿਸ ਵੱਲ ਕਿ ਇਸ ਪਰਚੇ 'ਚ ਕੁਝ ਸੈਨਤਾਂ ਹੀ ਕੀਤੀਆਂ ਜਾ ਸਕਦੀਆਂ ਹਨ। ਮਿਸਾਲ ਵਜੋਂ ਪਹਿਲਾ ਪੜਾਅ ਬਾਬਾ ਨਾਨਕ ਦੀ ਬਾਬਾ ਫ਼ਰੀਦ ਅਤੇ ਭਗਤ ਕਬੀਰ ਨਾਲ ਅਮੂਰਤ ਵਿਚਾਰਕ ਪੱਧਰ 'ਤੇ ਹੈ। ਦੂਜੇ ਪੜਾਅ ਵਿਚ ਪੰਜਵੇਂ ਗੁਰੂ ਨੇ ਇਸ ਅਮੂਰਤ ਸਾਂਝ ਨੂੰ ਆਦਿ ਗ੍ਰੰਥ ਵਿਚ ਸੰਪਾਦਿਤ ਕਰਕੇ ਇਸ ਨੂੰ ਸਮੂਰਤ ਕੀਤਾ, ਇਸ ਸਾਂਝ ਨੂੰ ਸੰਸਥਾਈ ਇਕਾਗਰਤਾ (ਆਦਿ ਗ੍ਰੰਥ ਦਾ ਹਰਿਮੰਦਰ ਵਿਚ ਪ੍ਰਕਾਸ਼) ਦਿੱਤੀ ਅਤੇ ਇਸ ਵਿਚਾਰਧਾਰਕ ਨਜ਼ਰੀਏ ਦੀ ਸਾਂਝ ਨੂੰ ਪੰਜਾਬੀ ਮਾਣਸਚਾਰੇ ਵਿਚ ਪ੍ਰਤਿਮਾਨ ਵਜੋਂ ਸਥਿਰ ਕਰ ਦਿੱਤਾ। ਦਸਵੇਂ ਗੁਰੂ ਤੱਕ ਪਹੁੰਚਦਿਆਂ ਸਿੱਖ-ਸੰਸਥਾਵਾਂ ਦੀ ਪੁਨਰ-ਸੰਰਚਨਾ ਇਨਕਲਾਬੀ ਜੱਦੋ-ਜਹਿਦ ਨੂੰ ਵਹੀ ਜਾ ਚੁੱਕੀ ਸੀ। ਮੁਗਲ ਸਾਮਰਾਜ ਨਾਲ ਹੁੰਦੇ ਯੁੱਧਾਂ ਵਿਚ ਇਕ ਪਾਸੇ ਸੂਫ਼ੀ ਪੀਰ ਬੁੱਧੂ ਸ਼ਾਹ, ਭੀਖਣ ਸ਼ਾਹ ਅਤੇ ਦੂਜੇ ਪਾਸੇ ਨਿਰਗੁਣ ਭਗਤੀ ਧਾਰਾ ਦੇ ਬੈਰਾਗੀ ਸੰਪ੍ਰਦਾਇ ਦਾ ਬੰਦਾ ਬਹਾਦਰ ਇਸੇ dialectic ਨੂੰ ਵਿਚਾਰ ਅਤੇ ਸੰਸਥਾ ਤੋਂ ਅਗਲੇ ਪੜਾਅ ਵਿਚ ਇਕ ਨਿੱਗਰ ਇਤਿਹਾਸਕ ਤਾਕਤ ਬਣਾ ਦਿੰਦੇ ਹਨ।

ਇਸ ਸਾਕਾਚਾਰੀ ਦੇ ਉਲਟ ਵੀ ਇਕ ਉਲਟ-ਇਨਕਲਾਬੀ (counter-revolutionary) ਮੁਹਾਜ਼ ਖੜ੍ਹਾ ਹੁੰਦਾ ਹੈ। ਸਿੱਖੀ, ਇਸਲਾਮ ਅਤੇ ਹਿੰਦੂ ਧਰਮ- ਤਿੰਨਾਂ ਵਿਚ। ਮਸਲਨ ਮੀਣੇ, ਧੀਰ ਮੱਲੀਏ ਆਦਿ ਜਿਹੜੇ ਸਿੱਖੀ ਦੇ ਲੋਕ-ਪੱਖੀ, ਰਾਜਸੀ ਵਿਦਰੋਹੀ ਅਤੇ ਜਮਹੂਰੀ ਸੰਸਥਾਈ ਆਧਾਰਾਂ ਦਾ ਸਿਰਤੋੜ ਵਿਰੋਧ ਕਰਦੇ ਹੋਏ ਕੁਲੀਨ ਸਿੱਖਾਂ ਦੇ ਹਿੱਤਾਂ ਅਨੁਸਾਰ, ਵੇਲੇ ਦੇ ਨਿਜ਼ਾਮ ਦੇ ਰੁਕਨ ਵਜੋਂ ਸਿੱਧੀ ਅਤੇ ਸੌਖੀ ਵਿਆਖਿਆ ਕਰਦਿਆਂ ਇਸ ਦੇ ਇਨਕਲਾਬੀ ਵਿਰਸੇ ਨੂੰ ਖੋਰਦੇ ਹਨ। (ਮੌਜੂਦਾ ਦੌਰ ਵਿਚ ਇਸੇ ਪ੍ਰਵਿਰਤੀ ਨੂੰ revisionism ਕਿਹਾ ਜਾਂਦਾ ਹੈ।) ਇਸ ਤੇ ਸਮਾਂਨਤਰ ਇਸਲਾਮ ਵਿਚ ਹਕੂਮਤ ਦੀ ਜਾਇਜ਼ਕਾਰੀ ਦੇ ਸੰਦ ਵਜੋਂ ਸ਼ਰ੍ਹਈ ਇਸਲਾਮ ਦੀ ਸੰਪਰਦਾਈ ਵਲਗਣ ਦੀ ਵੀ ਭਰਪੂਰ ਹਾਜ਼ਰੀ ਰਹਿੰਦੀ ਹੈ। ਮਿਸਾਲ ਵਜੋਂ ਸ਼ੇਖ ਅਹਿਮਦ ਸਰਹਿੰਦੀ ਦਾ ਰਸੂਖ ਇਸ ਪ੍ਰਵਿਰਤੀ ਦੇ ਪ੍ਰਮਾਣ ਵਜੋਂ ਰੱਖਿਆ ਜਾ ਸਕਦਾ ਹੈ। ਲਾਹੌਰ ਵਿਚ ਸਾਈਂ ਮੀਆਂ ਮੀਰ ਦੀ ਬੇਬਸੀ ਦਾ ਅਗਲਾ ਪੜਾਅ ਸੂਫੀ ਸ਼ਾਇਰ ਸਰਮਦ ਦੀ ਦਿੱਲੀ ਵਿਚ ਸ਼ਹਾਦਤ ਵਿਚੋਂ ਰਾਜਨੀਤਕ ਇਸਲਾਮ ਵੱਲੋਂ ਸੂਫੀ ਪੈਂਤੜੇ ਦੀ ਵਿਰੋਧਤਾਈ ਦਿਸਦੀ ਹੈ। ਹਿੰਦੂ ਧਰਮ ਦੀ ਪੰਜਾਬ ਵਿਚ ਤਾਂ ਕੋਈ ਸੰਗਠਿਤ ਤਾਕਤ ਨਹੀਂ ਸੀ ਪਰ ਰਾਜਪੂਤਾਨੇ ਵਿਚ ਰਾਜਪੂਤ ਰਾਜਿਆਂ ਦੇ ਅਤਿ-ਜਾਤੀਵਾਦੀ ਅਤੇ ਸਨਾਤਨੀ ਕਰਮ-ਕਾਂਡੀ ਨਿਜ਼ਾਮ ਵਿਚ ਬ੍ਰਾਹਮਣਵਾਦੀ ਸੱਤਾ ਦਾ ਮੁਕੰਮਲ ਗ਼ਲਬਾ ਸੀ। ਹਿੰਦੀ ਦੇ ਰੀਤੀ-ਕਾਵਿ ਦੀ ਮੂਲ ਭਾਵਨਾ ਇਹਨਾਂ ਰਾਜਾ ਸ਼੍ਰੇਣੀ ਦੇ ਦਰਬਾਰੀ ਸ਼ਿੰਗਾਰ ਦੀ ਮਹਿਮਾ ਕਰਨਾ ਹੀ ਹੈ, ਜਿਸ ਵਿਚ ਲੋਕਾਈ ਹਾਸ਼ੀਏ 'ਤੇ ਹੈ। ਸਾਫ ਹੈ ਕਿ ਸੂਫੀ ਇਸਲਾਮ, ਨਿਰਗੁਣ ਧਾਰਾ ਅਤੇ ਸਿੱਖ ਲਹਿਰ ਦੇ ਲੋਕ-ਪੱਖੀ ਮੋਰਚੇ ਵਿਚ ਨਿਮਨ ਵਰਗਾਂ ਅਤੇ ਜਾਤਾਂ ਦੀ ਸੱਭਿਆਚਾਰਕ ਜੱਦੋ-ਜਹਿਦ ਹੈ ਅਤੇ ਦੂਜੇ ਪਾਸੇ ਰਾਜਨੀਤਕ ਇਸਲਾਮ, ਬ੍ਰਾਹਮਣਵਾਦੀ ਸੱਤਾ ਅਤੇ ਕੁਲੀਨ ਸਿੱਖਾਂ ਦਾ revisionism- ਸਾਂਝਾ ਮੁਹਾਜ਼ ਬਣਾਉਂਦੇ ਹਨ। ਬਦਲਦੇ ਇਤਿਹਾਸਕ ਦੌਰ ਵਿਚ ਇਹ ਦੋਵੇਂ ਧਿਰਾਂ ਆਪਣੇ ਰਾਜਸੀ-ਸਮਾਜਕ ਨਿਸ਼ਾਨੇ, ਨੀਤੀਗਤ ਪੇਸ਼ਬੰਦੀਆਂ ਅਤੇ ਰਣਨੀਤਕ ਪੈਂਤੜੇ ਪੁਨਰ ਸੰਗਠਿਤ ਕਰਦੀਆਂ ਰਹਿੰਦੀਆਂ ਹਨ।

ਹਿੰਦੁਸਤਾਨ ਵਿਚ ਸੂਫੀਵਾਦ, ਰਿਆਸਤ ਤੋਂ ਆਪਣੀ ਮਿੱਥੀ ਦੂਰੀ 'ਤੇ ਖੜ੍ਹਾ ਨਾ ਰਹਿ ਸਕਿਆ ਅਤੇ ਨਿਰਗੁਣ ਧਾਰਾ ਨੂੰ ਜਾਤੀ ਪ੍ਰਬੰਧ ਵਿਚ ਜਜ਼ਬ ਕਰ ਲਿਆ ਗਿਆ। ਇਸ ਤਰ੍ਹਾਂ ਵਿਚਾਰਕ ਪੱਧਰ 'ਤੇ ਇਹ ਦੋਵੇਂ ਧਾਰਾਵਾਂ ਖੁਦ ਨੂੰ ਹਾਲਾਤ ਸਾਹਮਣੇ ਨਵਿਆਂ ਨਾ ਸਕੀਆਂ ਅਤੇ ਸਨਤਨੀ ਲੋਕ-ਧਰਮ conservative popular religion ਤੱਕ

ਮਹਿਦੂਦ ਹੋ ਗਈਆਂ। ਇਨ੍ਹਾਂ ਦੀ ਜੱਥੇਬੰਦਕ ਤਾਕਤ ਸਿਰਫ਼ ਉਰਸ ਕਰਵਾਉਣ, ਚੜ੍ਹਾਵਾ ਇਕੱਠਾ ਕਰਨ, ਸੱਤਾ ਦੀ ਵਿਚੋਲਗੀ ਕਰਨ ਤੱਕ ਸਿਮਟ ਗਈ। 19ਵੀਂ ਸਦੀ ਦੇ ਦੂਜੇ ਅੱਧ ਦੌਰਾਨ ਚੱਲੀਆਂ ਸਿੰਘ ਸਭਾ (ਕੁਲੀਨ ਸਿੱਖਾਂ ਦਾ revisionism ), ਆਰੀਆ ਸਮਾਜ (ਬ੍ਰਾਹਮਣਵਾਦੀ ਸੱਤਾ) ਅਤੇ ਅੰਜੁਮਨ-ਇ-ਇਸਲਾਮੀਆ/ਮੁਸਲਿਮ ਲੀਗ (ਰਾਜਨੀਤਕ ਇਸਲਾਮ) ਇਹਨਾਂ ਪੂਰਵ-ਵਰਤੀ ਪ੍ਰਵਿਰਤੀਆਂ ਦਾ ਸਿੱਟਾ ਸਨ ਅਤੇ ਅੰਗਰੇਜ਼ ਸਾਮਰਾਜ ਦੀਆਂ ਪਿਛਲੱਗ ਹੋ ਕੇ ਫਿਰਕਾਦਾਰਾਨਾ ਪਛਾਣ ਦੀ ਉਸਾਰੀ ਵਿਚ ਲੱਗੀਆਂ ਹੋਈਆਂ ਸਨ। ਇਹਨਾਂ ਪ੍ਰਕਿਰਿਆਵਾਂ ਦਾ ਅਗਲਾ ਪੜਾਅ ਸਾਡੇ ਤਤਕਾਲੀ ਦੌਰ ਦਾ ਹੈ - ਖਾੜਕੂ ਦੌਰ ਦੀ ਹਿੰਸਾ, ਆਰ.ਐਸ.ਐਸ. ਦਾ ਫਾਸ਼ੀਵਾਦੀ ਕਿਰਦਾਰ ਅਤੇ ਸਾਡੇ ਗੁਆਂਢੀ ਤਾਲਿਬਾਨ ਦੀ ਟੇਕ ਅਮਰੀਕੀ ਤਖ਼ਤ ਹੀ ਸੀ। 20ਵੀਂ ਸਦੀ ਦੇ ਮਾਲਵੇ ਦਾ ਅਜ਼ੀਮ ਕਲੀਕਾਰ ਹਜ਼ੂਰਾ ਸਿੰਘ ਬੁਟਾਹਰੀ ਸ਼ਾਇਦ ਇਨ੍ਹਾਂ ਲੋਕ-ਦੋਖੀ ਧਿਰਾਂ ਬਾਰੇ ਹੀ ਕਹਿੰਦਾ ਹੈ :

"ਅੱਜੂ ਖੇੜਾ ਚੂਚਕ ਕੈਦੋਂ ਸਭ ਪੰਚੈਹਤੀਏ।
ਲਗੇ ਸਗਨ ਮਨਾਉਣ ਖੜੇ ਸੱਥ 'ਚ ਛਿਆਲੀ।"

## 2

ਬਾਬਾ ਨ੍ਹਾਨਕ ਦੇ ਵੇਈਂ ਪ੍ਰਵੇਸ਼ ਤੋਂ ਰਾਵੀ ਕੰਢੇ ਗੁਰੂ ਅਰਜਨ ਦੀ ਸ਼ਹਾਦਤ ਤੱਕ ਸਿੱਖੀ, ਹਲੀਮੀ ਦਾ ਮੁਕਾਮ ਸੀ। ਸਬਰ, ਸੰਤੋਖ ਅਤੇ ਸ਼ਰਧਾ ਦੀ ਇਬਾਰਤ। ਮੱਧਕਾਲੀਨ ਹਿੰਦੂ ਮਰਿਆਦਾ ਤੋਂ ਸਿੱਖੀ ਨੇ ਖੁਦ ਨੂੰ ਅਲੱਗ ਕਰਕੇ ਵੇਖਣ ਦੀ ਕਵਾਇਦ ਸ਼ੁਰੂ ਕੀਤੀ ਅਤੇ ਇਸ ਮਕਸਦ ਲਈ ਨਵੀਆਂ ਜੱਥੇਬੰਦਕ ਪਹਿਲਕਦਮੀਆਂ (ਲੰਗਰ, ਮੰਜੀਆਂ, ਪੀੜ੍ਹੇ, ਬਾਉਲੀ ਆਦਿ) ਨਵਾਂ ਸਮਾਜਕ ਸੰਸਥਾਈ ਪ੍ਰਬੰਧ (ਮਸੰਦ, ਨਵੇਂ ਸ਼ਹਿਰ ਆਦਿ) ਹੋਂਦ ਵਿਚ ਆਇਆ। ਨਵੀਂ ਸ਼ਨਾਖਤ ਘੜਨ ਦੀ ਇਸ ਪੂਰੀ ਸਦੀ ਦਾ ਸਿਖ਼ਰ ਆਦਿ ਗ੍ਰੰਥ ਦੀ ਸੰਪਾਦਨਾ ਵਿਚ ਪ੍ਰਵਾਨ ਚੜ੍ਹਿਆ। ਗੁਰੂ ਗ੍ਰੰਥ ਦੀ ਵਿਲੱਖਣਤਾ ਅਤੇ ਦੇਣ ਇਸ ਨੂੰ ਪੂਰਵ-ਵਰਤੀ ਪ੍ਰਕਿਰਿਆਵਾਂ ਦੇ ਸੰਪਾਦਕ (dialectical) ਸੰਜੋਗ ਅਤੇ ਇਤਿਹਾਸ ਧਾਰਾ ਵਿਚ ਉਹਨਾਂ ਦੀ ਸਥਾਪਤੀ ਵਜੋਂ ਦੇਖਣ ਵਿਚ ਹੈ। ਇਹ ਉਹ ਵੇਲਾ ਵੀ ਹੈ ਜਦੋਂ ਸਿੱਖ ਸੰਗਤਾਂ ਦਾ ਫੈਲਾਅ ਹੋ ਰਿਹਾ ਸੀ ਅਤੇ ਛੋਟੇ ਵਪਾਰੀ, ਵਣਜਾਰੇ, ਕਾਰੀਗਰ, ਕਿਸਾਨ ਅਤੇ ਹੋਰ ਦਲਿਤ ਵਰਗ ਸਿੱਖੀ ਵਿਚ ਸ਼ਾਮਲ ਹੋ ਰਹੇ ਸਨ। ਇਸਲਾਮ ਅਤੇ ਮੁਗਲਾਂ ਨਾਲ ਉਸ ਸਮੇਂ ਕੋਈ ਗਹਿਰਾ ਸਮਾਜਕ-ਸੰਸਥਾਈ ਵਿਰੋਧੀ ਨਹੀਂ ਸੀ, ਸਗੋਂ ਹਿੰਦੂ ਸਨਾਤਨ ਧਰਮ ਨਾਲੋਂ ਅਲਹਿਦਗੀ ਉਸ ਸਮੇਂ ਦਾ ਕੇਂਦਰੀ ਮੁੱਦਾ ਸੀ। ਗੁਰਗੱਦੀ ਵੀ ਪੁਸ਼ਤੈਨੀ ਹੋ ਚੁੱਕੀ ਸੀ ਪਰ ਨਾਲ ਹੀ ਇਕ ਸਮਾਨਅੰਤਰ ਸੰਸਥਾ ਆਦਿ ਗ੍ਰੰਥ ਦੇ ਰੂਪ ਵਿਚ ਉਸਰ ਵੀ ਰਹੀ ਸੀ। (ਖਾਲਸੇ ਦੀ ਸਿਰਜਣਾ ਇਸ ਸੰਸਥਾਈ ਤਰਕ ਦਾ ਅਗਲਾ ਪੜਾਅ ਸੀ ਜਦੋਂ ਦੇਹਧਾਰੀ ਗੁਰੂ, ਗੁਰੂ ਗ੍ਰੰਥ ਵਿਚ ਅਭੇਦ ਹੋ ਜਾਂਦਾ ਹੈ।) ਸਿੱਖੀ ਦੇ ਫਲਸਫੇ, ਸਵੈ-ਪਛਾਣ ਅਤੇ ਕਾਰਜਸ਼ੀਲਤਾ (praxis) ਵਿਚ ਗੁਰੂ, ਗ੍ਰੰਥ ਅਤੇ ਪੰਥ ਦਾ ਇਤਿਹਾਦ ਇਸ ਸਮੇਂ ਤੱਕ ਪੱਕੇ ਪੈਰੀਂ ਹੋ ਚੁੱਕਿਆ ਸੀ।

ਗੁਰੂ ਅਰਜਨ ਜੀ ਸ਼ਹਾਦਤ ਨਾਲ ਸਿੱਖੀ ਦੀ ਮੁਗਲ ਸਾਮਰਾਜ ਅਤੇ ਇਸਦੀ ਵਿਚਾਰਧਾਰਕ ਸੱਤਾ ਨਾਲ ਵਿਰੋਧ ਹੁਣ ਠੋਸ ਇਤਿਹਾਸਕ ਤੱਥ ਸੀ। ਗੁਰੂ ਹਰਿਗੋਬਿੰਦ ਵੱਲੋਂ ਮੁਗਲ ਰਾਜ ਦੀਆਂ ਹੱਦਾਂ ਤੋਂ ਦੁਰਾਡੇ, ਸ਼ਿਵਾਲਿਕ ਪਹਾੜੀਆਂ ਨੇੜੇ ਕੀਰਤਪੁਰ ਵਸਾਉਣਾ, ਢਾਡੀ ਦਰਬਾਰ ਰਾਹੀਂ ਜੰਗੀ ਯੋਧਿਆਂ ਦੀਆਂ ਵਾਰਾਂ ਦਾ ਗਾਇਣ ਕਰਵਾਉਣਾ, ਮੀਰੀ-ਪੀਰੀ ਦਾ ਸੰਕਲਪ, ਅਕਾਲ ਤਖਤ ਦੀ ਸਥਾਪਨਾ, ਇਹ ਸਾਰੀਆਂ ਕਾਰਵਾਈਆਂ ਉਸ ਅਧਿਆਤਮਕ, ਰੂਹਾਨੀ ਨਿਖੇੜ ਨੂੰ ਸਮਾਜਕ-ਰਾਜਨੀਤਕ ਦਿਸ਼ਾ



ਦੇਣ ਵੱਲ ਸੇਧਿਤ ਹਨ। ਵੇਲੇ ਦੇ ਨਿਜ਼ਾਮ ਨਾਲ ਹਰ ਪੱਧਰ 'ਤੇ ਟਾਕਰਾ ਹੁਣ ਸਿੱਖ ਵਿਚਾਰਧਾਰਕ ਭਾਈਚਾਰੇ ਦਾ ਇਤਿਹਾਸਕ ਮੁਕਾਮ ਸੀ। ਭਾਈ ਗੁਰਦਾਸ ਦੀਆਂ ਵਾਰਾਂ ਦਾ ਅਧਿਐਨ ਇਸ ਸੰਦਰਭ ਵਿਚ ਬਹੁਤ ਮਦਦਗਾਰ ਹੋ ਸਕਦਾ ਹੈ। ਇਤਿਹਾਸਕਾਰ ਸੁਰਜੀਤ ਹਾਂਸ ਗੁਰੂ ਅਰਜਨ ਦੀ ਸ਼ਹਾਦਤ ਤੋਂ ਪਹਿਲਾਂ ਲਿਖੀਆਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਹਲੀਮੀ ਅਤੇ ਸਬਰ ਦਾ ਤੱਤ ਗਾਲਿਬ ਦੇਖਦੇ ਹਨ ਪਰ ਸ਼ਹਾਦਤ ਤੋਂ ਬਾਅਦ ਦੀਆਂ ਵਾਰਾਂ ਵਿਚ ਇਕ ਫੈਸਲਾਕੁੰਨ ਖਾੜਕੂ ਸੁਰ ਦੀ ਜ਼ੋਰਾਵਰੀ ਹੈ। ਗੁਰੂ ਹਰਿਗੋਬਿੰਦ ਦੀ ਕਾਬਲੀਅਤ ਅਤੇ ਨਵੀਆਂ ਸਾਜੀਆਂ ਸੰਸਥਾਵਾਂ ਦੇ ਵਿਵੇਕ ਬਾਰੇ ਮੀਣਿਆਂ ਵਲੋਂ ਉੱਠੇ ਵਿਰੋਧ ਨੂੰ ਖਾਰਿਜ ਕਰਦੇ ਹੋਏ ਭਾਈ ਗੁਰਦਾਸ ਨਵੇਂ ਦੌਰ ਲਈ ਸਿੱਖੀ ਦੇ reconstitution ਵਾਸਤੇ ਵਿਚਾਰਧਾਰਕ ਸਿਆੜ ਕੱਢਦੇ ਹਨ।

ਸਿੱਖ ਭਾਈਚਾਰੇ ਵਿਚ ਇਹ ਦੌਰ ਤਬਕਾਤੀ ਜੱਦੋ ਜਹਿਦ ਦੀ ਬਾਕਾਇਦਾ ਸ਼ੁਰੂਆਤ ਦਾ ਵੀ ਹੈ। ਦਰਅਸਲ ਭਾਈ ਗੁਰਦਾਸ ਜਿਨ੍ਹਾਂ ਨੂੰ ਮੀਣੇ ਕਹਿੰਦੇ ਹਨ ਉਹ ਮੁਗਲ ਸਾਮਰਾਜ ਨਾਲ ਟੱਕਰ ਦੇ ਵਿਰੋਧੀ ਹਨ, ਕੁਲੀਨ ਜਾਂ ਅਮੀਰ ਸਿੱਖਾਂ ਦੀ ਪਰੋਖ ਸਰਪ੍ਰਸਤੀ ਦਾ ਆਸਰਾ ਲੈਂਦੇ ਹਨ ਅਤੇ ਵਿਆਪਕ ਹਿੰਦੂ ਮਰਿਆਦਾ ਦੇ ਅਧੀਨ ਹੀ ਸਿੱਖੀ ਦੀ ਇਤਿਹਾਸਕ ਹੋਣੀ ਨੂੰ ਨਜਿੱਠਦੇ ਹਨ। ਗੁਰੂ ਗ੍ਰੰਥ ਦੀਆਂ ਬੀੜਾਂ ਬਾਰੇ ਵਿਵਾਦ ਇਸੇ ਦੌਰ ਵਿਚ ਹੀ ਖੜ੍ਹਾ ਹੁੰਦਾ ਹੈ। ਇਸ ਵਿਵਾਦ ਦੀ ਸਾਰਥਕ ਮਿਸਾਲ ਲਾਹੌਰ ਵਾਲੀ ਬੀੜ ਵਿਚੋਂ ਢਾਡੀ-ਧੁਨਾਂ 'ਤੇ ਆਧਾਰਿਤ ਵਾਰਾਂ ਦੇ ਕੀਰਤਨ ਦੇ ਮੰਤਵ ਨੂੰ ਲਾਂਭੇ ਕਰਨ ਵਿਚ ਹੈ। ਦੂਸਰੇ ਪਾਸੇ ਪੰਜਾਬ ਦੀ ਕਿਰਸਾਣੀ ਵਿਚ ਅਹਿਮ ਭੂਮਿਕਾ ਨਿਭਾ ਰਹੇ ਜੱਟ ਕਬੀਲੇ ਵੀ ਇਸੇ ਦੌਰ ਵਿਚ ਹੀ ਸਿੱਖੀ ਦੇ ਕਲੇਵਰ ਵਿਚ ਜੁੜਦੇ ਹਨ। ਸਿੰਧ ਤੋਂ ਪੰਜਾਬ ਆ ਕੇ ਵਸੇ ਡੰਗਰਪਾਲ ਜੱਟ ਕਬੀਲੇ ਮੁਗਲ ਦੌਰ ਵੇਲੇ ਦੇ ਪੰਜਾਬ ਵਿਚ ਖੇਤੀਬਾੜੀ ਨੂੰ ਮਿਲੇ ਹੁਲਾਰੇ ਕਾਰਨ ਖੇਤੀਬਾੜੀ ਦੀ ਜੀਵਨ-ਜਾਚ 'ਚ ਢਲ ਕੇ ਇੱਥੋਂ ਦੇ ਪੱਕੇ ਵਸਨੀਕ ਹੋ ਗਏ ਹਨ। ਕਬਾਇਲੀ ਸਮੂਹਾਂ ਦੇ ਸਹਿਜ ਬਰਾਬਰੀ ਵਾਲੇ ਤੱਤ ਦਾ ਸਿੱਖੀ ਸਿਧਾਂਤ ਵਿਚ ਜਾਤੀ ਵਿਰੋਧ ਦੇ ਮੁੱਦੇ ਨਾਲ ਨੇੜ ਸੀ। ਨਾਲ ਹੀ ਰਿਆਸਤ ਵੱਲੋਂ ਪੰਜਾਬ ਦੀ ਖੇਤੀਬਾੜੀ ਦਾ ਵਿਕਾਸ ਜੱਟਾਂ ਦੀ ਆਰਥਿਕ ਉੱਨਤੀ ਦਾ ਸਾਧਨ ਤਾਂ ਹੋ ਗਿਆ ਪਰ ਹਿੰਦੂ ਮਰਿਆਦਾ ਵਿਚ ਇਨ੍ਹਾਂ ਨੂੰ ਸਨਮਾਨਜਨਕ ਦਰਜਾ ਹਾਸਲ ਰਹੀ ਸੀ। ਨਾਲ ਹੀ ਮੁਗਲ ਰਿਆਸਤ ਦੀ ਬੁਨਿਆਦੀ ਇੱਟ-ਜ਼ਮੀਨੀ ਮਾਲੀਆਂ ਇਹਨਾਂ ਕਿਰਸਾਨ ਕਬੀਲਿਆਂ ਨੂੰ ਵਿਦਰੋਹ ਨਾਲ ਸੀਖਦੀ ਚਲੀ ਗਈ। ਇਹਨਾਂ ਦੁਵੱਲੀਆਂ ਮੁਸ਼ਕਲਾਂ ਤੋਂ ਨਿਜਾਤ ਵਜੋਂ ਸਿੱਖ ਲਹਿਰ ਦਾ ਸੱਤਾ-ਵਿਰੋਧੀ ਪੈਂਤੜਾ ਇਹਨਾਂ ਜਾਤੀਆਂ ਦੀ ਮੁਕਤੀ ਦਾ ਮੰਚ ਬਣਿਆ। ਵਿਗਸ ਰਹੀ ਜਮਾਤੀ ਜੱਦੋ-ਜਹਿਦ ਦੇ ਸੰਦਰਭ ਵਿਚ ਇਹ ਗੌਲਣਯੋਗ ਹੈ ਕਿ ਗੁਰਗੱਦੀ ਇਹਨਾਂ ਹੀ ਧਿਰਾਂ ਦੇ ਹਿੱਤਾਂ ਨੂੰ ਸਿੱਖੀ ਦੇ ਮੰਤਵ ਵਜੋਂ ਦ੍ਰਿੜਾਉਂਦੀ ਰਹੀ।

ਇਹ ਦੌਰ ਜਨਮ-ਸਾਖੀ ਪਰੰਪਰਾ ਦੇ ਮੌਲਣ ਦਾ ਵੀ ਹੈ। ਜਨਮ-ਸਾਖੀ ਪਰੰਪਰਾ ਨੂੰ ਇਸ ਦੌਰ ਦਾ ਲੋਕ-ਉਚਾਰ ਮੰਨਿਆ ਜਾ ਸਕਦਾ ਹੈ। ਜਨਮ-ਸਾਖੀਕਾਰ ਗੁਰੂ ਦਰਬਾਰਾਂ ਤੋਂ ਦੂਰ ਦਿਸਦੇ ਹਨ ਪਰ ਗੁਰ-ਆਸ਼ੇ ਦੀ ਲੋਕ ਮੁਹਾਵਰੇ ਵਿਚ ਵਿਆਖਿਆ ਸਫਲਤਾ ਨਾਲ ਕਰਦੇ ਹਨ। ਗੁਰਬਾਣੀ ਦੇ ਮਤ ਨੂੰ ਨਿਤਾਰ ਕੇ ਵਾਰਤਕੀ ਰੂਪਕ ਵਿਚ ਬੰਨ੍ਹਿਆ ਜਾਂਦਾ ਸੀ ਅਤੇ ਸਿੱਖ ਮੱਤ ਦੀ ਵਿਚਾਰਕ ਉੱਚਤਾ ਨੂੰ ਵਿਰੋਧੀ ਵਿਚਾਰਾਂ ਨਾ ਵਾਦ-ਸੰਵਾਦ ਰਾਹੀਂ ਸਥਾਪਤ ਕੀਤਾ ਜਾਂਦਾ ਸੀ। ਭਾਈ ਲਾਲੋ ਦੀ ਕੋਧਰੇ ਦੀ ਰੋਟੀ ਚੋਂ ਨਿਕਲਦਾ ਕਿਰਤ ਦੀ ਉੱਤਮਤਾ ਦਰਸਾਉਂਦਾ ਦੁੱਧ ਇਸ ਉੱਦਮ ਦੀ ਸਾਰਥਕਤਾ ਦਰਸਾਉਂਦਾ ਹੈ। ਅਜਿਹੀਆਂ ਜਨਮ-ਸਾਖੀਆਂ ਦੀ ਪ੍ਰਸਿੱਧੀ ਦਾ ਸਬੂਤ ਹੈ ਕਿ ਮਨਮਤੀਏ ਵੀ ਇਨ੍ਹਾਂ ਰਾਹੀਂ ਆਪਣੀ ਸਥਿਤੀ ਨੂੰ ਨਵਿਆਉਂਦੇ ਹਨ। 18ਵੀਂ ਸਦੀ ਤੱਕ ਪਹੁੰਚਦਿਆਂ

ਸਿੱਖੀ ਦੀ ਉਚਤਾ ਇੱਕ ਤੱਥ ਮੰਨ ਲਈ ਜਾਂਦੀ ਹੈ ਅਤੇ ਸਿੱਟੇ ਵਜੋਂ ਬ੍ਰਹਮ ਵਿਦਿਅਕ ਸੰਵਾਦ ਦਾ ਇਕਹਿਰਾ ਹੋ ਜਾਂਦਾ ਹੈ। ਸਿੱਖ ਸਿਆਸਤਾਂ ਵੇਲੇ ਰਹੇ ਗੁਰਬਿਲਾਸ ਸਿੱਖੀ ਦੇ ਨੈਤਿਕ ਆਦਰਸ਼ ਨੂੰ ਸਿੱਖ ਰਿਆਸਤਾਂ ਦੇ ਵਿਹਾਰਕ ਤਰਕ ਦਾ ਗੁਲਾਮ ਬਣਾ ਧਰਦੇ ਹਨ। ਪ੍ਰੋ. ਕਿਸ਼ਨ ਸਿੰਘ ਇਸੇ ਪ੍ਰਕਿਰਿਆ ਬਾਬਤ ਕਹਿੰਦੇ ਹਨ 'ਮਿਸਲਾਂ ਦੇ ਵੇਲੇ ਤੋਂ ਸਿੱਖਾਂ ਨੇ ਗੁਰਬਾਣੀ ਨੂੰ ਆਪਣੇ ਅਨੁਸਾਰੀ ਕੀਤਾ ਹੈ, ਖੁਦ ਗੁਰਬਾਣੀ ਦੇ ਰੁਖ ਸਿਰ ਨਹੀਂ ਹੋਏ।'

ਗੁਰੂ ਹਰਿਗੋਬਿੰਦ ਤੋਂ ਬਾਅਦ ਮੁਗਲ ਰਿਆਸਤ ਦੀ ਸਿੱਖ ਮਸਲਿਆਂ ਵਿਚ ਦਖਲ-ਅੰਦਾਜ਼ੀ ਇਸ ਕਦਰ ਵਧ ਗਈ ਸੀ ਕਿ ਉਹਨਾਂ ਦੀ ਜਾਣਕਾਰੀ ਤੋਂ ਬਾਹਰ ਗੁਰੂ ਤੇਗ ਬਹਾਦਰ ਦਾ ਗੁਰਗੱਦੀ ਸੰਭਾਲਣਾ ਇਕ ਲੁਕਵੀਂ ਚੁਣੌਤੀ ਸੀ। ਉਨ੍ਹਾਂ ਦੀ ਬਾਣੀ ਤੋਂ ਸੂਹ ਮਿਲਦੀ ਹੈ ਕਿ ਸਿੱਖ ਕੇਂਦਰਾਂ ਦੀ ਸੰਗਤ ਨਾਲ ਉਹਨਾਂ ਦਾ ਜ਼ਿਆਦਾ ਵਾਸਤਾ ਨਾ ਹੋ ਸਕਿਆ ਅਤੇ ਉਨ੍ਹਾਂ ਦੀ ਰਚੀ ਬਾਣੀ ਦੀ ਸਾਦਗੀ ਨਵੇਂ ਜੁੜੇ ਸਿੱਖਾਂ ਦੇ ਬੋਧ ਦੇ ਹਾਣ ਦੀ ਹੈ। ਰਿਆਸਤ ਦੀ ਈਨ ਮੰਨਣ ਤੋਂ ਮਨ੍ਹਾਂ ਕਰਕੇ ਆਤਮਿਕ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੇ ਸਿੱਖੀ ਸਾਹਮਣੇ ਪੁਨਰ--ਸੰਗਠਨ ( reconstitution) ਦਾ ਮਰਹਲਾ ਪੈਦਾ ਕੀਤਾ। ਗੁਰੂ ਗੋਬਿੰਦ ਦੀ ਵਿਚਾਰਕ ਊਰਜਾ, ਸੰਸਥਾਈ ਨਿਰਮਾਣ ਦੀ ਜੁਗਤਕਾਰੀ ਅਤੇ ਜਥੇਬੰਦਕ ਕਲਪਨਾਸ਼ੀਲਤਾ ਨੇ 18ਵੀਂ ਸਦੀ ਦੇ ਹਿੰਦੁਸਤਾਨ ਦੇ ਨਿਰਮਾਣ ਦਾ ਨਕਸ਼ਾ ਖਿੱਚ ਦਿੱਤਾ।

ਗੁਰੂ ਗੋਬਿੰਦ ਦੀਆਂ ਲਿਖਤਾਂ ਵਿਚ ਪੌਰਾਣਿਕ ਹਿੰਦੂ ਮਰਿਆਦਾ ਦੇ ਸੰਕਲਪ ਨੂੰ ਇਤਿਹਾਸਕ ਪਿੜ ਵਿਚ ਬੀੜਨ ਤੋਂ ਪਹਿਲਾਂ ਇਹਨਾਂ ਦੇ ਅੰਦਰੂਨੀ ਮੰਤਕ ਨੂੰ ਸਮਾਜੀ ਸਾਰਥਕਤਾ ਦੇਣ ਲਈ ਅਜ਼ੀਮ ਵਿਚਾਰਕ ਤਿਆਰੀ ਕੀਤੀ ਮਿਲਦੀ ਹੈ। ਵਾਮ-ਮਾਰਗੀਆਂ ਦੀ ਤਾਂਤਰਿਕੀ ਦੁਰਗਾ, ਚੰਡੀ ਬਣ ਕੇ ਇਤਿਹਾਸਕ ਰਣ-ਤੱਤੇ ਵਿਚ ਹੱਕ, ਸੱਚ ਦੀ ਮੁਹਾਫਿਜ਼ ਹੈ। ਕ੍ਰਿਸ਼ਨ-ਭਗਤੀ ਦੇ ਲੀਲਾਵਾਨ ਸਗੁਣ ਅਵਤਾਰ ਨੂੰ ਵੀ ਜੋਧਾ ਬਣਾ ਕੇ ਕਾਰਜਸ਼ੀਲ ਕੀਤਾ ਗਿਆ। ਨਾਲ ਹੀ ਇਸਲਾਮਿਕ ਪਰੰਪਰਾ ਨੂੰ ਹਿੰਦੂ ਪਰੰਪਰਾ ਨਾਲ 'ਕਰਤਾ-ਕਰੀਮ' ਅਤੇ 'ਰਾਮ-ਰਹੀਮ' ਦੀ ਜੁਗਤ ਨਾਲ ਮੇਲਿਆ ਗਿਆ। ਲਗਭਗ ਸਾਰੇ ਵਿਦਵਾਨ ਸਹਿਮਤ ਹਨ ਕਿ ਬਾਬਾ ਨਾਨਕ ਦੀ 'ਬਾਬਰਵਾਣੀ' ਤੋਂ ਗੁਰੂ ਗੋਬਿੰਦ ਦੇ ਖਾਲਸਾ ਸਾਜਣ ਤੱਕ ਦੀ ਯਾਤਰਾ ਵਿਚਾਰਧਾਰਕ ਇੱਕਸੁਰਤਾ ਦਾ ਰੌਸ਼ਨ ਮੁਨਾਰਾ ਹੈ। ਖਾਲਸੇ ਦੇ ਪੰਜ ਕਕਾਰਾਂ ਬਾਬਤ ਜੇ.ਪੀ.ਐਸ.ਉਬਰਾਇ ਆਪਣੇ ਵਿਸ਼ਲੇਸ਼ਣ ਰਾਹੀਂ ਸਥਾਪਿਤ ਕਰਦੇ ਹਨ ਕਿ ਹੋਰ ਮਤਾਂ ਜਾਂ ਫਿਰਕਿਆਂ ਦੇ ਧਰਮ-ਸੰਸਕਾਰਾਂ ਨੂੰ ਇੱਥੇ ਉਲਟਾ ਦਿੱਤਾ ਗਿਆ ਹੈ। ਜਿਹੜੀਆਂ ਰਹਿਤਾਂ ਪਾਲਣ ਅਤੇ ਕੁਰਹਿਤਾਂ ਛੱਡਣ ਤੇ ਸੰਕਲਪ ਹੋਰਨਾਂ ਦੇ ਸਨ, ਖਾਲਸਾ ਸਿਰਜਣਾ ਵਿਚ ਉਹਨਾਂ ਨੂੰ ਇਕ ਦਵੰਦਵਾਦੀ ਰਿਸ਼ਤੇ ਨਾਲ ਸੰਜੋਇਆ ਗਿਆ ਹੈ। ਮਸਲਨ ਜੋਗੀਆਂ ਦੀਆਂ ਜਟਾਵਾਂ ਕੇਸ ਪਾਲਣ ਦਾ ਸਿੱਟਾ ਹਨ ਪਰ ਖਾਲਸੇ ਨੂੰ ਕੇਸਾਂ ਨਾਲ ਕੰਘੀ ਵੀ ਬਖਸ਼ੀ ਗਈ ਤਾਂ ਕਿ ਕੇਸਾਂ ਨੂੰ ਵਾਹ-ਸੰਵਾਰ ਕੇ ਸਮਾਜਕ ਜੀਵਨ ਵਿਚ ਪ੍ਰਵਾਹਮਾਨ ਰਹਿਣ ਦਾ ਚਿੰਨ੍ਹ ਬਣਾਇਆ ਜਾਵੇ। ਇਹ ਹੋਰਨਾਂ ਫਿਰਕਿਆਂ ਦੇ ਸਮਾਜ-ਨਿੰਦਕ ਹੋਣ ਦੇ ਖਿਲਾਫ ਐਲਾਨਨਾਮਾ ਸੀ। ਇਸ ਕਿਰਿਆ ਦੀ ਸਮਾਜਸ਼ਾਸਤਰੀ ਪਛਾਣ ਦਲਿਤ ਵਰਗਾਂ ਨੂੰ 'ਸਿੰਘ' ਬਨਾਉਣ ਨਾਲ ਜੁੜੀ ਹੋਈ ਹੈ। (ਸਿਰਫ਼ ਰਾਜਪੂਤ ਹੀ ਉਸ ਸਮੇਂ ਆਪਣੇ ਨਾਂ ਨਾਲ ਸਿੰਘ ਲਾ ਸਕਦੇ ਸਨ ਹੋਰ ਕੋਈ ਨਹੀਂ।) ਖ਼ੁਦ ਉਹਨਾਂ ਦਾ 'ਚੇਲਾ' ਬਣਨਾ, ਉਹਨਾਂ ਦੀ ਨਵੀਂ ਭੂਮਿਕਾ ਦਾ ਮੰਚਣ ਹੈ। ਇਸ ਮੁਕੰਮਲ ਪ੍ਰਕਿਰਿਆ ਦੀ ਵਿਚਾਰਕ ਤਿਆਰੀ, ਸਮਾਜਸ਼ਾਸਤਰੀ ਮਹੱਤਵ, ਚਿੰਨ੍ਹਾਤਮਕ ਉਲਟਾਅ ਅਤੇ ਮਸੰਦਾਂ ਦਾ ਖਾਤਮਾ ਕਰਕੇ ਖਾਲਸੇ ਦੇ ਰੂਪ ਵਿਚ ਸੰਗਤ ਦਾ ਜਥੇਬੰਦਕ ਨਵੀਨੀਕਰਣ ਦਾ ਇਤਿਹਾਸਕ ਸੰਦਰਭ ਮੁਗਲਾਂ ਨਾਲ ਹਥਿਆਰਬੰਦ ਲੜਾਈ ਦਾ ਸੀ।



ਗੁਰੂ ਗੋਬਿੰਦ ਸਿੰਘ ਦੇ ਉੱਦਮਾਂ ਦਾ ਵਿਵੇਕ ਗ਼ਜ਼ਬ ਦੇ ਸਿਰਣਾਤਮਕ ਵਿਸਫੋਟ ਵਾਲਾ ਹੈ ਜਿਸ ਵਿਚ ਅਮੂਰਤ ਸੰਕਲਪਾਂ ਦੀ ਕਾਰਜਵਿਧੀ ਉਲੀਕੀ ਗਈ ਹੈ ਅਤੇ ਇਸ ਮੰਤਵ ਲਈ ਤੀਜੀ ਧਿਰ, ਲੋਕਾਈ ਦੇ ਵਿਸ਼ਵਾਸ ਜਗਤ ਨੂੰ ਅੰਦਰੂਨੀ ਤੌਰ 'ਤੇ ਸੀਖਿਆ ਗਿਆ। ਮਸਲਨ ਦਸਮ ਗ੍ਰੰਥ ਛੰਦਾ-ਬੰਦੀ 'ਚ ਰਚਿਆ ਗਿਆ ਹੈ, ਆਦਿ ਗ੍ਰੰਥ ਵਾਂਗ ਰਾਗਾਂ 'ਚ ਨਹੀਂ। ਰਾਗ ਦੀ ਸ਼ਾਸਤਰੀ ਵਿਧੀ ਨਾਲ ਜੁੜੇ ਹੋਏ ਸ਼ਬਦ ਦੀ ਹੋਂਦ ਵਿਚ ਬ੍ਰਹਮ ਨਾਲ ਸਮਾਜਕ ਇਕਸੁਰਤਾ ਕੇਂਦਰ ਵਿਚ ਹੈ ਅਤੇ ਛੰਦ ਨਾਲ ਬ੍ਰਹਮ ਦੀ ਇਤਿਹਾਸਕ / ਦੁਨਿਆਵੀਂ ਜ਼ਿੰਮੇਵਾਰੀ ਦਾ ਤਕਾਜ਼ਾ ਜੁੜਿਆ ਹੈ। ਪਾਰਬ੍ਰਹਮ ਇਸ ਧਰਤੀ 'ਤੇ ਗਰੀਬ ਹਿਤੂ ਹੈ। ਲੋਕਾਂ ਨੂੰ ਪਹਿਲੀ ਵਾਰ ਦੁਨਿਆਵੀਂ ਰੁਤਬੇ ਦਾ ਆਧਾਰ ਮੰਨਿਆ ਗਿਆ। ਖਾਲਸਾ ਪਾਰਬ੍ਰਹਮ ਦੇ ਪ੍ਰਾਜੈਕਟ ਦਾ ਜਹਾਜ਼ ਹੈ, ਹੱਕ, ਸੱਚ, ਨਿਆਂ ਦਾ ਜ਼ਾਮਨ ਹੈ। 20ਵੀਂ ਸਦੀ ਦਾ ਮਹਾਨ ਪੰਜਾਬੀ ਸ਼ਾਇਰ ਸਾਹੋਕਿਆਂ ਦਾ ਬਾਬੂ ਰਜਬ ਅਲੀ ਕਹਿੰਦਾ ਹੈ:

ਗੁਰੂ ਪੰਜਾਂ ਕੱਕਿਆਂ ਵਾਲੇ, ਤੇ ਕਰਾਰਾਂ ਪੱਕਿਆਂ ਵਾਲੇ।
ਸੱਚ ਤੇ ਅੜਨ ਵਾਲੇ, ਪਾਪ ਸੇ ਲੜਨ ਵਾਲੇ।
ਜੰਗ ਤੇ ਚੜ੍ਹਨ ਵਾਲੇ, ਹਿੰਦ ਰੱਖੀ ਏਸ ਗੁਰੂ। (-ਦਸ਼ਮੇਸ਼ ਮਹਿਮਾ ਦੇ ਕਬਿੱਤ)

ਗੁਰੂ ਗੋਬਿੰਦ ਦਾ ਖਾਲਸਾ ਮੁਕਤੀਗਾਮੀ ਸਮਾਜਚਾਰੇ ਦਾ ਬੀਜ ਹੈ, ਕਾਲਿਕ ਅਤੇ ਰੂਹਾਨੀ ਪੱਧਰਾਂ 'ਤੇ ਸਵਰਾਜ ਦਾ ਮੋਹਰੀ ਦਸਤਾ (vanguard)। ਗੁਰੂ ਗੋਬਿੰਦ ਦਾ ਚਲਾਣਾ ਸਿੱਖੀ ਦਾ 'ਵੇਈਂ ਤੋਂ ਰਾਵੀ ਹੁੰਦਾ ਹੋਇਆ ਸਰਸਾ ਤੱਕ' ਦੇ ਸਫ਼ਰ ਦਾ ਭੋਗ ਪਾਉਂਦਾ ਹੈ। ਹੁਣ ਤੱਕ ਗੁਰੂ ਗ੍ਰੰਥ ਦੀ ਰਮਜ਼ ਅਤੇ ਦੇਹਧਾਰੀ ਗੁਰੂਆਂ ਦਾ ਜੀਵਨ ਸਾਥ ਸਿੱਖਾਂ ਦਾ ਅਸਾਸਾ ਸੀ। ਮੁਗਲਾਂ ਨਾਲ ਟੱਕਰ ਦਾ ਸਿਖ਼ਰ ਬਣਨ ਵੇਲੇ ਤੱਕ ਸਿੱਖਾਂ ਕੋਲ ਕੁਝ ਸੰਸਥਾਵਾਂ ਸਜੀਵ ਸਨ ਅਤੇ ਕੁਝ ਉਤੇ ਸੰਕਟ ਸੀ। ਕਈ ਹੱਕ ਅਗਲੇਰੇ ਦੌਰ ਵਿਚ ਜਾ ਕੇ ਪਰਵਾਨ ਚੜ੍ਹੀਆਂ। ਡਾ. ਜੇ.ਐਸ.ਗਰੇਵਾਲ ਗੁਰੂ ਗ੍ਰੰਥ ਅਤੇ ਗੁਰੂ ਗ੍ਰੰਥ ਦੇ ਸਿਧਾਂਤਾਂ ਦੇ ਉਗਮਣ ਦਾ ਜ਼ਿਕਰ ਕਰਦੇ ਹਨ। ਮਿਸਲਦਾਰੀ ਦੌਰ ਅਤੇ ਸਿੱਖ ਰਿਆਸਤਾਂ ਵਿਚ ਇਸ ਸਦੀ ਨੇ ਆਪਣਾ ਸਫ਼ਰ ਪੂਰਾ ਕੀਤਾ।

## 3

ਸਿੱਖ ਗੁਰੂਆਂ ਤੋਂ ਮਗਰੋਂ ਸਿੱਖ ਧਿਰਾਂ ਨੇ ਗੁਰੂ ਗ੍ਰੰਥ ਦੀ ਸਾਰਥਕਤਾ ਅਤੇ ਸੁਨੇਹੇ, ਸਿੱਖ ਇਤਿਹਾਸ ਦੇ ਸਬਕਾਂ ਨੂੰ ਅਤੇ ਤਤਕਾਲੀ ਦੌਰ ਵਿਚ ਸਿੱਖੀ ਦੇ ਸੰਭਾਵੀ ਰੋਲ ਨੂੰ ਉਲੀਕਣਾ ਸ਼ੁਰੂ ਕੀਤਾ। ਸਤਹ ਹੇਠਾਂ ਪਈਆਂ ਸਮਾਜਕ-ਰਾਜਨੀਤਕ ਵੰਡੀਆਂ ਫਿਰ ਸਿਰ ਚੁੱਕਣ ਲੱਗੀਆਂ। ਸੈਨਾਪਤੀ ਦਾ 'ਸ੍ਰੀ ਗੁਰੂ ਸੋਭਾ' ਕਕਾਰਾਂ ਜਾਂ ਰਹਿਤ ਦੇ ਮਸਲੇ ਤੇ ਦਿੱਲੀ ਦੇ ਸਿੱਖਾਂ ਅਤੇ ਆਨੰਦਪੁਰ ਤੋਂ ਗਈਆਂ ਸੰਗਤਾਂ ਵਿਚਕਾਰ ਤਲਵਾਰਾਂ ਨਿਕਲ ਗਈਆਂ ਸਨ ਅਤੇ ਮੁਗਲਾਂ ਵਲੋਂ ਦੋਹਾਂ ਧਿਰਾਂ ਨੂੰ ਸਬਕ ਸਿਖਾਉਣ ਦੀ ਧਮਕੀ ਪਿਛੋਂ ਹੀ ਲੜਾਈ ਟਲ ਸਕੀ ਸੀ। ਬੰਦਾ ਬਹਾਦਰ ਦੀ ਫੌਜ ਵਿਚ ਮਾਲਗੁਜ਼ਾਰੀ ਜਿਮੀਂਦਾਰ, ਕਿਰਸਾਣੀ, ਦਸਤਕਾਰ, ਦਲਿਤ ਆਦਿ ਦੀ ਬਹੁਲਤਾ ਸੀ ਅਤੇ ਸੁੰਨੀ ਮਦਦ-ਇ-ਮਅਸ਼ ਅਸ਼ਰਫ਼ੀਆ ਇਹਨਾਂ ਦੇ ਖਾਸ ਨਿਸ਼ਾਨੇ 'ਤੇ ਸੀ। ਸੂਬਾ ਸਰਹਿੰਦ ਦਾ ਸਮਾਜਕ ਆਧਾਰ ਇਹੀ ਇਸਲਾਮੀ ਅਸ਼ਰਫੀਆ ਸੀ। ਜਿਹੜਾ ਖੁਦ ਨੂੰ ਤੁਰਕ ਕਹਾਉਣਾ ਪਸੰਦ ਕਰਦਾ ਸੀ। 'ਤੁਰਕ' ਨਾਲ ਵੈਰ ਇਸ ਦੌਰ ਦਾ ਸਭ ਤੋਂ ਨਿਰਣਾਇਕ ਚਿੰਨ੍ਹ ਹੈ। ਸੈਨਾਪਤੀ ਦੀ ਲਿਖਤ ਇਸ ਮੁੱਢਲੇ ਦੌਰ ਦੀ ਵਿਚਾਰਧਾਰਕ ਅੱਕਾਸੀ ਦੀ ਉੱਤਮ ਮਿਸਾਲ ਹੈ ਜਿਸ ਵਿਚ ਗੁਰੂ ਗੋਬਿੰਦ ਨੂੰ ਬਾਦਸ਼ਾਹ ਵੀ ਦਰਸਾਇਆ ਗਿਆ ਹੈ ਅਤੇ ਉਸ ਦੇ ਸੋਧਾ ਹੋਣ ਦੀ ਬੇਸ਼ੁਮਾਰ ਸਿਫ਼ਤ ਕੀਤੀ ਮਿਲਦੀ ਹੈ। ਖਾਲਸਾ ਸਤਿ ਦਾ ਰੂਪ ਹੈ, ਦੁਸ਼ਟ ਦਾ ਵੈਰੀ ਅਤੇ ਗਰੀਬ ਦਾ ਹਮਦਰਦ ਹੈ।

ਅਗਲਾ ਦੌਰ ਅਸੀਂ ਦੋ ਸ਼ਖਸੀਅਤਾਂ ਦੇ ਆਪਸੀ ਨਿਖੇੜ ਤੋਂ ਸਮਝ ਸਕਦੇ ਹਾਂ : ਭਾਈ ਮਨੀ ਸਿੰਘ ਅਤੇ ਕੇਸਰ ਸਿੰਘ ਛਿੱਬਰ। ਭਾਈ ਮਨੀ ਸਿੰਘ ਗੁਰਬਾਣੀ ਵਿਆਖਿਆ ਦੀ ਭਾਈ ਪ੍ਰਣਾਲੀ ਦੇ ਪ੍ਰਬੁੱਧ ਪੁਰਖ ਸਨ। ਭਾਈ ਗੁਰਦਾਸ ਨਾਲ ਸ਼ੁਰੂ ਹੁੰਦੀ ਇਹ ਪ੍ਰਣਾਲੀ ਗੁਰਬਾਣੀ ਦੀ ਟਕਸਾਲੀ (orthodox) ਵਿਆਖਿਆ ਦਾ ਸੋਮਾ ਸੀ ਅਤੇ ਇਸ ਦੀ ਵਿਆਖਿਆਤਮਕ ਸਾਦਗੀ ਦੀ ਪੇਂਡੂ ਲੋਕਾਈ ਨਾਲ ਕੁਦਰਤੀ ਸਾਂਝ ਸੀ। ਇਸ ਦਾ ਬਲ ਕਹਿਣੀ ਨਾਲੋਂ ਕਰਨੀ ਵਿਚ ਸਿੱਖ ਆਦਰਸ਼ ਦੇ ਨਿਰੂਪਣ ਵਿਚ ਜ਼ਿਆਦਾ ਸੀ। ਬਾਕੀ ਪ੍ਰਣਾਲੀਆਂ- ਉਦਾਸੀ, ਨਿਰਮਲੇ, ਸੇਵਾ ਪੰਥੀ ਆਦਿ - ਆਪਣੇ ਵੇਦਾਂਤੀ ਪੌਰਾਣਿਕ ਖਾਸੇ ਕਾਰਨ ਕਈ ਮਹੀਨ ਅਤੇ ਅਮੂਰਤ ਮਸਲਿਆਂ ਤੇ ਸਿਧਾਂਤਕ ਬਹਿਸ ਵਿਚ ਮੁਬਤਲਾ ਹੋਣ ਕਰਕੇ ਆਮ ਲੋਕਾਈ ਦੇ ਸਰੋਕਾਰਾਂ ਤੋਂ ਦੂਰ ਸਨ, ਪਰ ਉਹਨਾਂ ਦਾ ਫੈਲਾਅ 18ਵੀਂ ਸਦੀ ਦੇ ਖਾਲਸਈ ਸੰਘਰਸ਼ ਕਰਕੇ-ਜ਼ਿਆਦਾ ਸੀ। ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਪੰਜਾਬੀ ਬੋਲੀ ਵਿਚ ਵਿਚਾਰਕ ਮਸਲਿਆਂ ਨਾਲ ਨਜਿੱਠਦੇ ਸਨ ਅਤੇ ਦੂਜੀਆਂ ਪ੍ਰਣਾਲੀਆਂ ਬ੍ਰਜੀ, ਸਧੁਕੜੀ ਆਦਿ ਵਿਚ। ਭਾਈ ਮਨੀ ਸਿੰਘ ਗੁਰੂਆਂ ਦੇ ਦੀਦਾਰੀ ਸਿੱਖ, ਲੋਕਾਂ ਨਾਲ ਜੁੜੀ ਵਿੱਦਵਤਾ ਦੇ ਪੁੰਜ ਅਤੇ ਅਦੁੱਤੀ ਸ਼ਹੀਦ ਤਾਂ ਸਨ ਹੀ, ਉਨ੍ਹਾਂ ਦੇ ਸੱਤ ਪੁੱਤਰਾਂ ਵੀ ਸ਼ਹਾਦਤ ਹਾਸਲ ਕੀਤੀ। ਮੇਰਾ ਅਨੁਮਾਨ ਹੈ ਕਿ ਉਹਨਾਂ ਦੀ ਮਿਸਾਲ ਇਕ ਆਦਰਸ਼ ਸਿੱਖ ਵਜੋਂ ਲੋਕ ਮਾਣਸ ਵਿਚ ਜ਼ਰੂਰ ਰੌਸ਼ਨ ਹੋਵੇਗੀ ਅਤੇ ਇੱਕ ਵੱਡਾ ਕਾਰਣ ਹੋ ਸਕਦਾ ਹੈ ਕਿ ਕੇਸਰ ਸਿੰਘ ਛਿੱਬਰ ਉਹਨਾਂ ਦੀ ਸ਼ਖਸੀਅਤ ਤੇ 'ਬੰਸਾਵਲੀਨਾਮਾ' ਵਿਚ ਵਿਚਾਰਧਾਰਕ ਹੈਮਲਾ ਜਾਰੀ ਰੱਖਦਾ ਹੈ। ਸਿੱਖ ਸਰਦਾਰਾਂ ਦੀ ਸਰਪ੍ਰਸਤੀ ਦਾ ਖਾਹਿਸ਼ਮੰਦ, 'ਸਿੱਖੀ ਦਾ ਨਾਤਾ ਚਉਹਾ ਬਰਨਾ ਸਾਂਝਾ ਇਕੋ। ਬਰਨ ਦਾ ਨਾਤਾ ਆਪੋ ਆਪਣਾ ਸਮਝ ਦਿਖੋ।' ਦਾ ਸਿਧਾਂਤਕਾਰ, ਬੰਦਾ ਬਹਾਦਰ ਦੇ ਇਨਕਲਾਬੀ ਸਿੱਖਾਂ ਨੂੰ ਜਾਤੀਵਾਦੀ ਹਉਮੈ ਵਿਚੋਂ 'ਚੂਹੜੇ' ਕਹਿਣ ਵਾਲਾ ਬ੍ਰਾਹਮਣਵਾਦੀ ਸਿੱਖ ਵੀ ਆਪਣੀ ਕੁਲ ਦੇ ਸਿੱਖ ਸ਼ਹੀਦਾਂ ਦਾ ਜ਼ਿਕਰ ਕਰਦਾ ਹੈ ਅਤੇ ਇਹਨਾਂ ਆਧਾਰਾਂ ਦੇ ਸਿਰ 'ਤੇ ਆਪਣੇ ਪੱਖ ਦਾ ਨਿਰਮਾਣ ਕਰਦਾ ਹੈ। ਇਸਲਾਮ-ਮੁਗਲ ਨਹੀਂ- ਦਾ ਸਹਿਮ ਦੇ ਕੇ ਪੰਥ ਨੂੰ ਖ਼ਤਰੇ ਦਾ ਪਹਿਲਾ ਡੌਂਡੀ ਪਿੱਟ ਕੇਸਰ ਸਿੰਘ ਛਿੱਬਰ ਹੈ। ਉਸ ਲਈ ਸਿੱਖੀ ਜਾਂ ਪੰਥ ਦਾ ਮਤਲਬ ਇੱਕ ਅੰਕੜਾ ਹੈ : 'ਹੁਣਿ ਪੰਥ ਗੁਰੂ ਕਾ ਘਟ ਨਹੀਂ ਜਾਂਦਾ।'

ਇਹ ਲਾਜ਼ਮੀ ਹੈ ਕਿ ਜਾਤੀਵਾਦੀ ਸੰਸਕਾਰ ਦਾ ਨਾੜੂਆ ਇਸਲਾਮ ਅਤੇ ਮੁਸਲਮਾਨ ਵਿਰੋਧ ਨਾਲ ਜੁੜਿਆ ਹੈ ਅਤੇ ਨਾਲ ਹੀ ਇਸ ਪ੍ਰਵਿਰਤੀ ਨੂੰ ਮਾਨਤਾ ਦੇ ਕੇ ਸਿੱਖੀ ਇਕ ਵਿਚਾਰਧਾਰਕ ਭਾਈਚਾਰੇ ਤੋਂ ਤਿਲਕ ਕੇ ਕਿਸੇ ਵੀ ਹੋਰ ਫਿਰਕੇ ਵਾਂਗ ਜਿੰਦਾਬੰਦ ਹੋਣ ਦੇ ਖਤਰੇ ਦੀ ਜਦ ਵਿਚ ਆ ਜਾਂਦੀ ਹੈ। ਰਹਿਤਨਾਮੇ ਇਸੇ ਕਿਸਮ ਦੇ ਪੰਥ ਲਈ ਰਹਿਤ-ਮਰਿਆਦਾ ਖੜੀ ਕਰਦੇ ਹਨ ਅਤੇ ਸਿੱਖੀ ਦੇ ਨਿਸ਼ਾਨੇ ਨੂੰ ਹੱਕ-ਸੱਚ-ਨਿਆਂ ਤੋਂ ਵਿਜੋਗ ਕੇ ਫਿਰਕਾਦਾਰੀ ਵੱਲ ਲਿਜਾਣ ਲਈ ਤੱਤਪਰ ਹਨ। ਹਾਲਾਂਕਿ ਇਹਨਾਂ ਰਹਿਤਨਾਮਿਆਂ ਵਿਚ ਆਪਸੀ ਵਖਰੇਵਾਂ ਵੀ ਹੈ, ਅਸਹਿਮਤੀਆਂ ਵੀ ਹਨ, ਕਕਾਰਾਂ ਦੀ ਗਿਣਤੀ ਵੀ ਅਸਾਂਵੀ ਹੈ, ਪਰ ਇਨ੍ਹਾਂ ਦਾ ਪ੍ਰਵਚਨ ਜਗਤ ਜ਼ਰੂਰ ਸਾਂਝਾ ਹੈ। 19ਵੀਂ ਸਦੀ ਵਿਚ ਅੰਗਰੇਜ਼ ਸ਼ਾਸਕਾਂ ਵੱਲੋਂ ਰਹਿਤਨਾਮਿਆਂ ਦੀ ਗਵਾਹੀ ਨੂੰ ਸਿੱਖੀ ਪਰਿਭਾਸ਼ਿਤ ਕਰਨ ਲਈ ਵਰਤਿਆ ਗਿਆ ਜਿਵੇਂ ਕਿ ਹਿੰਦੂ ਜਨਤਾ ਦੀ ਅਸੀਮ ਧਾਰਮਿਕ ਵੰਨਗੀ ਨੂੰ ਤਜ ਕੇ ਸਿਰਫ਼ ਧਰਮ ਸ਼ਾਸਤਰਾਂ ਨੂੰ ਹਿੰਦੂ ਦੀ ਕਾਨੂੰਨੀ ਪਛਾਣ ਘੜਨ ਲਈ ਇਸਤੇਮਾਲ ਕੀਤਾ ਗਿਆ। ਸਿੰਘ ਸਭਾ ਲਹਿਰ ਇਸ ਵਡੇਰੀ ਪ੍ਰਕਿਰਿਆ ਵਿਚ ਭਾਈਵਾਲ ਸੀ, ਹਿੰਦੂ ਅਤੇ ਮੁਸਲਮਾਨ ਪਛਾਣ ਤੋਂ ਅੱਡਰੇ ਮੁਕਾਮ 'ਤੇ ਸਿੱਖ ਹੋਣ ਦੀ ਪਰਿਭਾਸ਼ਾ ਨੂੰ ਸਥਿਰ ਕਰਨਾ ਚਾਹੁੰਦੀ ਸੀ ਅਤੇ ਸਿੱਖੀ ਦੇ ਹੱਕ-ਸੱਚ-ਨਿਆਂ ਲਈ ਕਾਰਜਸ਼ੀਲ ਹੋਣ ਤੋਂ ਪੱਲਾ ਛੁਡਾ ਕੇ



ਨਿੱਜੀ ਮੁਕਤੀ ਦਾ ਪ੍ਰਵਚਨ ਉਸਾਰ ਰਹੀ ਸੀ। ਇਸੇ ਲਈ ਰਹਿਤ ਮਰਿਆਦਾ ਦੀ ਕਾਇਮੀ ਨੂੰ ਕੇਂਦਰੀ ਮੁੱਦਾ ਬਣਾਇਆ ਗਿਆ।

ਲੋਕਾਈ ਦੇ ਪਿੜ ਵਿਚ ਭਾਈ ਮਨੀ ਸਿੰਘ ਦਾ ਉਦੇਸ਼ ਗੁਰੂਆਂ ਤੋਂ ਮਗਰੋਂ ਸਿੱਖ ਸੰਗਤਾਂ ਦੇ ਰੋਜ਼ਾਨਾ ਦੇ ਮਸਲਿਆਂ ਅਤੇ ਅਧਿਆਤਮਕ ਜਗਿਆਸਾ ਦਾ ਹੱਲ ਲੱਭਣ ਲਈ ਪਹਿਲਾਂ ਹੋ ਚੁੱਕੇ ਪ੍ਰਮੁੱਖ ਸਿਧਾਂਤਾਂ ਅਤੇ ਗੁਰਮੁਖਾਂ ਦੇ ਜ਼ਿਕਰ ਅਤੇ ਮਹਿਮਾ ਰਾਹੀਂ ਸੰਗਤ ਦੀ ਉੱਚਤਾ ਦਾ ਪ੍ਰਮਾਣ ਪੇਸ਼ ਕਰਨ ਦਾ ਸੀ। ਇਹਨਾਂ ਦੀ ਸਮਾਨਾਂਤਰ ਰਹਿਤ ਦਾ ਸਿਲਸਿਲਾ 'ਧਰਮ ਦੀ ਕਿਰਤ', 'ਵੰਡ ਖਾਵਣ', 'ਦਿਲੋਂ ਸਚਿਆਰ ਰਹਿਣ', 'ਨਿਰਵੈਰ ਰਹਿਣ', 'ਸਦਾ ਗਰੀਬੀ ਦਾ ਭਾਵ ਰੱਖਣ', ਆਦਿ ਨਾਲ ਗਹਿਰਾ ਜੁੜਿਆ ਹੋਇਆ ਸੀ। ਭਾਈ ਮਨੀ ਸਿੰਘ ਅਨੁਸਾਰ ਚਾਰ ਵਰਣਾਂ ਅਤੇ ਚਾਰ ਆਸ਼ਰਮਾਂ ਤੋਂ ਮਿਲ ਕੇ ਬਣੀ ਅਸ਼ਟਧਾਤ ਨੂੰ ਗੁਰ-ਸ਼ਬਦ ਦਾ ਪਾਰਸ ਹੀ ਸੋਨਾ ਬਣਾਉਂਦਾ ਹੈ। ਅਜਿਹੀ ਵਿਚਾਰਧਾਰਾਈ ਪਕਿਆਈ ਭਾਈ ਗੁਰਦਾਸ ਦੀ ਸਿੰਜੀ ਜ਼ਮੀਨ ਦੀ ਮੰਤਕੀ ਫਸਲ ਹੈ। ਗੁਰੂ ਗ੍ਰੰਥ ਦੀ ਕਥਾ-ਵਾਚਨਾ ਨੂੰ ਬਹੁਤ ਗੰਭੀਰ ਕਿਰਿਆ ਮੰਨਣ ਵਾਲੇ ਭਾਈ ਮਨੀ ਸਿੰਘ ਸੁਖੈਨ ਪੰਜਾਬੀ ਵਾਰਤਕ ਵਿਚ ਗੁਰ-ਆਸ਼ੇ ਦਾ ਪ੍ਰਚਾਰ ਕਰਦੇ ਹਨ। ਸਾਖੀਆਂ ਵਿਚ ਸਿਧਾਂਤਕ ਮਸਲਿਆਂ ਦੇ ਵਰਣਨ ਸਮੇਂ ਬ੍ਰਜ ਜਾਂ ਸਾਧ ਭਾਸ਼ਾ ਵਰਤੀ ਗਈ ਹੈ ਅਤੇ ਵਾਰਤਾਲਾਪ ਸਮੇਂ ਪੰਜਾਬੀ ਦੀ ਸੁਭਾਵਕ ਵਰਤੋਂ ਮਿਲਦੀ ਹੈ। ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਦਰਬਾਰੀ ਲਿਖਤ-ਪੜ੍ਹਤ ਫਾਰਸੀ 'ਚ ਹੁੰਦੀ ਸੀ। ਪਰ ਬੋਲਚਾਲ ਪੰਜਾਬੀ ਵਿਚ ਹੀ ਹੁੰਦੀ ਸੀ। ਸੂਫ਼ੀਆਂ ਤੇ ਵਾਰਕਾਰਾਂ ਨੇ ਹੀ ਇਸ ਦੌਰ ਵਿਚ ਪੰਜਾਬੀ ਜ਼ੁਬਾਨ ਦੀ ਲਾਜ ਰੱਖੀ ਅਤੇ ਚਿੰਤਕੀ-ਕਾਵਿ ਦਾ ਦੀਵਾ ਜਗਦਾ ਰੱਖਿਆ। ਗੁਰੂ ਅਰਜਨ ਵੱਲੋਂ ਆਦਿ ਗ੍ਰੰਥ ਦੀ ਸੰਪਾਦਨਾ ਵਿਚ ਗੁਰਬਾਣੀ ਨੂੰ ਰਲਾਅ ਤੋਂ ਸ਼ੁੱਧ ਰੱਖਣ ਦੀ ਚੇਤਨਾ ਮਿਲਦੀ ਹੈ ਤਾਂ ਇਸ ਤੋਂ ਤਕਰੀਬਨ ਸਵਾ ਸਦੀ ਮਗਰੋਂ ਭਾਈ ਮਨੀ ਸਿੰਘ ਵੱਲੋਂ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਰਾਹੀਂ ਸਿੱਖ ਧਰਮ ਸਾਹਿਤ ਵਿਚ ਮੀਣਿਆਂ ਜਾਂ ਛੋਟੇ ਮੇਲ ਵੱਲੋਂ ਪਾਏ ਰਲਾਅ ਤੋਂ ਸਿੱਖ ਸੰਗਤਾਂ ਨੂੰ ਸਾਵਧਾਨ ਰੱਖਣ ਦੀ ਕਵਾਇਦ ਮਿਲਦੀ ਹੈ ਅਤੇ ਇਸ ਤਰ੍ਹਾਂ Comparative ਵਿਧੀ ਵੱਲ ਸਹਿਜ ਵਿਕਾਸ ਦਿਸਦਾ ਹੈ।

ਕੇਸਰ ਸਿੰਘ ਛਿੱਬਰ ਅਤੇ ਭਾਈ ਮਨੀ ਸਿੰਘ ਦੇ ਵਿਚਾਰਧਾਰਕ ਸੰਗਠਨ ਸੂਤਰਾਂ ਦਾ ਆਪਸੀ ਵਿਰੋਧ ਦਰਅਸਲ 18ਵੀਂ ਸਦੀ ਦੇ ਇਤਿਹਾਸਕ ਸੰਰਚਨਾਗਤ ਪਹਿਲੂਆਂ ਨੂੰ ਨਿੱਗਰ ਢੰਗ ਨਾਲ ਸਾਹਮਣੇ ਲਿਆਉਂਦਾ ਹੈ। ਮੁੱਢਲੀਆਂ ਮਿਸਲਾਂ ਦੇ ਦੌਰ ਤੋਂ ਪਿੱਛੋਂ ਰਿਆਸਤੀ ਦੌਰ ਦੇ ਸਿੱਖ ਸਰਦਾਰਾਂ ਲਈ ਭਾਈ ਮਨੀ ਸਿੰਘ ਅਤੇ ਭਾਈ ਨੰਦ ਲਾਲ ਗੋਯਾ ਨਾਲ ਜੁੜੇ ਰਹਿਤ ਦੇ ਸੰਕਲਪ ਅਤੇ ਇਨਕਲਾਬੀ ਸਿੱਖ ਵਿਚਾਰਕਾਰਾਂ ਨਾਲ ਖੜ੍ਹਨਾ ਸਭ ਤੋਂ ਖਤਰਨਾਕ ਸੀ। ਇਹ ਪਰੰਪਰਾ 18ਵੀਂ ਸਦੀ ਦੇ ਅੰਤ ਤੱਕ ਜਾਂਦਿਆਂ ਲਗਭਗ ਅਲੋਪ ਹੋ ਜਾਂਦੀ ਹੈ ਅਤੇ ਸਮਾਜੀ ਰੁਤਬੇ ਦੀ ਉਚ-ਨੀਚ ਵੀ ਸਿੱਖੀ ਸਿਧਾਂਤ ਵਿਚ ਆਪਣੀ ਜਗ੍ਹਾ ਲੱਭਣ ਲੱਗਦੀ ਹੈ। ਗੁਰਬਿਲਾਸ ਦੀ ਚੂਲ ਹੈ ਕਿ ਰਿਆਸਤ ਦੀ ਕਾਇਮੀ ਨਾਲ ਸਰਬਤ ਦੇ ਭਲੇ ਦਾ ਸਿੱਖੀ ਪ੍ਰਾਜੈਕਟ ਪ੍ਰਵਾਨ ਚੜ੍ਹ ਗਿਆ ਹੈ, ਸਤਯੁੱਗ ਆ ਚੁੱਕਾ ਹੈ। ਰਿਆਸਤ ਹੀ ਪੰਥ ਹੈ, ਹੋਰ ਕਿਸੇ ਤਬਦੀਲੀ ਦੀ ਬ੍ਰਹਮ ਵੱਲੋ ਆਗਿਆ ਨਹੀਂ ਹੈ। ਨਿਰਮਲਾ ਅਤੇ ਉਦਾਸੀ ਵਿਆਖਿਆ ਪ੍ਰਣਾਲੀਆਂ ਦੀ ਚੜ੍ਹਾਈ ਅਤੇ ਛਿੱਬਰ ਦੀ ਵਿਚਾਰਧਾਰਕ ਨੂੰ ਸਿੱਖ ਰਿਆਸਤਾਂ ਦੀ ਸਰਪ੍ਰਸਤੀ ਸਿੱਖ ਕੁਲੀਨ ਜਗਤ ਦੀ ਸਾਂਝੀ ਜੁਗਤ ਹੈ। ਇਸ ਵਿਚ ਪੰਜਾਬੀ ਸਿਰਫ਼ ਬੋਲਚਾਲ ਦੀ ਭਾਸ਼ਾ ਹੈ, ਵਿਚਾਰ ਦੀ ਨਹੀਂ। ਰਿਆਸਤ, ਸਿੱਖੀ ਦੀ ਜ਼ਾਮਨ ਹੈ। ਸੰਗਤ ਤੋਂ ਵਰਣ ਜ਼ਿਆਦਾ ਸਾਰਥਕ ਹੈ ਅਤੇ ਇਸ 'ਧਰਮ' ਦਾ ਪਾਲਕ ਰਾਜਾ ਹੈ। ਇਹ ਗੁਰ ਸ਼ਬਦ ਦੀ ਪਾਰਸ ਛੁਹ ਤੋਂ ਪੁੱਠੇ ਗੇੜ ਵਿਚ ਫਿਰ

ਅਸ਼ਟਧਾਤੂ 'ਚ ਪੈਣ ਦੀ ਕਿਰਿਆ ਹੈ। ਹੁਣ ਤੁਰਕਾਂ ਦੇ ਰਾਜਸੀ ਚਲਣ ਵਾਲੇ ਅਤੇ ਰਾਜਪੂਤਾਂ ਦੇ ਸਮਾਜਕ ਰੁਤਬੇ ਨੂੰ ਜਾ ਪਹੁੰਚੇ। ਜੱਟ ਰਾਜਾ ਸ੍ਰੇਣੀ 'ਚ ਹਨ। ਇਹ ਇੱਕ ਕਾਰਣ ਹੈ ਕਿ ਇਹਨਾਂ ਦੀ ਸਿੱਖੀ 'ਚੋਂ ਇਨਸਾਨੀ ਰਹਿਤਲ ਸਿਰਜਣ ਦੀ ਸੰਭਾਵਨਾ ਗੌਣ ਹੁੰਦੀ ਗਈ। ਜਾਤੀਵਾਦ ਦਾ ਸ਼ਿਕੰਜਾ ਬ੍ਰਾਹਮਣੀ ਦਾਬੇ ਤੋਂ ਤਾਂ ਕਿਸੇ ਹੱਦ ਤੱਕ ਪਹਿਲਾਂ ਹੀ ਨਿਕਲ ਗਿਆ ਸੀ, ਪਰ ਪਦਾਰਥਕ ਪੱਧਰ ਤੇ ਨਵੀਆਂ ਉਤਪਾਦਕ ਸ਼ਕਤੀਆਂ ਦੇ ਨਾ ਵਿਗਸਣ ਕਾਰਨ ਬ੍ਰਾਹਮਣਵਾਦੀ ਬਿਰਤੀਆਂ ਦੇ ਪਲ੍ਰਣ ਦਾ ਆਧਾਰ ਜਿਉਂ ਦਾ ਤਿਉਂ ਹੀ ਰਿਹਾ।

ਗੁਰੂ ਗ੍ਰੰਥ ਅਤੇ ਦਸਮ ਗੁਰੂ ਦੇ ਦੌਰ ਤੱਕ ਸਿੱਖ-ਲਹਿਰ ਵਿਚ ਮੌਜੂਦ ਖੁਰਾਸਾਨ ਬਨਾਮ ਹਿੰਦੁਸਤਾਨ ਦੀ ਵਿਚਾਰਧਾਰਕ ਟੱਕਰ ਹੁਣ ਪੰਜਾਬ ਤੇ ਭੂਗੋਲਿਕ ਆਕਾਰ ਤੱਕ ਸੁੰਗੜ ਚੁੱਕੀ ਹੈ। ਹਿੰਦੁਸਤਾਨ ਦੀ ਨਵ-ਉਸਾਰੀ ਵਾਲੇ ਪ੍ਰਾਜੈਕਟ ਨੂੰ ਚੁਪੀਤਿਆਂ ਹੀ ਠੰਢੇ ਬਸਤੇ 'ਚ ਪਾ ਦਿੱਤਾ ਗਿਆ ਸੀ। ਇਹ ਪ੍ਰਾਜੈਕਟ 20ਵੀਂ ਸਦੀ ਦੀ ਸ਼ੁਰੂਆਤ ਵੇਲੇ ਗਦਰੀ ਬਾਬਿਆਂ ਦੀ ਬਾਣੀ ਵਿਚ ਹੀ ਦੋਬਾਰਾ ਹੋਂਦ ਵਿਚ ਆਇਆ। ਅਕਾਲੀ ਲਹਿਰ ਦੇ ਸ਼ਾਂਤਮਈ ਅੰਦੋਲਨ ਨੇ ਹਿੰਦੁਸਤਾਨ ਦੇ ਆਜ਼ਾਦੀ ਸੰਘਰਸ਼ ਨੂੰ ਸੱਤਿਆਗ੍ਰਹਿ ਅਤੇ ਅਹਿੰਸਾ ਦੀ ਜਾਚ ਸਿਖਾਈ ਅਤੇ ਭਗਤ ਸਿੰਘ ਦੀ ਸ਼ਹਾਦਤ ਨੇ ਆਜ਼ਾਦੀ ਦੇ ਸਮਾਜਵਾਦੀ ਸੰਕਲਪ ਦੀ ਸ਼ਿੱਦਤ ਨੂੰ ਹਿੰਦੁਸਤਾਨ ਦੇ ਰਾਜਸੀ ਪਿੜ ਵਿਚ ਪ੍ਰਤਿਮਾਨ ਵਾਂਗ ਸਥਾਪਿਤ ਕਰ ਦਿੱਤਾ । 1947 ਦੀ ਵੰਡ ਨਾਲ ਹਿੰਦੁਸਤਾਨ ਦਾ ਵਿਚਾਰਧਾਰਕ ਸਿੱਖੀ ਵਾਲਾ ਤਸੱਵਰ ਹੀ ਗਾਇਬ ਹੋ ਗਿਆ ਹੈ ਅਤੇ ਸਿੱਖੀ ਦੀ ਹਾਲਤ ਮੌਜੂਦਾ ਪੰਜਾਬ ਵਿਚ ਕੋਈ ਵੱਖਰੀ ਨਹੀਂ। ਅਮਰੀਕੀ ਤਖਤ ਤੋਂ ਵਰੋਸਾਏ ਹਰੇ ਇਨਕਲਾਬੀ ਪੰਜਾਬ ਨੇ ਜਦੋਂ ਖੁਦ ਨੂੰ ਹਿੰਦੁਸਤਾਨ ਤੋਂ ਵੱਖਰਾ ਮੰਨ ਲਿਆ ਤਾਂ ਸ਼ਹੀਦ ਕਵੀ ਪਾਸ਼ ਨੇ ਉਦੋਂ ਹਿੰਦੁਸਤਾਨ ਦੇ ਸੰਕਲਪ ਨਾਲ ਪੰਜਾਬੀ ਸਰੋਕਾਰ ਦਾ ਰਿਸ਼ਤਾ ਕਾਇਮ ਰੱਖਿਆ :

'ਕਿ ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ
ਜਿੱਥੇ ਅੰਨ ਉੱਗਦਾ ਹੈ
ਜਿੱਥੇ ਸੰਨ੍ਹਾਂ ਲੱਗਦੀਆਂ ਹਨ........' ( ਭਾਰਤ)

## 4

ਬਹਰਹਾਲ 18ਵੀਂ ਸਦੀ ਦਾ ਪੰਜਾਬ ਸੂਫੀ ਅਤੇ ਕਿੱਸਾ ਧਾਰਾ ਨਾਲ ਵੀ ਗੜੁੱਚ ਹੈ। ਬਾਬਾ ਫਰੀਦ ਦੀ ਬਾਣੀ ਵਿਚ ਤਾਂਤਰਿਕ ਪੱਧਰ ਤੇ ਵਿਚਰਦਾ ਦੁੱਖ ਕਿਸੇ ਇਨਸਾਨੀ ਮਸਲੇ ਤੋਂ ਵੀ ਅਗਾਂਹ ਇਕ ਜੀਵ ਵਿਗਿਆਨਕ ਹਕੀਕਤ ਹੈ। (ਗੁਰੂ ਅਰਜਨ ਇਕ ਪ੍ਰਵਿਰਤੀ ਤੇ ਬਰਅਕਸ 'ਭੂਮ ਰੰਗਾਵਲੀ' ਦਾ ਜ਼ਿਕਰ ਕਰਦੇ ਸਨ।) ਗੌਰਤਲਬ ਹੈ ਕਿ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਤੱਕ ਆਉਂਦਿਆਂ ਦੁੱਖ, ਇਨਸਾਨੀ ਇੰਤਖ਼ਾਬ ਬਣ ਜਾਂਦਾ ਹੈ- ਹੀਰ ਦਾ ਦੁੱਖ, ਰਾਂਝੇ ਨਾਲ ਇਸ਼ਕ ਦੇ ਇਕਰਾਰ ਕਰਕੇ ਹੈ, ਹੋਰ ਕਿਸੇ ਵਜ੍ਹਾ ਨਾਲ ਨਹੀਂ :

ਮੈਂ ਵੀ ਲੋਕ ਰਾਂਝਣ ਦੀ ਜਾਣਾ, ਨਾਲ ਮੇਰੇ ਕੋਈ ਚੱਲੇ,
ਨੈਅ ਵੀ ਡੂੰਘੀ ਤੁਲ੍ਹਾ ਪੁਰਾਣਾ, ਸ਼ੀਹਾਂ ਤਾਂ ਪੱਤਣ ਮੱਲੇ।

ਜਾਂ

ਸ਼ਾਹ ਹੁਸੈਨ ਸ਼ਹਾਦਤ ਪਾਇਣ, ਜੋ ਮਰਨ ਮਿੱਤਰਾਂ ਦੇ ਅੱਗੇ।

ਵਾਰਿਸ ਵਿਚ ਹੀਰ ਦਾ ਨਾਅਰਾ 'ਹਸ਼ਰ ਤੀਕ ਨਾ ਮੁੜਾਂਗੀ ਰਾਂਝਣੇ ਤੋਂ , ਭਾਵੇਂ ਬਾਪ ਦਾ ਬਾਪ ਆਵੇ' ਪੰਜਾਬੀ ਬੰਦੇ ਦੇ ਬਾਗੀਆਨਾ ਕਿਰਦਾਰ ਸਿੰਜਦਾ ਹੈ। ਇਸ ਵਿਚ ਹੱਕ-



ਸੱਚ-ਨਿਆਂ ਦਾ ਪੈਂਤੜਾ, ਸੱਤਾ ਦੇ ਪ੍ਰਵਚਨ ਨਾਲ ਟਕਰਾਉਣ ਨੂੰ ਤਿਆਰ ਹੈ। ਦੁਖਾਂਤ ਇਕਮਾਤਰ ਵਿਕਲਪ ਹੈ ਪਰ ਫਿਰ ਵੀ ਇਨਸਾਨੀ ਰਹਿਤਲ ਦੀ ਕਾਇਮੀ ਲਈ ਇਸ਼ਕ ਦੀ ਰਹਿਤਲ ਦਾ ਵਿਵੇਕ ਸਲਾਹੁਣਯੋਗ ਹੈ। ਇਸ ਦਾ ਅਗਲਾ ਪੜਾਅ ਹਾਸ਼ਮ ਦੇ ਹਿੱਸੇ ਆਉਂਦਾ ਹੈ ਜਿੱਥੇ ਉਹ ਸੱਸੀ, ਫਰਹਾਦ, ਸੋਹਣੀ ਆਦਿ ਨੂੰ ਸੁਚੇਤ ਤੌਰ 'ਤੇ ਸ਼ਹੀਦ ਦਾ ਦਰਜਾ ਦਿੰਦਾ ਹੈ :

'ਹਾਸ਼ਮ ਨਹੀਂ ਸ਼ਹੀਦ ਹੋ ਵੱਸਾਂ, ਥਲ ਮਾਰੂ ਵਿਚ ਮਰਸਾਂ।'
'ਸੁਣ ਕੇ ਹਾਲ ਸ਼ਹੀਦ ਸੱਜਣ ਦਾ, ਸ਼ੀਰੀਂ ਦਰਦ ਰੰਞਾਣੀ।'
'ਡਿਗਿਆ ਜਾਇ ਸ਼ਹੀਦ ਇਸ਼ਕ ਦਾ, ਨਦੀਓਂ ਪਾਰ ਕਿਨਾਰੇ।'
'ਆਈ ਰਾਤ ਸ਼ਹਾਦਤ ਵਾਲੀ, ਜੋ ਵਿਚ ਲੇਖ ਲਿਖਾਈ।'

ਡਾ. ਦਰਸ਼ਨ ਸਿੰਘ ਕਹਿੰਦੇ ਹਨ ਕਿ ਗੁਰੂ ਗ੍ਰੰਥ ਵਿਚ ਸ਼ਹੀਦ / ਸ਼ਹਾਦਤ ਲਫ਼ਜ਼ ਨਹੀਂ ਮਿਲਦਾ। ਹਾਲਾਂਕਿ ਇਸ ਦੇ ਬੁਨਿਆਦੀ ਤੱਤ ਜ਼ਰੂਰ ਸਿੱਖੀ ਵਿਚ ਪੁੰਗਰ ਚੁੱਕੇ ਸਨ। ਹਾਸ਼ਮ ਆਸ਼ਾ ਨੂੰ (ਸਮੇਤ ਔਰਤਾਂ ਦੇ) ਸ਼ਹੀਦ ਦਾ ਰੁਤਬਾ ਦਿੰਦਾ ਹੈ। ਉਸ ਲਈ ਇਸ਼ਕ ਅਤੇ ਸ਼ਹਾਦਤ ਇਕੋ ਇਕਾਈ 'ਚ ਬੱਝੇ ਹੋਏ ਹਨ। ਉਹ ਸਮਾਜਕ, ਭਾਈਚਾਰਕ, ਫ਼ਿਰਕਾਦਾਰਾਨਾ ਅਤੇ ਰਾਜਨੀਤਕ ਹੱਦਬੰਦੀ ਨੂੰ ਤਿਆਗ ਕੇ 'ਚਾਕ' ਦੇ Universal-ist ਸੰਬੰਧ ਦੀ ਤਲਬਗਾਰ ਹੀਰ ਨੂੰ ਪੰਜਾਬੀ ਸਰੋਕਾਰ ਦਾ ਜਹਾਜ਼ ਬਣਾਉਂਦਾ ਹੈ। ਸਾਕਾਚਾਰੀ ਦੀ ਵਲਗਣ ਦੇ ਦੋ ਸਿਰਿਆਂ - ਮਾਪੇ ਅਤੇ ਖਾਵੰਦ- ਦੀ ਸੱਤਾ ਤੋਂ ਇਨਕਾਰੀ ਹੋਣਾ ਕਿਵੇ ਨਵੀਂ ਰਹਿਤਲ ਦੇ ਨਿਰਮਾਣ ਦਾ ਬਿਗਲ ਹੈ :

'ਹੀਰ ਆਖਿਆ, 'ਸਾਕ ਨਾ ਆਸ਼ਕਾਂ ਦੇ, ਮੇਰਾ ਦੀਨ ਈਮਾਨ ਇਹ ਚਾਕ ਹੈ ਜੀ।
ਹਾਸ਼ਮ ਆਖਿਆ ਹੀਰ ਨੇ ਰੱਬ ਜਾਣੇ, ਮੇਰਾ ਖੇੜਿਆਂ ਤੋਂ ਪੱਲਾ ਪਾਕ ਹੈ ਜੀ।

ਇਸ ਤਰ੍ਹਾਂ ਹਾਸ਼ਮ ਸ਼ਾਹ ਆਸ਼ਕਾਂ ਨੂੰ ਸ਼ਹੀਦ ਕਹਿ ਕੇ, ਸਵਾਬ ਦੇ ਹੱਕਦਾਰ ਬਣਾ ਕੇ ਪੁਰਾਣੀ ਰਹਿਤਲ ਦੀ ਅੰਦਰੂਨੀ ਆਲੋਚਨਾ ( Critical insider ) ਦੇ ਮੁਹਾਜ਼ ਨੂੰ ਜਿਉਂਦਾ ਰੱਖਦਾ ਹੈ। ਬਾਬੇ ਨਾਨਕ ਦੀ ਖੁਰਾਸਾਨ, ਦੁੱਲੇ ਦੀ ਦਿੱਲੀ, ਬੰਦੇ ਬਹਾਦਰ ਦਾ ਸਰਹਿੰਦ ਅਤੇ ਹੁਣ ਹੀਰ ਦੇ ਖੇੜੇ ਦਰਅਸਲ ਪੰਜਾਬੀ ਰਹਿਤਲ ਦੀ ਵਿਚਾਰਧਾਰਾ ਦੇ ਦੋਖੀ ਅਦਾਰਿਆਂ ਦੀ ਸਾਂਝੀ ਪੇਸ਼ਬੰਦੀ ਹੈ। ਇਥੋਂ ਇਹ ਵੀ ਪਤਾ ਲੱਗਦਾ ਹੈ ਕਿ ਪੰਜਾਬੀ ਬੰਦੇ ਲਈ ਇਹ ਦੁਸ਼ਮਣ ਨਸਲੀ / ਧਾਰਮਿਕ / ਭੂਗੋਲਿਕ ਨਹੀਂ ਹਨ, ਸਗੋਂ ਇਹਨਾਂ ਵਿਚਾਰਧਾਰਾਈ ਪ੍ਰਵਿਰਤੀਆਂ ਦਾ ਮਰਕਜ਼ ਹੈ। ਇਹਨਾਂ ਪ੍ਰਵਿਰਤੀਆਂ ਦੇ ਮੁੱਦਈ ਚਾਹੇ ਬਾਹਰ ਹੋਣ ਜਾਂ ਅੰਦਰ, ਉਹ ਵੀ ਇਤਿਹਾਸ ਨਾਲ ਨਵੀਂ ਸੰਰਚਨਾ ਲੈ ਕੇ ਹਾਜ਼ਰ ਹੁੰਦੇ ਹਨ। ਖੁਰਾਸਾਨ, ਹਿੰਦੁਸਤਾਨ ਦੀ ਹੱਦ ਤੋਂ ਬਾਹਰ, ਦਿੱਲੀ, ਪੰਜਾਬ ਤੋਂ ਬਾਹਰ ਪਾਰ ਹਿੰਦੁਸਤਾਨ ਦੇ ਅੰਦਰ ਹੈ, ਰੰਗਪੁਰ ਖੇੜਾ, ਪੰਜਾਬ ਦੇ ਵਿਚ ਪਰ ਤਖ਼ਤ ਹਜ਼ਾਰੇ ਦੀ ਰਹਿਤਲ ਤੋਂ ਬਾਹਰ ਹੈ।

ਮੇਰਾ ਮੰਨਣਾ ਹੈ ਕਿ ਹਾਸ਼ਮ ਪੰਜਾਬੀ ਸਰੋਕਾਰ ਦਾ ਸੁਚੇਤ ਸਿਧਾਂਤਕਾਰ ਹੈ। ਉਸ ਦੇ ਨਾਇਕ ਦਸਤਕਾਰ, ਕਾਰੀਗਰ, ਕਿਰਤ ਦੇ ਧਨੀ ਹਨ। ਔਰਤਾਂ ਦਾ ਆਦਰ ਅਤੇ ਰੂਹਾਨੀ ਰੁਤਬਾ ਉੱਚਾ ਹੈ, ਰਾਜਾ- ਸ਼੍ਰੇਣੀ ਲਈ ਹਿਕਾਰਤ ਹੈ। ਆਸ਼ਕ ਅਤੇ ਸ਼ਹੀਦ ਨੂੰ ਉਹ ਨਵੇਂ ਸਮਾਜਚਾਰੇ ਦੀ ਸਿਰਜਣਾ ਦੀ ਬੁਨਿਆਦ ਮੰਨਦਾ ਹੈ। ਹਾਸ਼ਮ ਹਰ ਕਿਸਮ ਦੀ ਮਸਨੂਈ ਹੱਦਬੰਦੀ ਦੇ ਖਿਲਾਫ਼ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਦੌਰ ਦੀ ਸ਼ਾਂਤੀ, ਆਰਥਿਕ ਤਰੱਕੀ, ਸਮਾਜਕ ਗਤੀਸ਼ੀਲਤਾ ਅਤੇ ਸੱਭਿਆਚਾਰਕ ਪਛਾਣ ਦਾ ਗੌਰਵ ਕਿਤੇ ਨਾ ਕਿਤੇ ਪਿੱਠ ਭੂਮੀ 'ਚ ਹੈ। ਕਿਰਸਾਣੀ ਲਈ ਸਹੂਲਤਾਂ, ਵਪਾਰ ਦਾ ਵਾਧਾ ਅਤੇ ਪੰਜਾਬੀਅਤ ਦੀ ਪੇਸ਼ਬੰਦੀ ਇਹ ਸਾਰੇ ਤੱਤ ਰਲ ਕੇ ਮਹਾਰਾਜੇ ਨੂੰ

ਪੰਜਾਬੀ ਮਹਾਰਾਜਾ ਬਣਾਉਂਦੇ ਹਨ। ਇਤਿਹਾਸਕ ਤੱਥ ਹੈ ਕਿ ਸ਼ਾਇਰਾਂ ਨੇ ਬਿਨਾਂ ਕਿਸੇ ਸਰਪ੍ਰਸਤੀ ਦੇ ਮਹਾਰਾਜੇ ਦੀ ਮਹਿਮਾ ਕੀਤੀ ਹੈ। ਇਹਨਾਂ ਵਿਚੋਂ ਕਾਦਰਯਾਰ ਤਾਂ ਮਹਾਰਾਜੇ ਨੂੰ ਪੂਰਨ-ਰਸਾਲੂ ਦੀ ਕੁਲ 'ਚੋਂ ਮੰਨਦਾ ਹੈ ਅਤੇ ਪੰਜਾਬੀ ਰਹਿਤਲ ਨੂੰ ਤੁਰਕੀ ਰਹਿਤਲ ਤੋਂ ਨਿਖੇੜਦਾ ਹੈ।

'ਕਹਿੰਦਾ ਖਾਲਸਾ ਜੀ, ਤੁਰਕਾਂ ਕਾਫਰਾਂ ਨੇ, ਮੇਰਾ ਕੱਦ ਖਜ਼ਾਨਿਓਂ ਲਾਲ ਚੁਣਿਆ।'

ਇਹ ਪੰਜਾਬੀ ਮੁਸਲਮਾਨ ਦੀ ਹਮ-ਮਜ਼ਹਬਾਂ ਨਾਲੋਂ ਵਿਚਾਰਧਾਰਾਈ ਨਿਖੇੜ ਕਰ ਕੇ ਹੀ ਸੰਭਵ ਹੋ ਸਕਿਆ। ਇਸੇ ਲਈ ਜਦੋਂ ਅੰਗਰੇਜ਼ਾਂ ਨਾਲ ਲੜਾਈ ਹੁੰਦੀ ਹੈ ਤਾਂ ਸ਼ਾਹ ਮੁਹੰਮਦ ਸਿਰਫ਼ ਜੰਗਨਾਮਾ ਹੀ ਨਹੀਂ ਲਿਖਦਾ, ਖੁਦ ਖਾਲਸਾ ਫੌਜ ਵਿਚ ਸ਼ਾਮਲ ਹੁੰਦਾ ਹੈ, ਇੱਥੋਂ ਤੱਕ ਕਿ ਉਸਦੇ ਭਤੀਜੇ ਆਦਿਕ ਵੀ ਅੰਗਰੇਜ਼ਾਂ ਖਿਲਾਫ਼ ਲੜਦੇ ਹਨ। ਸ਼ਾਹ ਮੁਹੰਮਦ ਅੰਗਰੇਜ਼ਾਂ ਤੇ ਚਰਿੱਤਰ ਬਾਰੇ ਹੈਰਾਨੀਜਨਕ ਢੰਗ ਨਾਲ ਸਹੀ ਹੈ :

'ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ, ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾ ਕਰਦਾ, ਸ਼ਾਹੂਕਾਰਾਂ ਦਾ ਪੁੱਤਰ ਗੁਮਾਸਤਾ ਈ।

ਵਪਾਰਕ ਪੂੰਜੀਵਾਦ ਬਾਰੇ ਐਸੀ ਸਟੀਕ ਟਿੱਪਣੀ ਪੜ੍ਹ ਕੇ ਹੈਰਤ ਹੁੰਦੀ ਹੈ ਇਹ ਇਕ ਵਜ੍ਹਾ ਹੈ ਕਿ ਸ਼ਾਹ ਮੁਹੰਮਦ ਲਈ ਇਹ ਲੜਾਈ ਹੋਰਾਂ ਨਾਲੋਂ ਵੱਖਰੀ ਹੈ। ਉਹ ਇਸ ਨੂੰ ਪੰਜਾਬੀ ਤੇ ਸ਼ਾਹੂਕਾਰੀ ਰਹਿਤਲ / ਸੱਭਿਅਤਾ ਦੀ ਲੜਾਈ ਮੰਨਦਾ ਹੈ। ਖਾਲਸਾ ਫੌਜ ਦੇ ਬਹਾਦਰ ਜਰਨੈਲਾਂ ਤੇ ਵੀ ਕਾਫੀ ਸਾਹਿਤ ਲਿਖਿਆ ਗਿਆ, ਉਨ੍ਹਾਂ ਨੂੰ ਲੋਕ-ਨਾਇਕ ਮੰਨਿਆ ਗਿਆ। ਇਸ ਤਰ੍ਹਾਂ ਰਿਆਸਤ ਅਤੇ ਜਨਤਾ ਵਿਚ ਖਾਲਸਾ ਫੌਜ ਦਾ ਇਹਤਰਾਮ ਇਹ ਦੱਸਦਾ ਹੈ ਕਿ ਰਿਆਸਤ ਨਾਲ ਜਨਤਾ ਦੀ ਦ੍ਵੈਤ ਨਹੀਂ ਸੀ।

18ਵੀਂ ਸਦੀ ਦੇ ਸਿੱਖ ਸੰਘਰਸ਼ ਦਾ ਅਦਬ ਆਮ ਜਨਤਾ ਵਿਚ ਜਿਉਂਦਾ ਸੀ, ਉਤੋਂ ਕਿੱਸਾਕਾਰਾਂ ਅਤੇ ਖਾਸ ਕਰਕੇ ਹਾਸ਼ਮ ਸ਼ਾਹ ਨੇ ਆਸ਼ਕ ਅਤੇ ਸ਼ਹੀਦ ਨੂੰ ਜੋੜ ਦਿੱਤਾ। ਇਸ ਦਾ ਕਿ ਸਿੱਟਾ ਇਹ ਨਿਕਲਿਆ ਕਿ ਮਹਾਰਾਜੇ ਨੂੰ ਆਦਰਸ਼ ਆਸ਼ਕ (ਮੋਰਾਂ-ਰਣਜੀਤ) ਵਲੀ ਜੋਧਾ (ਸ਼ਹੀਦ) ਅਤੇ ਗੁਰੂ ਗੋਬਿੰਦ ਦਾ ਖਾਲਸਾ – ਇਸ ਤ੍ਰੈਮੂਰਤੀ ਵਾਂਗ ਪੇਸ਼ ਕੀਤਾ ਗਿਆ।

'ਬਾਦਸ਼ਾਹ ਰਣਜੀਤ ਸਿੰਘ ਵਲੀ ਜੋਧਾ, ਤੈਨੂੰ ਜ਼ੋਰ ਗੋਬਿੰਦ ਸਿੰਘ ਪੀਰ ਦਾ ਜੀ।'
'ਰਾਜਾ ਆਸ਼ਕਾਂ ਦੇ ਵਿਚ ਆਸ਼ਕ ਹੈਗਾ, ਜੈਂਦਾ ਇਸ਼ਕ ਦੇ ਵੱਲ ਧਿਆਨ ਮਾਰਾ।
'ਮੋਰਾਂ ਨਾਲ ਜੋ ਲਾਈਆਂ ਨੀ, ਜਣੇ ਪ੍ਰਿਥਵੀ ਜਗ ਜਹਾਨ ਸਾਰੂ।' (-ਸਾਵਣਯਾਰ)

ਮਹਾਰਾਜੇ ਨਾਲ 18ਵੀਂ ਸਦੀ ਵਿਚ ਪੁੰਗਰੀਆਂ ਸਿੱਖਾਂ ਦੀਆਂ ਜਮਹੂਰੀ ਪ੍ਰਣਾਲੀਆਂ ਨੂੰ ਲਾਂਭੇ ਕਰ ਦੇਣ ਦਾ ਦੋਸ਼ ਜਾਇਜ਼ ਹੈ, ਰਾਜਸ਼ਾਹੀ ਦੇ ਕਿਰਦਾਰ ਵਿਚ ਆਈ ਗਿਰਾਵਟ ਵੀ ਪੱਕੇ ਪੈਰੀਂ ਹੋ ਚੁੱਕੀ ਸੀ। ਸਿੰਘ ਸਭਾ ਲਹਿਰ ਅਤੇ ਹੋਰ ਵਿਦਵਾਨ ਇਸ ਵਰਤਾਰੇ ਨੂੰ ਮਹਾਰਾਜੇ ਦਾ ਸਿੱਖੀ ਆਦਰਸ਼ ਤੋਂ ਥਿੜਕ ਜਾਣਾ ਕਹਿੰਦੇ ਹਨ। ਪਰ ਇੱਕ ਹੋਰ ਮਸਲਾ ਅਣਸੁਲਝਿਆ ਰਹਿ ਜਾਂਦਾ ਹੈ: ਲੋਕਾਂ ਦਾ ਮਹਾਰਾਜੇ ਅਤੇ ਲਾਹੌਰ ਦਰਬਾਰ ਨਾਲ ਨੇੜਤਾ ਮਹਿਸੂਸ ਕਰਨੀ, ਸਾਰੇ ਧਰਮਾਂ ਨੂੰ ਮੰਨਣ ਵਾਲਿਆਂ ਵੱਲੋਂ ਖਾਲਸਾ ਫੌਜ ਦਾ ਅਦਬ ਆਦਿ ਦੱਸਦਾ ਹੈ ਕਿ ਸਰਵਪੱਖੀ ਵਿਕਾਸ ਦਾ ਫਾਇਦਾ ਲੱਗਭੱਗ ਸਾਰੇ ਵਰਗਾਂ ਤੱਕ ਪਹੁੰਚਿਆ। ਇਹ ਪ੍ਰਕਿਰਿਆ ਕਿਸੇ ਹੱਦ ਤੱਕ ਸਿੱਖੀ ਦੇ ਪ੍ਰਜੈਕਟ ਦੇ ਨੇੜੇ ਸੀ। ਇਸ dual dialectic ਨਾਲ ਮਹਾਰਾਜੇ ਨੂੰ ਸ਼ਾਇਦ ਬਿਹਤਰ ਪਰਖਿਆ ਜਾ ਸਕਦਾ ਹੈ।

18ਵੀਂ ਸਦੀ ਵਿਚ ਸਿੱਖ ਸਾਹਿਤ ਅਤੇ ਪੰਜਾਬੀ ਸਾਹਿਤ ਇਕ ਦੂਜੇ ਦੇ ਨੇੜੇ ਵਿਚਰ ਰਹੇ ਸਨ, ਪਰ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਇਹ ਦੋਵੇਂ ਧਾਰਾਵਾਂ ਸਾਂਝੀਆਂ ਹੋ ਜਾਂਦੀਆਂ ਹਨ-ਇਕ ਮਿਸਾਲ ਮਹਾਰਾਜੇ ਦਾ ਚਿਤ੍ਰਣ ਹੈ। ਜਿਸਦਾ ਅਸੀਂ ਉੱਪਰ ਜ਼ਿਕਰ



ਕਰ ਆਏ ਹਾਂ। ਦੂਜਾ ਅਹਿਮ ਮਰਹਲਾ ਹੀਰ ਹੈ। 'ਹੀਰ' ਦਾ ਗ਼ਲਬਾ ਐਸਾ ਮੁਕੰਮਲ ਹੈ ਕਿ ਅੰਮ੍ਰਿਤਧਾਰੀ ਵੀਰ ਸਿੰਘ ਬਲ ਵੀ ਗੁਰਮਤਿ ਦ੍ਰਿੜਾਉਣ ਲਈ ਹੀਰ ਦੇ ਦਰ 'ਤੇ ਜਾਂਦਾ ਹੈ। ਧੀਦੋ ਵੀ ਖੁਦ ਨੂੰ ਸੁਰਾਂ ਦੀ ਹੀਰ ਕਹਿੰਦੀ ਹੈ। ਪ੍ਰੋ. ਪੂਰਨ ਸਿੰਘ ਦੀ ਵਾਰੀ ਬਹੁਤ ਪਿੱਛੋਂ ਆਉਂਦੀ ਹੈ।

'ਵੀਰ ਸਿੰਘ ਵੀ ਕੂਕਦਾ ਹੀਰ ਵਾਂਗੂੰ, ਸ੍ਰੀ ਗੁਰੂ ਗੋਬਿੰਦ ਸਿੰਘ ਪੀਰ ਨੂੰ ਜੀ।'
ਰਾਂਝੇ ਨੂੰ ਗੁਰਮੁਖ ਦਾ ਦਰਜਾ ਦਿੰਦਾ ਹੈ:
'ਵੀਰ ਸਿੰਘ ਪਰਵਾਹ ਕੀ ਗੁਰਮੁਖਾਂ ਨੂੰ, ਜਿਹੜੇ ਸ਼ਬਦ ਗੁਰਦੇਵ ਦੇ ਨਾਲ ਰੱਤੇ।'

ਫ਼ਜ਼ਲ ਸ਼ਾਹ ਹੀਰ ਦੇ ਕਿੱਸੇ ਰਾਹੀਂ ਇਸਲਾਮ ਦਾ ਸੁਨੇਹਾ ਦਿੰਦਾ ਹੈ ਅਤੇ ਕਾਲੀਦਾਸ ਗੁੱਜਰਾਂਵਾਲੀਆ ਵੇਦਾਂਤ ਦਾ। ਗੁਰੂ ਗੋਬਿੰਦ ਨੂੰ ਹਿੰਦੂ ਅਤੇ ਸਿੱਖ ਲੇਖਕ ਵੀ 'ਪੀਰ' ਕਹਿੰਦੇ ਹਨ। ਇਹ ਸੰਕੇਤ ਦਿੰਦਾ ਹੈ ਕਿ ਆਵਾਮ ਵਿਚ ਉਨ੍ਹਾਂ ਦਾ ਦਰਜਾ ਇਸਲਾਮ ਦੇ ਵਿਰੋਧ ਦਾ ਨਹੀਂ ਸੀ।

ਇਸ ਪ੍ਰਸੰਗ ਵਿਚ ਕਹਿਣਾ ਬਣਦਾ ਹੈ ਕਿ ਸਿੱਖੀ ਦੇ ਪੰਜਾਬੀਕਰਣ ਦਾ ਆਸਰਾ ਮਹਾਰਾਜੇ ਦਾ ਲਾਹੌਰ ਦਰਬਾਰ ਬਣਦਾ ਹੈ ਅਤੇ ਪੰਜਾਬੀਆਂ ਦੇ ਦੂਰ-ਨੇੜੇ ਦੇ ਮਸਲਿਆਂ ਦੀ ਵਿਚੋਲਗੀ ਹੀਰ ਰਾਹੀਂ ਹੁੰਦੀ ਹੈ। ਕਵੀਸ਼ਰ ਭਗਵਾਨ ਸਿੰਘ ਹੀਰ ਦੇ ਕਿੱਸੇ ਨੂੰ ਇਲਮ ਦਾ ਸੋਮਾ ਮੰਨਦਾ ਹੈ। ਪੰਜਾਬੀਆਂ ਲਈ ਨਵਾਂ ਸਿਧਾਂਤਕਾਰ ਹਾਸ਼ਮ ਹੈ, ਕਾਦਰਯਾਰ ਪੰਜਾਬੀ ਰਹਿਤਲ ਦਾ ਜਸ਼ਨ ਮਨਾਉਂਦਾ ਹੈ ਅਤੇ ਸ਼ਾਹ ਮੁਹੰਮਦ ਇਸੇ ਦਾ ਪੰਜਾਬੀ ਸੱਭਿਅਤਾ ਦੀ ਨਿਸ਼ਾਨੀ ਖਾਲਸਾ ਫੌਜ ਨੂੰ ਮੰਨਦਾ ਹੈ। ਹਾਰ ਚੁੱਕੀ ਪੰਜਾਬੀਅਤ ਅਤੇ ਜੇਤੂ ਰਹੀ ਪਾਤਸ਼ਾਹੀ ਫੌਜ ਨਾਲ ਨਿਰਾ ਸੈਨਿਕ ਪੱਧਰ 'ਤੇ ਨਹੀਂ ਸਗੋਂ ਕਿਸੇ ਵਡੇਰੇ ਪ੍ਰਸੰਗ ਵਿਚ ਸਿੱਝਣ ਦੀ ਸੰਭਾਵਨਾ ਜਿਉਂਦੀ ਰੱਖਦਾ ਹੈ। ਇਨ੍ਹਾਂ ਸ਼ਾਇਰਾਂ 'ਚੋਂ ਇਕ ਜਾਫਰ ਬੇਗ ਮਹਾਰਾਜੇ ਨੂੰ ਸਾਰੇ ਹਿੰਦ ਦੇ ਪ੍ਰਤੀਨਿਧ ਵਜੋਂ ਪੇਸ਼ ਕਰਦਾ ਹੈ। ਸਿੱਟੇ ਵਜੋਂ ਭਵਿੱਖ ਵਿਚ ਹਿੰਦੁਸਤਾਨੀ ਦੀ ਪਛਾਣ ਹੁਣ ਅੰਗਰੇਜ਼ ਦੀ ਖਿਲਾਫ਼ ਤੇ ਨਿਰਭਰ ਹੈ।

1839 ਈਸਵੀ ਵਿਚ ਮਹਾਰਾਜੇ ਦੀ ਮੌਤ ਮਗਰੋਂ ਖਾਲਸਾ ਫੌਜ ਹੀ ਪੰਜਾਬ ਦੀ ਜ਼ਾਮਨ ਮੰਨੀ ਗਈ। ਇਸ ਵਿਚ ਕਾਰਜਸ਼ੀਲ ਪੰਚਾਇਤੀ ਪ੍ਰਣਾਲੀ, ਸਿੱਖੀ ਆਚਰਣ ਨਾਲ ਵੱਤਰ ਅੰਗਰੇਜ਼-ਵਿਰੋਧੀ ਭਾਵਨਾ ਦਾ ਪੰਜਾਬੀ ਇਤਿਹਾਸ 'ਤੇ ਡੂੰਘਾ ਅਸਰ ਰਿਹਾ। ਅੰਗਰੇਜ਼ੀ ਸਾਮਰਾਜ ਦੇ ਵਿਰੋਧ ਦੀ ਸ਼ੁਰੂਆਤ ਭਾਈ ਮਹਾਰਾਜ ਸਿੰਘ, ਬਾਬਾ ਬੀਰ ਸਿੰਘ, ਖੁਦਾ ਸਿੰਘ ਆਦਿ ਖਾਲਸਾ ਫੌਜ ਨਾਲ ਜੁੜੇ ਲੋਕਾਂ ਰਾਹੀਂ ਹੀ ਹੁੰਦੀ ਹੈ। ਨਾਮਧਾਰੀ ਸੰਪ੍ਰਦਾਇ ਦੇ ਮੋਢੀ ਬਾਬਾ ਰਾਮ ਸਿੰਘ ਵੀ ਖਾਲਸਾ ਫੌਜ 'ਚ ਰਹੇ ਸਨ। 1849 ਈਸਵੀ ਵਿਚ ਅੰਗਰੇਜ਼-ਸਾਮਰਾਜ ਦੇ ਅਧੀਨ ਹੋ ਚੁੱਕੇ ਪੰਜਾਬ ਵਿਚ ਲਗਭਗ ਸਾਰੇ ਫ਼ਿਰਕਿਆਂ ਦੇ ਕੁਲੀਨ ਵਰਗਾਂ ਨੇ ਅੰਗਰੇਜ਼-ਭਗਤੀ ਰਾਹੀਂ ਆਪਣੇ ਹੀ ਸਹੂਲਤਾਂ ਲੈਣ ਦਾ ਰਿਆਜ਼ ਸ਼ੁਰੂ ਕਰ ਦਿੱਤਾ। ਇਹਨਾਂ ਤੋਂ ਪਹਿਲਾਂ ਨਿਰਮਲਾ, ਉਦਾਸੀ ਅਤੇ ਸੇਵਾਪੰਥੀ ਸੰਪ੍ਰਦਾਇ ਆਪਸ ਵਿਚ ਮਹੀਨ ਵਿਆਖਿਆਤਮਕ ਵਿਵਾਦ ਚਲਾ ਰਹੇ ਸਨ ਜਿਹੜਾ ਕਿ ਪੰਜਾਬੀਆਂ ਦੇ ਨਿਤਾ-ਪ੍ਰਤੀ ਮਸਲਿਆਂ ਤੋਂ ਤਾਂ ਦੂਰ ਸੀ ਪਰ ਸੰਸਥਾਈ ਫੈਲਾਅ, ਡੇਰਿਆਂ, ਧਰਮਸ਼ਾਲਾ ਅਤੇ ਪਾਠਸ਼ਾਲਾਂ ਰਾਹੀਂ ਜ਼ਰੂਰ ਪੰਜਾਬੀ ਪੇਂਡੂਆਂ ਲਈ ਗਿਆਨ ਜਾਂ ਜਾਣਕਾਰੀ ਦਾ ਸੋਮਾ ਬਣਿਆ ਰਿਹਾ। ਸੇਵਾਪੰਥੀ ਪੱਛਮੀ ਪੰਜਾਬ ਦੇ ਖੱਤਰੀ ਵਪਾਰੀਆਂ ਨਾਲ, ਉਦਾਸੀ ਕੇਂਦਰੀ ਪੰਜਾਬ ਦੇ ਧਾਮਾਂ ਰਾਹੀਂ ਅਤੇ ਨਿਰਮਲੇ ਮਾਲਵੇ ਵਿਚ ਕਾਰਜਸ਼ੀਲ ਸਨ।

ਅੰਗਰੇਜ਼ ਸਰਕਾਰ ਨੇ ਪੰਜਾਬੀ ਬਗ਼ਾਵਤ ਨੂੰ ਫੌਜੀ ਦਮਨ ਨਾਲ ਦਬਾਇਆ ਅਤੇ ਫ਼ਿਰਕਿਆਂ ਦੇ ਆਪਸੀ ਤਣਾਅ ਨੂੰ ਪਕੇਰਾ ਕੀਤਾ। ਨਾਲ ਹੀ ਪੰਜਾਬ ਵਿਚ ਵੱਡੀ ਪੱਧਰ 'ਤੇ ਢਾਂਚਾਗਤ ਤਬਦੀਲੀਆਂ ਦੀ ਆਮਦ ਨੇ ਸਮਾਜੀ ਵਹਾਅ ਦੇ ਨਵੇਂ ਰੁਖ਼ ਸਾਹਮਣੇ

ਲਿਆਂਦੇ। ਫੌਜ ਵਿਚ ਸਿਪਾਹੀਆਂ ਨੂੰ ਕਰੜੇ ਧਾਰਮਿਕ ਅਨੁਸ਼ਾਸਨ ਅਨੁਸਾਰ ਰੱਖਿਆ ਜਾਂਦਾ ਅਤੇ ਜਨਤਕ ਖੇਤਰ ਵਿਚ ਈਸਾਈਅਤ ਦੀ ਉੱਚਤਾ ਦਾ ਪ੍ਰਚਾਰ-ਪ੍ਰਸਾਰ ਕੀਤਾ ਜਾਂਦਾ ਹੈ। ਅੰਗਰੇਜ਼ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਮਹਾਰਾਜੇ ਦੇ ਚਰਿੱਤਰ, ਕਾਰਜਕੁਸ਼ਲਤਾ ਅਤੇ ਆਰਥਿਕ-ਪ੍ਰਸ਼ਾਸਨਿਕ ਮੁੱਦਿਆਂ ਬਾਰੇ ਭੰਡੀ ਪ੍ਰਚਾਰ ਸ਼ੁਰੂ ਕੀਤਾ ਗਿਆ। ਕੁਲੀਨ ਵਰਗਾਂ ਵਿਚ ਝੋਰਾ ਅਤੇ ਇਸ ਦੇ ਹੱਲ ਵਜੋਂ ਧਾਰਮਿਕ ਆਧਾਰ ਤੇ ਅੰਗਰੇਜ਼ਾਂ ਨਾਲ ਮਿਲਵਰਤਣ ਇਕ ਮਾਤਰ ਰਾਹ ਰਹਿ ਗਿਆ। ਨਿਰੰਕਾਰੀ ਸੰਪ੍ਰਦਾਇ ਵੱਲੋਂ ਸ਼ੁਰੂ ਕੀਤਾ ਗਿਆ ਸਮਾਜ ਸੁਧਾਰ ਕਿਸੇ ਰਾਜਨੀਤਕ ਦ੍ਰਿਸ਼ਟੀ ਤੋਂ ਬਗੈਰ ਮਾਂਦਾ ਪੈ ਗਿਆ।

ਦੂਜੇ ਪਾਸੇ ਪੰਜਾਬ ਅਵਾਮ ਭਾਈ ਮਹਾਰਾਜ ਸਿੰਘ ਅਤੇ ਦੀਵਾਨ ਮੂਲ ਰਾਜ ਵਲੋਂ ਸ਼ੁਰੂ ਕੀਤੇ ਬਾਗ਼ੀ ਏਜੰਡੇ ਤੋਂ ਵੀ ਵਾਕਫ਼ ਸੀ। ਇਸ ਲਹਿਰ ਦੇ ਹਾਰ ਜਾਣ ਪਿੱਛੋਂ ਨਾਮਧਾਰੀ ਬਗਾਵਤ ਨੂੰ ਨਾ ਸਿਰਫ਼ ਅੰਗਰੇਜ਼ ਸਰਕਾਰ ਨੇ ਦਮਨ ਨਾਲ ਦਬਾਇਆ ਸਗੋਂ ਪੰਜਾਬ ਦੇ ਕੁਲੀਨ ਵਰਗੀ ਸਿੱਖਾਂ ਵੱਲੋਂ ਆਪਣੀ ਸਰਕਾਰ ਪ੍ਰਸ਼ਤੀ ਅਤੇ ਜਾਤੀਵਾਦੀ ਨੁਕਤਾ-ਨਜ਼ਰ ਅਧੀਨ ਕੂਕਿਆਂ ਦੀ ਸਿਰਤੋੜ ਖ਼ਿਲਾਫ਼ਤ ਕੀਤੀ ਗਈ। ਬਾਬਾ ਰਾਮ ਸਿੰਘ ਅਤੇ ਹੋਰ ਕੂਕਿਆਂ ਲਈ ਜਦੋਂ ਕੇਸਗੜ੍ਹ ਦੇ ਗ੍ਰੰਥੀ ਨੇ ਅਰਦਾਸ ਕਰਨ ਤੋਂ ਮਨ੍ਹਾ ਕਰ ਦਿੱਤਾ ਤਾਂ ਬਾਬਾ ਰਾਮ ਸਿੰਘ ਨੇ ਕਿਹਾ : 'ਜੇ ਤੁਸੀਂ ਠੀਕ ਸਿੱਖੀ ਦੇ ਪਾਬੰਦ ਹੋਵੋਂ ਤਾਂ ਤੁਹਾਨੂੰ ਸਾਡੇ ਤਰੀਕਿਆਂ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਤੁਸੀਂ ਮਾਸ ਖਾਣ, ਸ਼ਰਾਬ ਪੀਣ, ਕੂੜ ਮਾਰਨ, ਵਿਭਚਾਰ ਅਤੇ ਕੁੜੀਆਂ ਮਾਰਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦਾ ਉਲੰਘਣ ਕਰਦੇ ਹੋ, ਇਸ ਲਈ ਕੂਕੇ ਤੁਹਾਨੂੰ ਸਿੱਖ ਨਹੀਂ ਸਮਝਦੇ। ਕੂਕਾ ਲਹਿਰ ਦਾ ਸਮਾਜਕ ਆਧਾਰ ਗਰੀਬ ਤੇ ਦਲਿਤ ਸਿੱਖਾਂ, ਛੋਟੇ ਜ਼ਿਮੀਂਦਾਰਾਂ, ਮੁਸਲਮਾਨਾਂ ਵਿਚ ਸੀ। ਇਸ ਤਰ੍ਹਾਂ ਨਿਰੰਕਾਰੀ ਸੰਪ੍ਰਦਾਇ ਕ੍ਰਮਵਾਰ ਰਾਜਸੀ ਦ੍ਰਿਸ਼ਟੀ ਦੀ ਅਣਹੋਂਦ ਕਾਰਨ ਨਿੱਜੀ ਅਕੀਦੇ ਤੱਕ ਸੁੰਗੜ ਗਿਆ ਅਤੇ ਨਾਮਧਾਰੀਆਂ ਨੂੰ ਰਾਜਸੀ ਅਤੇ ਖਾੜਕੂ ਸਰਗਰਮੀ ਕਾਰਨ ਦਬਾਇਆ ਗਿਆ। ਪਿੱਛੋਂ ਹੋਏ ਨਾਮਧਾਰੀ ਆਗੂਆਂ ਨੇ ਅੰਗਰੇਜ਼ ਵਿਰੋਧ ਨੂੰ ਛੱਡ ਦਿੱਤਾ ਅਤੇ ਹੋਰ ਸੰਪਰਦਾਵਾਂ ਵਾਂਗ ਵਿਚਰਨ ਲੱਗੇ।

ਸਾਂਝੇ ਪੰਜਾਬ ਦਾ ਸ਼ਾਹ ਮੁਹੰਮਦ ਦਾ ਸੰਕਲਪ ਇਸ ਤਰ੍ਹਾਂ 14ਵੀਂ ਸਦੀ ਦੇ ਦੂਜੇ ਅੱਧ ਤੱਕ ਖਿੱਲਰ-ਪੁੱਲਰ ਗਿਆ ਸੀ। ਸੈਨਿਕ-ਰਾਜਨੀਤਿਕ ਖੇਤਰ 'ਚ ਹਾਰ ਕੇ, ਅਧਿਆਤਮਕ ਗਿਆਨ ਦੀ ਹਨ੍ਹੇਰੀ ਕੰਦਰ 'ਚ ਵੜ ਕੇ ਆਪਣੇ ਸਮਾਜਕ ਫ਼ਰਜ਼ ਵੱਲੋਂ ਬੇਮੁਖ ਹੋ ਕੇ, ਫ਼ਿਰਕਾਦਾਰਾਨਾ ਵੰਡੀਆਂ ਰਾਹੀਂ ਸਰਕਾਰ ਦੇ ਏਜੰਡੇ ਨੂੰ ਪੂਰਾ ਕਰ ਕੇ ਖ਼ੁਦ ਨੂੰ ਮਜ਼ਹਬੀ ਆਗੂ ਦਰਸਾਉਣ ਦਾ ਅਤੇ ਧਰਮ / ਪੰਥ / ਦੀਨ ਨੂੰ ਖ਼ਤਰੇ 'ਚੋਂ ਦਿਖਾ ਕੇ ਆਪਣੀ ਦੂਵੱਲੀ ਪੋਜ਼ੀਸ਼ਨ ਨੂੰ ਤਕੜਿਆਂ ਕਰਨ ਦਾ ਕੰਮ ਜੜ੍ਹ ਫੜ ਗਿਆ ਸੀ। ਬਾਬਾ ਨਾਨਕ ਦੀ ਬਾਬਰਵਾਣੀ ਦਾ ਵੇਲਾ ਜ਼ਰੂਰ ਕੁਝ ਅਜਿਹਾ ਹੀ ਹੋਵੇਗਾ।

'ਹਉ ਭਾਲਿ ਵਿਕੁੰਨੀ ਹੋਈ।
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥'

ਬਾਬਾ ਨਾਨਕ ਵੱਲੋਂ ਸੰਕਲਪੇ ਹਿੰਦੁਸਤਾਨ ਦੀ ਉਸਾਰੀ ਗੁਰੂ ਗ੍ਰੰਥ ਰਾਹੀਂ ਹੁੰਦੀ ਅਤੇ ਖਾਲਸਾ ਸਿਰਜਣਾ ਰਾਹੀਂ ਲੋਕ-ਲਹਿਰ 'ਚ ਵਟਦੀ ਹੋਈ ਮਿਸਲਾਂ ਅਤੇ ਮਹਾਰਾਜੇ ਤੱਕ ਪਹੁੰਚ ਕੇ ਪੰਜਾਬ ਦੇ ਭੂਗੋਲਿਕ ਦਿਸਹੱਦੇ ਤੱਕ ਰਹਿ ਗਈ ਸੀ। ਇਸ ਭੂਗੋਲਿਕ ਖਿੱਤੇ ਦੇ ਸੱਭਿਆਚਾਰਕ ਜੁੱਸੇ ਵਿਚ ਗੁਰੂ ਗ੍ਰੰਥ ਦੇ ਹਿੰਦੁਸਤਾਨ ਦੀ ਸੰਭਾਵਨਾ ਹੀ ਸ਼ਾਇਦ ਬਾਕੀ



ਰਹਿ ਗਈ ਸੀ।

ਸ਼ਹਿਰੀ ਵਸਦੀਆਂ ਨਿੱਕ-ਮੱਧਲੀਆਂ ਜਮਾਤਾਂ ਨੇ ਅੰਗਰੇਜ਼ਾਂ ਵੱਲੋਂ ਸਥਾਪਿਤ ਨਿਜ਼ਾਮ ਤੋਂ ਆਰਥਿਕ-ਸਮਾਜਕ ਫ਼ਾਇਦਾ ਲੈਂਦਿਆਂ ਆਪਸ ਵਿਚ ਆਰੀਆ ਸਮਾਜ, ਸਿੰਘ ਸਭਾ ਅਤੇ ਅੰਜੁਮਨੇ ਪੰਜਾਬ ਰਾਹੀਂ ਸੰਸਥਾਬੱਧ ਢੰਗ ਨਾਲ ਪੰਜਾਬ ਦੇ ਬਟਵਾਰੇ ਦੀ ਜ਼ਮੀਨ ਤਿਆਰ ਕਰ ਦਿੱਤੀ। ਧਰਮ ਨੂੰ ਹੁਣ ਬਾਹਰਮੁਖੀ ਚਿੰਨ੍ਹਾਂ ਰਾਹੀਂ ਕਿਰਿਆਸ਼ੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ। ਪਿੰਡਾਂ 'ਚ ਸਾਂਝੀਆਂ ਰਵਾਇਤਾਂ ਦੇ 'ਸੁਧਾਰ' ਨੂੰ ਨਵੇਂ ਧਾਰਮਿਕ ਸਮੂਹਾਂ ਵੱਲੋਂ ਪ੍ਰਵਾਨਗੀ ਦਿੱਤੀ ਗਈ। ਸਰਕਾਰੀ ਤੌਰ 'ਤੇ ਕਾਨੂੰਨੀ ਪਾਸ ਕਰਵਾ ਪਰੰਪਰਾ ਜਾਂ ਰਵਾਇਤ ਨੂੰ ਸਥਿਰ ਕਰ ਦਿੱਤਾ ਗਿਆ। ਸ਼ੁੱਧ ਸਿੱਖੀ, ਸ਼ੁੱਧ ਹਿੰਦੂ, ਆਰੀਆ ਅਤੇ ਸ਼ੁੱਧ ਮੁਸਲਮਾਨ ਅੰਗਰੇਜ਼ੀ ਸਰਕਾਰ ਦੇ ਸਭ ਤੋਂ ਪੱਕੇ ਸਮਰਥਕ ਬਣ ਗਏ।

## 5

ਪੰਜਾਬ ਦੇ ਪਿੰਡਾਂ ਵਿਚ ਤਮਾਮ ਸਨਾਤਨੀ ਰਹੁ-ਰੀਤਾਂ ਦੇ ਬਾਵਜੂਦ ਖਾਲਸੇ ਦਾ ਇਨਸਾਫ਼ ਪਸੰਦਗੀ ਵਾਲਾ ਅਕਸ ਬਰਕਰਾਰ ਸੀ। ਅਨੁਮਾਨ ਹੈ ਕਿ ਵੇਦਾਂਤੀ ਫਲਸਫੇ 'ਚ ਢਲੇ ਹੋਏ ਨਿਰਮਲ ਅਖਾੜੇ ਵਾਲੇ ਸ਼ਾਇਦ ਉਸ ਸਮੇਂ ਸਿੰਘ ਸਭਾ ਦੇ ਮੁਕਾਬਲੇ ਇੱਕਮਾਤਰ ਜਥੇਬੰਦ ਤਾਕਤ ਸਨ। ਜੇ ਸਿੰਘ ਸਭਾ ਨੇ ਆਧੁਨਿਕ ਪ੍ਰਸਾਰ ਸਾਧਨਾਂ ਰਾਹੀਂ ਪ੍ਰਚਾਰ ਕੀਤਾ ਤਾਂ ਡੇਰਿਆਂ ਰਾਹੀਂ, ਕਵੀਸ਼ਰਾਂ ਰਾਹੀਂ ਅਤੇ ਸਥਾਨਕ ਮੇਲਿਆਂ ਰਾਹੀਂ ਪੰਜਾਬੀ ਬੰਦੇ ਦੇ ਨੇੜੇ-ਤੇੜੇ ਦੀ ਗੱਲ ਵੀ ਆਪਣੀ ਮਟਕ ਚਾਲ ਤੁਰਦੀ ਰਹੀ। ਮਾਲਵੇ ਵਿਚ ਕਵੀਸ਼ਰਾਂ ਅਤੇ ਦੁਆਬੇ, ਮਾਝੇ ਵਿਚ ਢਾਡੀਆਂ ਨੇ ਮਾਨਵਵਾਦੀ, ਗੈਰ-ਫਿਰਕਾਦਾਰਾਨਾ ਸਿੱਖੀ ਦੀ ਅਲਖ ਜਗਾਈ ਰੱਖੀ ਅਤੇ ਨਾਲ ਹੀ ਸਥਾਨਕ ਗਾਥਾਵਾਂ ਨੂੰ ਪੰਜਾਬੀ ਕਲਾਸਕੀ ਕਿੱਸੇ ਅਤੇ ਸਿੱਖੀ ਨਾਲ ਜੋੜਨ ਦਾ ਕੰਮ ਤੋਰੀ ਰੱਖਿਆ। ਮਹਿਰਾਜ ਦਾ ਮਹਾਨ ਕਵੀਸ਼ਰ ਭਗਵਾਨ ਸਿੰਘ ਮਿਰਜ਼ੇ ਦੀ ਬੱਕੀ ਦੇ ਭੈਣ-ਭਰਾ ਦਾ ਜ਼ਿਕਰ ਕਰਦਿਆਂ ਪਿੰਡਾਂ ਦੇ ਵਿਸ਼ਵਾਸ-ਜਗਤ ਦੀ ਜੁਗਤ ਦਾ ਸਿਰ ਉੱਚਾ ਕਰ ਦਿੰਦਾ ਹੈ :

'ਅਰਸ਼ੋਂ ਉੱਤਰੇ ਅੱਠ ਜਣੇ ਦੋ ਭੈਣਾਂ ਛੀ ਭਰਾ।
ਅੱਵਲ ਘੋੜਾ ਗੁਰੂ ਦਾ, ਸਭ ਧਰਮੀ ਲਈ ਝੁਕਾ।
ਧਰਮ ਰੱਖਿਆ ਹਿੰਦਵਾਨ ਦਾ, ਦਿੱਤੇ ਦੁਸ਼ਤ ਮੁਕਾ।
ਅਮਰ ਸਿੰਘ ਦਾ ਦੁਸਟਾ, ਗਿਆ ਰਠੌਰੀ ਚਾ।
ਦੁਲਦੁਲ ਅਲੀ ਨੇ ਪਾਲਿਆ, ਦੁੱਧ ਮਲੀਦੇ ਪਾ।
ਨੀਲਾ ਗੁੱਗੇ ਜਵਾਨ ਦਾ, ਵਿਚ ਧਰਤੀ ਗਿਆ ਸਮਾ।
ਕਾਲਾ ਰਸਾਲੂ ਨੇ ਲੈ ਲਿਆ, ਸਿਆਲ ਕੋਟ ਦੀ ਜਾ।
ਤੋਰ ਭਾਈ ਦੁੱਲੇ ਕਾਠ ਦਾ, ਜੰਗ ਅਕਬਰ ਨਾਲ ਜਗਾ।
ਕੱਕੀ ਸਖੀ ਸੁਲਤਾਨ ਦੀ, ਚਾਰੇ ਕੂੰਟਾਂ ਲਈਆਂ ਨਿਵਾ।
ਬੱਕੀ ਮਿਰਜ਼ੇ ਖਾਨ ਦੀ, ਸਾਹਿਬਾਂ ਲਈ ਛੁਡਾ।'

ਪੰਜਾਬੀ ਸੱਭਿਆਚਾਰ ਅਤੇ ਇਤਿਹਾਸ ਦੇ ਲੋਕ-ਨਾਇਕਾਂ ਨੂੰ ਘੋੜੇ ਦੀ ਵਿਚੋਲਗੀ ਰਾਹੀਂ ਇਕ ਦੂਜੇ ਦੇ ਸੰਗੀ-ਸਾਥੀ ਵਜੋਂ ਦਰਸਾਇਆ ਗਿਆ ਹੈ। ਮੇਰੇ ਮੁਜਬ ਇਹ ਉਸ ਦੌਰ ਦੇ ਪੇਂਡੂ ਮਾਨਸਿਕ-ਜਗਤ ਦਾ ਪ੍ਰਮਾਣਿਕ ਦਰਤਾਵੇਜ਼ ਹੈ। ਦਰਅਸਲ, ਕਵੀਸ਼ਰਾਂ ਅਤੇ ਢਾਡੀਆਂ ਦੀ ਪੰਜਾਬੀ ਸਮਾਜ 'ਚ ਜੜ੍ਹਤ ਨੂੰ ਗਹੁ ਨਾਲ ਵੇਖਿਆ ਕਈ ਇਤਿਹਾਸਕ ਗੁੰਝਲਾਂ ਖੁੱਲ੍ਹਦੀਆਂ ਹਨ। ਪ੍ਰੰਪਰਕ ਸਿੱਖਿਆ-ਪ੍ਰਣਾਲੀ ਤੋਂ ਉਹ ਭਾਰਤੀ ਪਰੰਪਰਾ, ਇਸਲਾਮੀ ਪਰੰਪਰਾ ਅਤੇ ਸਿੱਖ-ਇਤਿਹਾਸ ਅਤੇ ਗੁਰਮਤ ਦਾ ਅਧਿਐਨ ਕਰਦੇ ਸਨ। ਸ਼ਹਿਰਾਂ 'ਚ ਚੱਲਦੀ ਵਾਰਤਾ ਉਨ੍ਹਾਂ ਰਾਹੀਂ ਛਣ ਕੇ ਪੇਂਡੂ ਸੱਥਾਂ 'ਚ ਪਹੁੰਚਦੀ ਸੀ। ਵਿਦਵਾਨ ਹੋਣ

ਕਾਰਨ ਨੇੜੇ-ਤੇੜੇ 'ਚ ਉਹਨਾਂ ਦਾ ਪ੍ਰਭਾਵ ਸੀ ਅਤੇ ਲੋਕਾਂ ਦੀ ਜਗਿਆਸਾ ਦੇ ਸਾਧਨ ਸਨ। ਸੱਥਾਂ ਦੇ ਬੋਲ, ਖੇਤਾਂ ਦੀ ਸੱਦ, ਵਿਆਹਾਂ ਦੇ ਪੱਤਲ, ਸਿਹਰੇ ਤੋਂ ਲੈ ਕੇ ਇਤਿਹਾਸ, ਮਿਥਿਹਾਸ ਨੂੰ ਕਾਵਿ-ਬੱਧ ਕਰਦੇ ਸਨ। ਉਹਨਾਂ ਦੇ ਚੇਲੇ ਕਵੀਸ਼ਰੀ ਦੇ ਫੈਲਾਅ ਲਈ ਕਾਰਗਾਰ ਸਨ। ਲੱਖਾਂ ਦੀ ਗਿਣਤੀ 'ਚ ਇਹਨਾਂ ਦੇ ਚਿੱਠੇ ਵਿਕਦੇ ਸਨ। ਇਉਂ ਇਕ ਪੂਰਾ ਸੰਸਾਰ ਇਹਨਾਂ ਦੇ ਗਿਰਦ ਘੁੰਮਦਾ ਸੀ। ਸਿੱਖੀ ਬਾਰੇ ਇਹਨਾਂ ਦੀ ਪਹੁੰਚ ਅਤੇ ਇਸ ਦੇ ਪ੍ਰਚਾਰ-ਪ੍ਰਸਾਰ ਨੂੰ ਸਿੰਘ ਸਭਾ ਲਹਿਰ ਦੇ ਮੁਕਾਬਲੇ ਰੱਖਿਆ ਜਾ ਸਕਦਾ ਹੈ। 20ਵੀਂ ਸਦੀ ਦੀ ਸ਼ੁਰੂਆਤ ਅਜਿਹੇ ਹਾਲਾਤ ਵਿਚ ਹੋਈ।

ਜਲ੍ਹਿਆਂਵਾਲਾ ਬਾਗ ਦਾ ਖ਼ੂਨੀ ਸਾਕਾ ਆਜ਼ਾਦੀ ਦੀ ਲੜਾਈ ਨੂੰ ਸਾਰੇ ਦੇਸ਼ ਵਿਚ ਸੜਕਾਂ 'ਤੇ ਲੈ ਆਉਂਦਾ ਹੈ। ਸੰਵਿਧਾਨਕ ਤਰੀਕੇ ਤਜ ਕੇ ਅੰਗਰੇਜ਼ ਦਾ ਦਾਬਾ ਅਤੇ ਡਰ ਗਾਇਬ ਹੋ ਜਾਂਦਾ ਹੈ ਅਤੇ ਪਹਿਲੀ ਵਾਰ ਹਿੰਦੁਸਤਾਨੀ ਜਮਹੂਰੀ ਢਾਂਚੇ ਵਿਚ ਆਧੁਨਿਕ ਢੰਗ ਨਾਲ ਸਾਮਰਾਜਵਾਦ ਵਿਰੋਧੀ ਲਹਿਰ ਦੀ ਉਸਾਰੀ ਕਰਦੇ ਹਨ। ਇਸ ਤਰ੍ਹਾਂ ਪ੍ਰਵਚਨ ਦੇ ਪੱਧਰ 'ਤੇ ਅੰਗਰੇਜ਼ੀ ਰਾਜ ਪੰਜਾਬ 'ਤੇ 70ਕੁ ਸਾਲ ਹੀ ਰਿਹਾ। (ਰਾਜਸੀ ਤੌਰ ਤੇ 88 ਸਾਲ) ਸਧਾਰਣ ਪੰਜਾਬੀ ਤੋਂ ਫਾਸਲੇ 'ਤੇ ਹੀ ਰਹੇ ਸਾਮਰਾਜ ਦੀ ਤਸਵੀਰ 'ਦਗਾਬਾਜ਼ ਫਿਰੰਗੀ' ਵਾਲੀ ਹੀ ਰਹੀ। 1919 ਦੇ ਵਿਸਾਖ ਤੋਂ ਬਾਅਦ ਅੰਗਰੇਜ਼ ਪ੍ਰਸਤੀ ਨੂੰ 'ਟੋਡੀ ਬੱਚੇ' ਦਾ ਖਿਤਾਬ ਦਿੱਤਾ ਜਾਣ ਲੱਗਾ। ਮਨਮੁਖ, ਤੁਰਕ, ਸੈਦਾ ਕਾਣਾ ਅਤੇ ਫਿਰੰਗੀ ਤੋਂ ਬਾਅਦ 'ਟੋਡੀ ਬੱਚੇ' ਨੂੰ ਪੰਜਵੀ ਰਹਿਤਲ ਦੀ ਦੋਖੀ ਪ੍ਰਵਿਰਤੀ ਦੇ ਸੂਚਕ ਵਜੋਂ ਲੋਕ-ਮਨ 'ਚ ਜਗ੍ਹਾ ਮਿਲੀ। (1947 ਤੋਂ ਹੁਣ ਤੱਕ ਲਗਦਾ ਹੈ ਕਿ 'ਚਿੱਟੇ ਬਗਲੇ' ਅਤੇ 'ਨੀਲੇ ਮੋਰ' ਵੀ ਇਸੇ ਕੜੀ ਦੇ ਹਿੱਸੇ ਹਨ।) 1919 ਦੇ ਗੇੜ 'ਚ ਜੁਆਨ ਹੋਈ ਪੀੜ੍ਹੀ ਦੀ ਰਾਜਨੀਤਕ ਸਰਗਰਮੀ ਨੇ ਪੰਜਾਬ ਦੇ ਹਰ ਸ਼ੁਹਬੇ ਨੂੰ ਅਸਰ ਅੰਦਾਜ਼ ਕੀਤਾ।

'ਪਗੜੀ ਸੰਭਾਲ ਜੱਟਾ' ਤੋਂ ਸ਼ੁਰੂ ਹੋਏ ਅੰਦੋਲਨ, ਪਹਿਲੀ ਸੰਸਾਰ ਜੰਗ ਦਾ ਛਿੜਨਾ, ਗਦਰ ਲਹਿਰ ਦਾ ਆਰੰਭ, ਮਾਰਸ਼ਲ ਲਾਅ ਅਤੇ ਮਹਿੰਗਾਈ ਦੀ ਮਾਰ ਨੇ ਪੰਜਾਬੀ ਮਾਣਸ ਨੂੰ ਝੰਜੋੜ ਸੁੱਟਿਆ। ਚੀਫ ਖਾਲਸਾ ਦੀਵਾਨ ਅਤੇ ਸਿੰਘ ਸਭਾ ਲਹਿਰ ਇਹਨਾਂ ਮਸਲਿਆਂ ਤੋਂ ਨਿਰਲੇਪ ਸਨ ਅਤੇ ਸਿੱਖੀ ਦੇ ਸੰਪਰਦਾਈ ਢਾਂਚੇ ਨੂੰ ਹਰ ਪੱਧਰ 'ਤੇ ਮਜ਼ਬੂਤ ਕਰ ਰਹੇ ਹਨ। ਪਹਿਲੇ ਦੌਰ 'ਚ ਉਨ੍ਹਾਂ ਦੇ ਆਸ਼ਿਆਂ ਨੂੰ ਸਿੱਖ ਜਨਤਾ ਦਾ ਹੁੰਗਾਰਾ ਮਿਲਿਆ ਸੀ ਪਰ ਬਾਅਦ ਵਿੱਚ ਰਾਜਭਗਤੀ ਦੇ ਆਚਰਣ ਨੇ ਸਿੱਖੀ ਦੇ ਬੋਧ ਲਈ ਵੱਖਰਾ ਰਾਹ ਲੱਭ ਲਿਆ। ਮਾ. ਸੁੰਦਰ ਸਿੰਘ ਲਾਇਲਪੁਰੀ ਨੇ ਕਿਹਾ : 'ਸਿੱਖ ਆਗੂਆਂ, ਗੁਰੂਦੁਆਰਿਆਂ ਦੇ ਮਹੰਤਾਂ ਤੇ ਰਾਜਿਆਂ ਨੇ ਅੰਗਰੇਜੀ ਰਾਜ ਦੀ ਵਫਾਦਾਰੀ ਤੇ ਰਾਜਭਗਤੀ ਨੂੰ ਧਰਮ ਬਣਾ ਕੇ ਸਿੱਖ ਕੌਮ ਨੂੰ ਦੁਨੀਆਂ ਵਿੱਚ ਬਦਨਾਮ ਕਰ ਕੇ ਰੱਖ ਦਿੱਤਾ ਹੈ। ਹੁਣ ਸਾਨੂੰ ਮੈਦਾਨ ਵਿੱਚ ਨਿੱਤਰ ਕੇ ਕੁਝ ਕਰਨਾ ਹੀ ਪਵੇਗਾ।' ਗਦਰੀ ਬਾਬਿਆਂ ਦੀ ਬੇਮਿਸਾਲ ਸ਼ਹਾਦਤ, ਸਾਮਰਾਜ-ਵਿਰੋਧੀ ਸਿਦਕ ਅਤੇ ਸਿੱਖੀ ਸਰੂਪ ਦੀ ਇਤਿਹਾਸਕ ਸਿਮਰਤੀ ਨੇ ਗੁਰੂ ਗ੍ਰੰਥ ਦੇ ਹਿੰਦੁਸਤਾਨੀ ਪ੍ਰਾਜੈਕਟ ਨੂੰ ਫਿਰ ਲੋਅ ਦਿੱਤੀ। ਹਿੰਦੂ ਜਾਂ ਮੁਸਲਮਾਨ ਦੇ ਸਾਂਝੇ ਤਸੱਵਰ ਲਈ ਪ੍ਰਕਿਰਿਆ ਦੀ ਸ਼ੁਰੂਆਤ ਆਜ਼ਾਦੀ ਦੀ ਜੱਦੋਜਹਿਦ ਸੀ ਜਿਸ ਵਿੱਚ ਕਿ ਸਾਰੇ ਹਿੰਦੀ ਸਨ, ਯਾਨੀ ਕਿ ਗੁਰਮੁਖ ਸਨ। ਅਕਾਲੀ ਲਹਿਰ, ਪਰਜਾ ਮੰਡਲ ਲਹਿਰ ਅਤੇ ਬੱਬਰ ਅਕਾਲੀ ਲਹਿਰ ਪੰਜਾਬ ਦੇ ਪੇਂਡੂ ਹਲਕਿਆਂ ਨੂੰ ਨਵੀਂ ਚੇਤਨਾ ਦੇਣ ਲੱਗੀਆਂ। ਜੱਥਿਆਂ 'ਚ ਹਿੱਸੇਦਾਰੀ, ਉਹਨਾਂ ਦੀ ਪਿੰਡਾਂ 'ਚ ਆਉਭਗਤ, ਸ਼ਹੀਦੀ ਸਾਕਿਆਂ ਦਾ ਜ਼ਿਕਰ ਅਤੇ ਪੰਜਾਬੀ ਕਿਰਸਾਣੀ ਦਾ ਆਰਥਿਕ ਸੰਕਟ - ਮਿਲ-ਜੁਲ ਕੇ ਅਜਿਹੀ ਜ਼ਮੀਨ ਤਿਆਰ ਕਰ ਰਹੇ ਸਨ ਕਿ ਜਿਸ ਵਿੱਚ ਸਿੰਘ ਸਭਾ ਤੋਂ ਪ੍ਰੇਰਿਤ ਕਕਾਰਵਾਦੀ ਸਿੱਖੀ ਦੇ ਬਰਅਕਸ ਇੱਕ ਇਨਸਾਫ ਪਸੰਦ ਸਿੱਖੀ ਦੀ ਸਿਰਜਣਾ ਵੀ ਚੱਲ ਰਹੀ ਸੀ। ਜਿਸ ਵਿਚ ਕਕਾਰ ਸਿੱਖ ਦੀ



ਬਾਹਰਮੁਖੀ ਪਛਾਣ ਦੇ ਚਿੰਨ੍ਹ ਨਾ ਹੋ ਕੇ ਕਰਾਰਾਂ ਪੱਕਿਆਂ ਦੀ ਨਿਸ਼ਾਨੀ ਸਨ।

ਇਸ ਬਹੁ-ਪਾਸਾਰੀ ਰਾਜਨੀਤਕ ਚੇਤਨਾ ਦਾ ਇਕ ਮਹੱਤਵਪੂਰਨ ਸਿਲਸਿਲਾ ਹੈ। ਸਿੱਖੀ ਤੋਂ ਆਪਣਾ ਸਫਰ ਸ਼ੁਰੂ ਕਰ ਕੇ ਸਮਾਜਵਾਦ ਤੱਕ ਪਹੁੰਚਣ ਦਾ। 'ਅਕਾਲੀ' ਤੋਂ ਲੈ ਕੇ 'ਕਿਰਤੀ' ਦੀ ਸ਼ੁਰੂਆਤ ਅਤੇ ਤੱਕ ਇਸ ਪ੍ਰਕਿਰਿਆ ਦੀ ਪ੍ਰੌਢਤਾ ਦਾ ਅੰਦਾਜ਼ਾ ਲੱਗ ਜਾਂਦਾ ਹੈ। ਰਾਜਨੀਤਕ ਪੱਧਰ 'ਤੇ ਸੋਹਨ ਸਿੰਘ ਜੋਸ਼ ਅਤੇ ਗਿਆਨੀ ਹੀਰਾ ਸਿੰਘ ਦਰਦ; ਸਾਹਿਤਕ-ਸਮਾਜਕ ਪੱਧਰ 'ਤੇ ਡਾ. ਦੀਵਾਨ ਸਿੰਘ ਕਾਲੇਪਾਣੀ ਅਤੇ ਬਾਵਾ ਬੁਧ ਸਿੰਘ; ਕਵੀਸ਼ਰਾਂ 'ਚੋਂ ਊਧਾ ਸਿੰਘ ਮਾਘੀ ਸਿੰਘ ਗਿੱਲ ਆਦਿਕ ਇਸ ਪ੍ਰਵਿਰਤੀ ਦੇ ਡੂੰਘੇ ਪ੍ਰਭਾਵ ਨੂੰ ਦੱਸਦੇ ਹਨ। ਇਹਨਾਂ ਵਿੱਚੋਂ ਗਿਆਨੀ ਹੀਰਾ ਸਿੰਘ ਦਰਦ ਦੀ 20ਵੀਂ ਸਦੀ ਦੇ ਪੰਜਾਬੀ ਜਗਤ ਨੂੰ ਲਾਸਾਨੀ ਦੇਣ ਹੈ।

ਗ਼ਦਰੀ ਬਾਬਿਆਂ ਦੀ ਬਾਣੀ ਨੇ ਪੰਜਾਬੀ ਸਰੋਕਾਰ ਅਤੇ ਸਿੱਖ ਵਿਰਸੇ ਦੀ ਸੰਸਾਰ ਭਰ ਵਿੱਚ ਜਾਰੀ ਲੋਕ-ਪੱਖ ਨਾਲ ਸਾਂਝ ਪੁਆਈ। ਇਹਨਾਂ ਮੁੱਢਲੇ ਯਤਨਾਂ ਤੋਂ ਬਾਅਦ 'ਦਰਦ' ਨੇ ਸਿੱਖੀ ਵਿਰਸੇ ਸਾਮਰਾਜ-ਵਿਰੋਧੀ ਕੌਮੀ ਮੁਕਤੀ ਲਹਿਰ ਰਾਹੀਂ ਇਨਕਲਾਬੀ ਸਮਾਜਵਾਦ ਨਾਲ ਜੋੜਿਆ। ਇਸ ਤਰ੍ਹਾਂ ਸਿੱਖ = ਦੇਸ਼ਭਗਤ = ਸਮਾਜਵਾਦੀ ਵਾਲਾ ਸਹਿਜ ਵਿਕਾਸ ਚੱਲ ਪਿਆ। 'ਫੁਲਵਾੜੀ' ਰਸਾਲੇ ਰਾਹੀਂ ਸਿੰਘ ਸਭਾ ਦੇ ਸਿੱਖ ਸੁਧਾਰਵਾਦੀ ਨਜ਼ਰੀਏ ਤੋਂ ਹੱਟ ਕੇ ਵਿਗਸ-ਮੌਲ ਰਹੀ ਸਾਂਝੀ ਪੰਜਾਬੀਅਤ ਦਾ ਪਲੇਟਫਾਰਮ ਬਣ ਗਿਆ। ਨਵੇਂ ਉੱਭਰ ਰਹੇ ਪੰਜਾਬੀ ਲੇਖਕਾਂ ਦੀਆਂ ਪਾਲਾਂ ਤਿਆਰ ਹੋਣ ਲੱਗੀਆਂ। ਮਜ਼ਹਬੀ ਪ੍ਰਾਪੇਗੰਡਾ ਤੋਂ ਹੱਟ ਕੇ ਸਾਂਝੇ ਪੰਜਾਬ ਦੀ ਵਿਚਾਰਕ ਉਸਾਰੀ ਲਈ ਪੰਜਾਬੀ ਬੋਲੀ ਦਾ ਮੋਢੀ ਰੋਲ ਮਿਥਿਆ ਗਿਆ ਅਤੇ 'ਸੈਂਟਰਲ ਪੰਜਾਬੀ ਸਭਾ' ਦੀ ਕਾਇਮੀ ਹੋਈ। ਵੱਡੇ ਸ਼ਹਿਰਾਂ ਵਿੱਚ ਪੰਜਾਬੀ ਕਵੀ ਦਰਬਾਰ ਅਤੇ ਪੰਜਾਬੀ ਕਾਨਫਰੰਸਾਂ ਹੋਣ ਲੱਗੀਆਂ। ਸਟੇਜੀ ਕਵਿਤਾ ਰਾਹੀਂ ਰਾਜਸੀ ਨਿਸ਼ਾਨੇ, ਸਮਾਜਕ ਸੁਧਾਰ ਅਤੇ ਆਦਰਸ਼ ਜ਼ਿੰਦਗੀ ਦੇ ਤਸੱਵਰ ਨੂੰ ਬੀੜਿਆ ਗਿਆ। 'ਦਰਦ' ਦੀਆਂ ਜਲ੍ਹਿਆਂਵਾਲੇ ਸਾਕੇ ਤੇ ਲਿਖਿਆ 'ਤੈਂ ਕੀ ਦਰਦ ਆਇਆ' ਅਤੇ 'ਆਨੰਦਪੁਰੀ ਪ੍ਰੀਤਮ ਦੇ ਦਰਸ਼ਨ ਮਾਛੀਵਾੜੇ ਦੇ ਜੰਗਲਾਂ ਵਿੱਚ' ਸਾਰੇ ਪੰਜਾਬ 'ਚ ਮਸ਼ਹੂਰ ਹੋ ਗਈਆਂ। ਸੈਂਟਰਲ ਪੰਜਾਬੀ ਸਭਾ ਵਿੱਚ ਸਿੱਖ (ਦਰਦ, ਕਾਲੇਪਾਣੀ, ਸ਼ਹੀਦ, ਬਾਵਾ ਬੁਧ ਸਿੰਘ, ਕਰਮ ਸਿੰਘ ਹਿਸਟੋਰੀਅਨ ਆਦਿ), ਹਿੰਦੂ (ਲਾਲਾ ਕਿਰਪਾ ਧਨੀ ਰਾਮ ਚਾਤ੍ਰਿਕ, ਈਸ਼ਵਰ ਚੰਦਰ ਨੰਦਾ ਆਦਿ) ਅਤੇ ਮੁਸਲਮਾਨ (ਮੌਲਾ ਬਖਸ਼ ਕੁਸ਼ਤਾ, ਫ਼ੀਰੋਜ਼ ਦੀਨ ਸਰਫ) ਨੇ ਸੁਚੇਤ ਹੋ ਕੇ ਸਾਂਝੇ ਪੰਜਾਬੀ ਉਸਾਰ ਲਈ ਤਵਾਰੀਖੀ ਰੋਲ ਅਦਾ ਕੀਤਾ। ਖ਼ੁਦ ਦਰਦ ਜੀ ਦੀ ਬੇਦਾਗ, ਸਿਦਕੀ ਸ਼ਖਸੀਅਤ, ਰਾਜਨੀਤਕ ਦ੍ਰਿੜਤਾ, ਸੰਪਾਦਕੀ ਕੌਸ਼ਲ, ਜੱਥੇਬੰਦਕ ਊਰਜਾ ਅਤੇ ਸਾਹਿਤਕ ਪ੍ਰਤੀਬੱਧਤਾ ਨੇ ਪੰਜਾਬੀ ਚਿੰਤਨ ਦੀ ਬਲਵਾਨ ਪਰੰਪਰਾ ਨੂੰ ਪੁਨਰ-ਸਿਰਜਿਤ ਕੀਤਾ ਅਤੇ ਪੰਜਾਬੀ ਲੇਖਕ ਅਖਵਾਉਣ ਵਾਲਿਆਂ ਲਈ ਪ੍ਰਤਿਮਾਨ ਨਿਸ਼ਚਿਤ ਕੀਤੇ। ਐਸਾ ਸੰਘਣਾ ਪ੍ਰਾਜੈਕਟ ਦਸਾਂ ਗੁਰੂਆਂ ਦੀ ਘਾਲਣਾ ਚੇਤੇ ਕਰਵਾਉਂਦਾ ਹੈ। ਕਈ ਮਾਰਕਸੀ ਸੂਝਵਾਨ ਰੂਸੀ ਬਾਲਸ਼ਵਿਕਾ ਨੂੰ ਅਜਿਹਾ ਦਰਜਾ ਦਿੰਦੇ ਹਨ। ਨਵੇਂ ਪੰਜਾਬੀ ਪ੍ਰਵਚਨ ਦੀ ਸਿਰਜਣਾ ਅਤੇ ਸਿੱਖੀ ਦੀ reconstitution ਦਰਦ ਜੀ ਦੀ ਯਾਦਗਾਰ ਰਹੇਗੀ। (ਯਕੀਨਨ ਹੀ ਪ੍ਰੋ. ਪੂਰਨ ਸਿੰਘ ਇਸ ਵਿਚਾਰ-ਮੰਡਲ ਤੋਂ ਬਾਹਰ ਨਹੀਂ ਸਨ।) ਸਿੱਖੀ, ਹੁਣ ਸਾਮਰਾਜ ਵਿਰੋਧੀ ਪੈਂਤੜੇ ਰਾਹੀਂ ਸਮਾਜਵਾਦੀ ਤਾਕਤਾਂ ਨਾਲ ਕੌਮਾਂਤਰੀ ਪੱਧਰ 'ਤੇ ਬਗਲਗੀਰ ਸੀ। ਭਾਈ ਸੰਤੋਖ ਸਿੰਘ ਧਰਦਿਉ ਦੀ ਲੈਨਿਨ ਨਾਲ ਮੁਲਾਕਾਤ ਅਤੇ ਫਿਰ ਪੰਜਾਬ ਆ ਕੇ 'ਕਿਰਤੀ' ਜਾਰੀ ਕਰਨਾ ਇਸੇ ਸਿਲਸਿਲੇ ਨੂੰ ਦਰਸਾਉਂਦਾ ਹੈ।

ਫੁਲਵਾੜੀ ਦਾ ਇਕ ਪੱਕਾ ਪਾਠਕ ਕਵੀਸ਼ਰ, ਮਾਘੀ ਸਿੰਘ ਗਿੱਲ ਵੀ ਸੀ। ਉਸ ਦੀ

ਫਾਈਲ ਵਿਚ ਫੁਲਵਾੜੀ ਵਿਚ ਛਾਪੇ ਲੇਖਾਂ ਦੀਆਂ ਕਾਤਰਾਂ ਗੂੰਦ ਨਾਲ ਚਪੇਟੀਆਂ ਹੋਈਆਂ ਹਨ। ਮਾਘੀ ਸਿੰਘ ਦੇ ਹਾਣੀ ਦੋ ਮਹਾਨ ਕਵੀਸ਼ਰ ਬਾਬੂ ਰਜਬ ਅਲੀ ਅਤੇ ਸਾਧੂ ਦਯਾ ਸਿੰਘ ਆਰਿਫ਼ ਹਨ। ਖ਼ੂਬਸੂਰਤੀ ਇਹ ਹੈ ਕਿ ਇਹ ਤਿੰਨੇ ਵੇਦਾਂਤੀ ਵੀ ਹਨ ਅਤੇ ਅਦਵੈਤ ਰਾਹੀਂ ਸਾਂਝੀਵਾਲਤਾ ਤੱਕ ਪਹੁੰਚ ਬਣਾਉਂਦੇ ਹਨ। ਫਿਰਕੂ ਵੰਡੀਆਂ ਅਤੇ ਜਾਤਪਾਤ ਇਹਨਾਂ ਨੂੰ ਪੰਜਾਬੀ ਰਹਿਤਲ ਦਾ ਵਿਗਾੜ ਮੰਨਦੇ ਹਨ। ਸਾਹੋਕੇ ਦਾ ਬਾਬੂ ਰਜਬ ਅਲੀ ਤਾਂ ਸਾਂਝੇ ਪੰਜਾਬ ਦਾ ਕਾਵਿ-ਸ਼ਾਸਤਰ ਵੀ ਸਿਰਜ ਲੈਂਦਾ ਹੈ :

'ਸਿਆਣੇ ਉਸ ਨੂੰ ਸਿਆਣਾ ਸਮਝਣ ਜੀ,
ਜਿਹੜਾ ਸ਼ਾਇਰ ਨਜ਼ਮ ਬਣਾਵੇ ਸਾਂਝੀ, ਸੁਨਣ ਤਿੰਨ ਕੌਮਾਂ।'

ਇਸ ਤਰ੍ਹਾਂ ਅੱਡਰੇ ਸੋਮਿਆਂ ਤੋਂ ਚੱਲ ਕੇ ਸਾਂਝੀ ਪੰਜਾਬੀਅਤ ਦੇ ਮਾਨਵਵਾਦੀ ਏਜੰਡੇ ਤੱਕ ਪਹੁੰਚੀ ਮਾਨਸਿਕਤਾ ਆਪਣੇ ਰਾਜਨੀਤਕ ਵਿਵੇਕ ਦੇ ਸਿਖਰ ਨੂੰ ਪਹੁੰਚਦੀ ਹੈ, ਭਗਤ ਸਿੰਘ ਦੀ ਸ਼ਹਾਦਤ ਦੇ ਰੂਪ ਵਿਚ। ਜਿਸ ਦਾ ਨਾ ਤਾਂ ਪਹਿਰਾਵਾ ਹੀ ਸਿੱਖਾਂ ਵਾਲਾ ਸੀ ਅਤੇ ਨਾ ਹੀ ਉਸਦੇ ਵਿਚਾਰ-ਪ੍ਰਬੰਧ ਵਿਚ ਸਿੱਖੀ ਬਾਰੇ ਕੋਈ ਗੰਭੀਰ ਚਿੰਤਨ ਹੀ ਮਿਲਦਾ ਹੈ। 23 ਮਾਰਚ, 1982 ਨੂੰ ਪਾਸ਼ ਆਪਣੀ ਡਾਇਰੀ ਵਿਚ ਲਿਖਦਾ ਹੈ :

'ਆਪਣੀ ਮੌਤ ਦੇ ਵਕਤ ਉਹ ਇਕੱਲਾ ਸੀ ਰੱਬ ਵਾਂਗ
ਪਰ ਉਹ ਰੱਬ ਵਾਂਗ ਨਿਸੱਤਾ ਨਾ ਸੀ।'

23ਵੇਂ ਸਾਲ ਵਿਚ ਸ਼ਹਾਦਤ ਅਤੇ ਭਾਈ ਸੰਤੋਖ ਸਿੰਘ ਦੀ 35ਵੇਂ ਸਾਲ ਵਿਚ ਬੇਵਕਤੀ ਮੌਤ ਨੇ ਪੰਜਾਬੀ ਰਹਿਤਲ ਦਾ ਬੇਓੜਕ ਨੁਕਸਾਨ ਕੀਤਾ ਅਤੇ ਰਹਿੰਦੀ ਕਸਰ '47 ਦੇ ਉਜਾੜੇ ਨੇ ਪੂਰੀ ਕਰ ਦਿੱਤੀ। ਸਾਂਝੀ ਪੰਜਾਬੀਅਤ ਦਾ ਇਕ ਜੀਵੰਤ ਹਿੱਸਾ ਪੰਜਾਬੀ ਮੁਸਲਮਾਨ ਵਿਛੜ ਗਏ। ਹੜ੍ਹਿਆਏ ਸਤਲੁਜ ਵਿਚ ਸਰਸਾ ਦਾ ਪ੍ਰਛਾਵਾਂ ਇਸ ਅਜਿਹਾ ਸੀ ਕਿ 'ਪਰਿਵਾਰ ਵਿਛੋੜੇ' ਦਾ ਸੱਲ ਅੱਜ ਤੱਕ ਜਿਉਂਦਾ ਹੈ। ਹਾਸ਼ਮ, ਕਾਦਰਯਾਰ ਅਤੇ ਸ਼ਾਹ ਮੁਹੰਮਦ ਨੇ ਜਿਹੜੀ ਪੰਜਾਬੀਅਤ ਨੂੰ 19ਵੀਂ ਸਦੀ ਵਿਚ ਬੀਜਿਆ ਸੀ ਉਹ 1930ਵਿਆਂ ਵਿਚ ਹੀਰਾ ਸਿੰਘ ਦਰਦ, ਮਾਘੀ ਸਿੰਘ ਕਵੀਸ਼ਰ ਅਤੇ ਭਗਤ ਸਿੰਘ ਵਿੱਚ ਦੀ ਦੋਬਾਰਾ ਸਿੰਜਿਆ ਗਿਆ।

## 6

1947 ਤੋਂ ਬਾਅਦ ਪੰਜਾਬ ਲਈ ਨਵੇਂ ਦਿਸਹੱਦਿਆਂ ਦੀ ਤਲਾਸ਼ ਸ਼ੁਰੂ ਹੋਈ। ਆਜ਼ਾਦੀ ਤੋਂ ਬਾਅਦ ਉਸਾਰੀ ਦਾ ਪੜਾਅ ਆਇਆ ਅਤੇ ਕੇਂਦਰ ਵੱਲੋਂ ਕਈ ਢਾਂਚਾਗਤ ਪ੍ਰੋਗਰਾਮ ਵਿਚ ਸ਼ੁਰੂ ਕੀਤੇ ਗਏ। ਪੰਜਾਬੀ ਸੂਬੇ ਦੀ ਮੰਗ, ਮਾਂ-ਬੋਲੀ ਦਾ ਮਸਲਾ ਅਤੇ ਫਿਰਕਾਪ੍ਰਸਤੀ ਅਤੇ ਹਰੇ ਇਨਕਲਾਬ ਦਾ ਦੌਰ-ਦੌਰਾ ਇਸ ਵੇਲੇ ਦੇ ਮੁੱਖ ਮੁੱਦੇ ਸਨ। ਪੰਜਾਬ ਦੀ ਨਿਆਰੀ ਰਾਜਨੀਤਕ ਸਥਿਤੀ ਅਤੇ ਕੇਂਦਰ ਨਾਲ ਸੰਬੰਧਾਂ ਦੇ dialective ਨੇ ਹੁਣ ਪੰਜਾਬ ਦੀ ਰਾਜਨੀਤੀ ਹੋ ਗਏ। ਮੋਰਚੇ-ਦਰ-ਮੋਰਚੇ ਨੇ ਸਿਆਸੀ ਮਾਹੌਲ ਭਖਾਈ ਰੱਖਿਆ। ਕਿਰਸਾਣੀ ਖੇਤੀ ਵਿਕਾਸ ਲਈ ਜਾਨ ਹੂਲ ਰਹੀ ਸੀ। ਪਾਕਿਸਤਾਨ 'ਚ ਬੇਵਤਨੀ ਭੋਗਦਾ ਬਾਬੂ ਰਜਬ ਅਲੀ ਹਰੇ ਇਨਕਲਾਬ ਵਿਚ ਪੰਜਾਬੀ ਬੰਦੇ ਦੇ ਕਿਰਤੀ ਕਿਰਸਾਨ ਹੋਣ ਨੂੰ ਪੰਜਾਬੀ ਇਤਿਹਾਸ ਦੇ ਵਿਚ ਸਿਰਮੌਰ ਭੂਮਿਕਾ ਨਿਭਾਉਣ ਵਾਲਿਆਂ ਦੀ ਲਗਾਤਾਰਤਾ ਵਿਚ ਵੇਖਦਾ ਹੈ। ਇਸ਼ਕ ਅਤੇ ਜੰਗ ਵਿਚ ਕਮਾਈਆਂ ਕਦਰਾਂ ਨੂੰ ਖੇਤੀਵਾਨਾਂ ਦੇ ਲੜ ਲਾਉਂਦਾ ਹੈ।

'ਮਾਂ ਦਿਉ ਮਖਣੀ ਖਾਇਉਂ ਵੇ।
ਸੂਰਮਿਓਂ ਪੁੱਤਰੋ, ਚੁਬਾਰਿਓਂ ਉੱਤਰ
ਫਰਕਦੇ ਬਾਜੂ, ਜਵਾਨੀ ਚੜ੍ਹ ਗਈ।
ਥੋੜ੍ਹਾ ਝਾੜ ਦੇਸਣਾਂ ਦਾ,



ਲਵੋ ਬੀ ਹੋਰ, ਟਿਊਬਵੈੱਲ ਬੋਰ,
ਸਵਾਰ ਕੇ ਵਾਹਣ, ਬੀਜੋ 'ਕਲਿਆਣ'
ਇਕੋ ਇਕ ਕਿਲਿਉਂ, ਸੌ ਕੁ ਮਣ ਝੜ ਗਈ।

ਇਸ ਬੰਦ ਵਿਚ ਪ੍ਰੋ. ਪੂਰਨ ਸਿੰਘ ਦੇ ਜਵਾਨ ਪੰਜਾਬ ਦੇ ਦੀ ਝਲਕ ਹੈ। ਸ਼ਾਹ ਮੁਹੰਮਦ ਦੇ ਦਰਸਾਏ : 'ਚੋੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜਿਉਂ ਬੇਲਿਉਂ ਨਿਕਲਦੇ ਸ਼ੇਰ ਮੀਆਂ', ਅਤੇ ਪੰਜਾਬ ਦੇ ਇਤਿਹਾਸ ਨੂੰ ਨਵੀਂ ਨੁਹਾਰ 'ਚ ਵੇਖਣ ਦਾ ਚਿਤਵਣ ਹੈ। ਪਿੰਡਾਂ ਵਿਚ ਸਰਕਾਰੀ ਸਕੂਲਾਂ ਨੇ ਲੋਕਾਂ ਤੱਕ ਸਿੱਖਿਆ ਲੈ ਆਂਦੀ ਸੀ। ਪਿੰਡਾਂ 'ਚ ਪੜ੍ਹਾਉਂਦੇ ਮਾਸਟਰਾਂ ਨੇ '47 ਮਗਰਲੇ ਪੰਜਾਬੀ ਇਤਿਹਾਸ 'ਚ ਬੇਜੋੜ ਯੋਗਦਾਨ ਦਿੱਤਾ ਅਤੇ ਆਪਣੇ ਇਲਾਕੇ ਦੇ ਨੌਜਵਾਨਾਂ ਦੇ ਆਦਰਸ਼ ਹੋ ਨਿੱਬੜੇ। ਰੂਸੀ ਇਨਕਲਾਬ ਅਤੇ ਸਾਹਿਤ ਪੰਜਾਬੀ ਪਾਠਕਾਂ ਨੂੰ ਅੰਤਰ ਰਾਸ਼ਟਰੀ ਸੰਸਾਰ ਨਾਲ ਜੋੜਦਾ ਸੀ। ਕਮਿਊਨਿਸਟ ਵਿਚਾਰਧਾਰਾ ਪੰਜਾਬ ਦੀ ਜਵਾਨੀ ਨਾਲ ਬਗਲਗੀਰ ਸੀ। ਸਿੱਖੀ ਅਤੇ ਸਮਾਜਵਾਦ ਦਾ ਬੂਟਾ ਕਮਿਊਨਿਸਟ ਬਾਬਿਆਂ ਦੇ ਕਿਰਦਾਰ, ਭਗਤ ਸਿੰਘ ਦੀ ਸ਼ਹਾਦਤ ਅਤੇ ਸਿੱਖੀ ਦੇ ਇਨਕਲਾਬੀ ਵਿਰਸੇ ਨਾਲ ਮੌਲਦਾ ਤਾਂ ਰਿਹਾ ਪਰ ਦੋ ਉੱਘੇ ਕਮਿਊਨਿਸਟ ਸੋਹਣ ਸਿੰਘ ਜੋਸ਼ ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ ਆਪਣੀ ਠੋਸ ਰਾਜਨੀਤਿਕ ਪਹੁੰਚ ਵਿਚ ਇਸ ਸਵਾਲ ਨੂੰ ਨਜਿੱਠ ਨਾ ਸਕੇ ਪਰ ਆਪਣੀ ਨਿਜੀ ਜ਼ਿੰਦਗੀ ਵਿਚ ਸਿੱਖ ਕਦਰਾਂ-ਕੀਮਤਾਂ ਨੂੰ ਸਤਿਕਾਰ ਦਿੰਦੇ ਰਹੇ. ਈ.ਐਮ.ਐਸ. ਨੰਬੂਦਰੀਪਾਦ ਵਾਂਗ ਆਪਣੀ ਸੱਭਿਆਚਾਰਕ ਵਿਲੱਖਣਤਾ ਦਾ ਮਾਰਕਸਵਾਦ ਨਾਲ ਸਿਰਜਣਾਤਮਕ ਸੰਜੋਗ ਨਾ ਕਰ ਸਕੇ। ਕਿਰਤੀ ਕਿਸਾਨ ਪਾਰਟੀ ਦਾ ਦਫ਼ਤਰ ਹਰਿਮੰਦਰ ਸਾਹਿਬ 'ਚੋਂ ਬਾਹਰ ਲੈ ਆਉਣਾ, ਇਸ ਬਿਰਤੀ ਦਾ ਪ੍ਰਮਾਣ ਹੈ।

60 ਵਿਆਂ 'ਚ ਉੱਠੀ ਨਕਸਲਬਾੜੀ ਲਹਿਰ ਨੂੰ ਇਨਕਲਾਬ ਐਨਾ ਨੇੜੇ ਲਗਦਾ ਸੀ ਕਿ ਇਸ ਮਸਲੇ ਦਾ ਹੱਲ ਖ਼ੁਦ ਇਨਕਲਾਬ ਨੇ ਹੀ ਕਰ ਦੇਣਾ ਸੀ।

ਪਿੰਡ ਦੇ ਸਕੂਲਾਂ ਦੇ ਆਦਰਸ਼ ਅਤੇ ਅਗਾਂਹਵਧੂ ਅਧਿਆਪਕਾਂ ਤੋਂ ਪੜ੍ਹ ਕੇ ਸ਼ਹਿਰ 'ਚ ਆਈ ਜਵਾਨੀ ਵਾਸਤੇ ਪੰਜਾਬ ਦੇ ਇਨਕਲਾਬੀ ਵਿਰਸੇ ਨੂੰ ਕਿਹੜੀ ਵਿਧੀ ਰਾਹੀਂ ਦਰਸਾਇਆ ਜਾਏ। ਜਸਵੰਤ ਸਿੰਘ ਕੰਵਲ ਨੇ 'ਰਾਤ ਬਾਕੀ ਹੈ' ਅਤੇ 'ਪੂਰਨਮਾਸ਼ੀ' ਤੋਂ ਲੈ ਕੇ 'ਲਹੂ ਦੀ ਲੋਅ' ਵਰਗੀ ਕਿਰਤ ਨਾਲ ਪੇਂਡੂ ਜਵਾਨੀ ਨੂੰ ਉਹ ਸੱਭਿਆਚਾਰਕ ਅਤੇ ਨੀਤੀਗਤ (Strategic) ਸ਼ਸਤਰ ਮੁਹੱਈਆ ਕਰਵਾਇਆ ਕਿ ਸ਼ਹਿਰੀ ਆਧੁਨਿਕਤਾ ਦੀ ਚਮਕ ਵਿੱਚ ਆਪਣੇ ਲੋਕਾਂ ਦਾ ਅਕਸ਼ ਛਿੱਥਾ ਨਾ ਪੈ ਜਾਵੇ। ਕੰਵਲ ਨੇ ਨਾਵਲ ਨੂੰ ਪੇਂਡੂ ਜ਼ਿੰਦਗੀ ਦੀ ਸੱਭਿਆਚਾਰਕ ਸਿਮਰਤੀ ਅਤੇ ਮਾਨਵਵਾਦੀ ਅਕਾਂਖਿਆ ਦਾ ਜਹਾਜ਼ ਬਣਾ ਕੇ ਕਵੀਸ਼ਰਾਂ ਕਿੱਸਾਕਾਰਾਂ ਦੀ ਸਿੰਜੀ ਜ਼ਮੀਨ 'ਤੇ ਸਮਾਜਵਾਦੀ ਵਿਚਾਰਾਂ ਦਾ ਹਲ ਵਾਹਿਆ। ਲੋਕਾਂ ਲਈ ਕੁਰਬਾਨੀ ਅਤੇ ਆਦਰਸ਼ ਜਵਾਨੀ ਦੇ ਇਕਰਾਰ ਲਈ ਹਸ਼ਮ ਸ਼ਾਹ ਵਾਲੀ ਪੰਜਾਬੀਅਤ ਦਾ ਲੜ ਫੜਿਆ। ਸਿੱਖ ਇਤਿਹਾਸ ਦੇ ਮਾਨਵਵਾਦੀ ਆਧਾਰ ਨੂੰ ਇਨਕਲਾਬ ਲਈ ਜ਼ਰੂਰੀ ਦੱਸਿਆ। ਕੰਵਲ ਦੇ ਨਾਵਲਾਂ ਵਿੱਚ ਆਉਂਦਾ 'ਗਿਆਨੀ' ਪਾਤਰ ਮੈਨੂੰ ਲਗਦਾ ਹੈ ਕਿ ਗਿਆਨੀ ਹੀਰਾ ਸਿੰਘ 'ਦਰਦ' ਦਾ ਹਮਸਾਇਆ ਹੈ ਪਰ ਉਸ ਦਾ ਮੁਹਾਵਰਾ ਮਾਘੀ ਸਿੰਘ ਕਵੀਸ਼ਰ ਵਾਲਾ ਹੈ ਅਤੇ ਨਾਇਕ ਦਾ ਤਸੱਵਰ ਭਗਤ ਸਿੰਘ ਵਾਲਾ ਹੈ। ਇਸ ਪੀੜ੍ਹੀ ਲਈ ਸਮਾਜਵਾਦ ਜਾਂ ਇਨਕਲਾਬ ਰਾਜਨੀਤਕ ਨਿਸ਼ਾਨੇ ਤੋਂ ਜ਼ਿਆਦਾ ਨੈਤਿਕ ਆਦਰਸ਼ ਹੈ। ਇਸ ਲਈ ਆਧੁਨਿਕ ਦੌਰ ਦੇ ਰਾਜਸੀ ਪੈਂਤੜੇ ਜਾਂ 'ਪਾਰਟੀ ਲਾਈਨਾਂ' ਤੋਂ ਜ਼ਿਆਦਾ ਜ਼ੋਰ ਕੁਰਬਾਨੀ ਦੇ ਜਜ਼ਬੇ ਨੂੰ ਹਰਾ ਰੱਖਣ ਵਿਚ ਹੈ। ਦਰਅਸਲ ਪਿੰਡ ਦਾ ਨੈਤਿਕ ਅਰਥਚਾਰਾ (Moral economy) ਕੁਰਬਾਨੀ ਦੇ ਕਾਰਕ (agency) ਰਾਹੀਂ ਹੀ ਖ਼ੁਦ ਦਾ ਇਤਿਹਾਸਕ ਰੋਲ ਸਾਵਾਂ ਰੱਖ ਸਕਦਾ ਸੀ। ਕੰਵਲ ਇਸ ਪ੍ਰਵਿਰਤੀ ਦਾ ਪਾਰਸ ਪੁਰਖ ਹੈ। ਕਵਿਤਾ ਵਿੱਚ ਕਵੀਸ਼ਰੀ-ਧਾਰਾ ਦੀ ਸੰਭਾਵਨਾ ਦਾ

ਜਲਵਾ ਸੰਤ ਰਾਮ ਉਦਾਸੀ ਨੇ ਦਿਖਾਇਆ। ਕੰਵਲ ਨੇ ਪੰਜਾਬ ਦੇ ਪਿੰਡਾਂ ਨੂੰ ਸ਼ਹਿਰੀ ਵਪਾਰਕ ਸੰਸਕਾਰਾਂ ਦੇ ਵਿਰੋਧ ਵਿਚ ਉਲੀਕਿਆ। ਵਾਰਤਕ ਵਿਚ ਗੁਰਦਿਆਲ ਸਿੰਘ ਅਤੇ ਰਾਮ ਸਰੂਪ ਅਣਖੀ ਨੇ ਇਸ ਪਹਿਲਕਦਮੀਂ ਨੂੰ ਸੰਵਾਰਿਆ। ਪਿੰਡ ਦੇ ਇਸੇ ਦੀ ਤਸੱਵਰ ਨੂੰ ਪਾਸ਼ ਪੇਚੀਦਾ ਸਵਾਲਾਂ ਦੇ ਘੇਰੇ ਵਿਚ ਲੈ ਆਉਂਦਾ ਹੈ। ਪਿੰਡ ਦੀ ਲੁਕਵੀਂ ਹਿੰਸਾ ਨੂੰ ਬੇਪਰਦ ਕਰਦਾ ਹੈ ਪਰ ਪੰਜਾਬੀ ਪਿੰਡ ਦਾ ਗੌਰਵ ਬਰਕਰਾਰ ਵੀ ਰੱਖਦਾ ਹੈ। ਸ਼ਹਿਰ ਬਾਰੇ ਇਸ ਪੀੜ੍ਹੀ ਦਾ ਨਜ਼ਰੀਆ ਵੇਖੋ :

'ਐਤਕੀਂ ਚੰਡੀਗੜ੍ਹ ਨੇ ਮੇਰੇ ਅੰਦਰ ਕੋਈ ਕੰਪਲੈਕਸ ਨਹੀਂ ਬਣਾਇਆ। ਇਹ ਮੇਰੇ ਨਿੱਜ ਦੇ ਵਿਕਾਸ ਦਾ ਸਬੂਤ ਹੈ।...... ਸੌਣ ਤੋਂ ਪਹਿਲਾਂ ਮੈਂ ਡਾਢਾ ਬੋਰ ਹੋ ਗਿਆ ਸਾਂ ਇਨ੍ਹਾਂ ਪੜ੍ਹੇ ਲਿਖੇ ਲੋਕਾਂ ਤੋਂ। ਮੈਂ ਇਨ੍ਹਾਂ ਵਿਚ ਵਧੇਰੇ ਚਿਰ ਨਹੀਂ ਰਹਿ ਸਕਦਾ। ਸਾਡੇ ਵਿਚ ਬਹੁਤ ਘੱਟ ਕੁਝ ਸਾਂਝਾ ਏ।' (ਪਾਸ਼ 8-9 ਜਨਵਰੀ, 1974)

ਪਾਸ਼ ਆਪਣੇ ਪਿੰਡ ਨਾਲ ਰਿਸ਼ਤੇ ਨੂੰ ਲੈ ਕੇ ਬਹੁਤ ਸੁਚੇਤ ਹੈ। ਇਕ ਪਾਸੇ ਪੇਂਡੂ ਜ਼ਿੰਦਗੀ ਵਿਚ ਮੌਜੂਦ 'ਸਾਦਗੀ', 'ਸੱਚ', 'ਇਮਾਨਦਾਰੀ', ਵਰਗੇ ਮਸਲਿਆਂ ਨੂੰ ਜਗੀਰੂ ਕਦਰਾਂ-ਕੀਮਤਾਂ ਕਹਿ ਕੇ ਰੱਦ ਨਹੀਂ ਕਰਦਾ ਅਤੇ ਦੂਜੇ ਪਾਸੇ ਇਹਨਾਂ ਅਮੂਰਤ ਭਾਵਨਾਵਾਂ ਦੇ ਇਤਿਹਾਸਕ ਤਾਕਤ 'ਚ ਰੂਪਾਂਤਰਣ ਦੀਆਂ ਸਮੱਸਿਆਵਾਂ ਨਾਲ ਵੀ ਸਿੱਝ ਰਿਹਾ ਹੈ।

"ਆਸੇ ਪਾਸੇ ਫੈਲੀ ਅਗਿਆਨਤਾ ਤੋਂ ਘਿਣ ਵਧ ਗਈ ਹੈ। ... ਪਿੰਡ ਦਾ ਮੋਹ ਨਹੀਂ ਟੁੱਟਦਾ। ਮੈਂ ਡਰਦਾ ਹਾਂ ਇਹ ਪਿੰਡ ਦਾ ਮੋਹ ਕਿਤੇ ਮੇਰੇ ਵਿਕਾਸ ਵਿਚ ਵਿਘਨ ਨਾ ਬਣ ਜਾਵੇ। ਖੈਰ ........" (ਪਾਸ਼ 19 ਜੁਲਾਈ, 1974 ਸ਼ਮਸ਼ੇਰ ਸੰਧੂ ਨੂੰ ਖ਼ਤ)

ਸ਼ਹਿਰ ਵਿਚ ਬੇਗਾਨਗੀ ਦਾ ਅਨੁਭਵ ਅਤੇ ਸੰਸਥਾਈ ਗਿਆਨ ਅਤੇ ਚੇਤਨਾ ਹਾਸਲ ਕਰਨ ਦਾ ਜ਼ਰੀਆ 70ਵਿਆਂ ਵਿਚ ਸਵਾਲਾਂ ਅਤੇ ਤੌਖਲਿਆਂ ਨੂੰ ਜਨਮ ਦਿੰਦਾ ਹੈ। ਕੁਲਵੰਤ ਸਿੰਘ ਵਿਰਕ ਦੀ 'ਨਵੇਂ ਲੋਕ' ਸ਼ਹਿਰੀ ਖੁੱਲ੍ਹ ਨੂੰ ਪੇਂਡੂ ਅਚੰਭੇ ਦੇ ਦੁੱਖ ਤੋਂ ਵੇਖਦੀ ਹੈ। ਦੂਜਾ ਪੜਾਅ ਇਸ ਸ਼ਹਿਰੀ ਵਾਤਾਵਰਣ ਤੋਂ ਪਿੰਡ ਦੀ ਮੋਹ-ਵੰਡ ਸਾਦਗੀ ਦੇ ਇਕਹਰੇਪਣ ਨੂੰ ਆਧੁਨਿਕ ਨਜ਼ਰੀਏ ਤੋਂ ਦੇਖਦੀ ਹੈ -

"ਕੌਣ ਪਹਿਚਾਣੇਗਾ ਸਾਨੂੰ
ਮੱਥੇ ਉੱਤੇ ਮੌਤ ਦਸਖ਼ਤ ਕਰ ਗਈ ਹੈ
ਚਿਹਰੇ ਉੱਤੇ ਯਾਰ ਪੈੜਾਂ ਛੱਡ ਗਏ ਨੇ
ਸ਼ੀਸ਼ੇ ਵਿਚੋਂ ਹੋਰ ਕੋਈ ਝਾਕਦਾ ਹੈ
ਅੱਖਾਂ ਵਿਚ ਕੋਈ ਲਿਸ਼ਕ ਹੈ।" (ਸੁਰਜੀਤ ਪਾਤਰ, ਹੁਣ ਘਰਾਂ ਨੂੰ ਪਰਤਣਾ)

(ਸ਼ਹਿਰੀ ਸੱਭਿਅਤਾ) ਖੁਦ ਨੂੰ ਮਹਾਂਨਗਰੀ ਚੇਤਨਾ ਵਜੋਂ ਪੇਸ਼ ਕਰਦੀ ਹੈ ਅਤੇ ਹਰੇ ਇਨਕਲਾਬ ਰਾਹੀਂ ਪੇਂਡੂ ਸਰਮਾਏ ਦਾ ਸ਼ਹਿਰਾਂ ਵੱਲ ਹੋਇਆ ਰੁਖ਼ ਆਪਣੇ ਲਈ ਸੱਭਿਆਚਾਰਕ ਤਰਕ ਵੀ ਪੈਦਾ ਕਰ ਲੈਂਦਾ ਹੈ। ਪਿੰਡ ਵੱਲੋਂ ਇਸ ਦਾ ਸ਼ਾਇਦ ਆਖਰੀ ਸੱਭਿਆਚਾਰਕ ਵਿਰੋਧ ਪਾਸ਼ ਵੱਲੋਂ ਹੋਇਆ ਮਿਲਦਾ ਹੈ-

"ਪੰਜਾਬ ਦੇ ਮਹਾਂਨਗਰ ਚੇਤਨਾ ..... ਬਰਦਾਰ ਪੰਜਾਬ ਦੀ ਜਨਤਾ ਉੱਤੇ ਭਾਰ ਹਨ। ਇਹ ਦੰਭੀ ਅਦਾਰਿਆਂ ਦਾ ਅੰਗ ਹਨ। ..... ਦਾ ਕੁਝ ਨਹੀਂ ਸੰਵਾਰ ਰਹੇ ਸਗੋਂ ਬੇਸ਼ੁਮਾਰ ਆਰਥਿਕ ਬੋਝ ਪਾ ਰਹੇ ਹਨ। ਸਾਨੂੰ ਇਨ੍ਹਾਂ ਦੇ ..... ਅਤੇ ਵਿਚਾਰੇਪਣ ਉੱਤੇ ਵੀ ਸ਼ੱਕ ਕਰਨਾ ਚਾਹੀਦਾ ਹੈ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਦਾ ਸਾਹਿਤ ਰਸਾਲਿਆਂ ਉੱਤੇ ਛਾ ਨਾ ਜਾਵੇ ਅਤੇ ਨਵੇਂ ਲੇਖਕਾਂ ਨੂੰ ਇਹ ਲੋਕ ਨਕਲੀ ਅਹਿਸਾਸਾਂ ਦੀ ਰੰਗਣ ਨਾ ਚਾੜ੍ਹ ਦੇਣ। ਇਹ ਕੋਸ਼ਿਸ਼ ਪੇਂਡੂ ਜੀਵਨ ਬਾਰੇ ਸੰਤੁਲਿਤ ਪਹੁੰਚ ਰੱਖ ਕੇ ਦੱਬ ਲਿਖਣ ਨਾਲ ਹੀ ਹੋ ਸਕਦੀ ਹੈ।" (19 ਜੁਲਾਈ, 1974 ਸ਼ਮਸ਼ੇਰ ਸੰਧੂ ਨੂੰ ਖ਼ਤ)

ਸਰਮਾਇਦਾਰੀ ਨਿਜ਼ਾਮ ਵਿਚ ਪਿੰਡ ਦੇ ਸੱਭਿਆਚਾਰਕ ਵਿਵੇਕ 'ਤੇ ਚੌਤਰਫ਼ਾ ਹਮਲਾ



ਚਾਲੂ ਸੀ। ਨਕਸਲਵਾਦੀ ਲਹਿਰ ਦੇ ਕਾਰਕੁੰਨ ਆਪਣੇ ਮੰਤਵ ਦੀ ਟੇਕ ਸਿੱਖ ਇਤਿਹਾਸ ਦੇ ਮੁਹਾਵਰੇ ਵਿਚ ਵੀ ਲੈਂਦੇ ਰਹੇ, ਜਿਸਦਾ ਜ਼ਿਕਰ ਉਸ ਦੌਰ ਦੀ ਕਵਿਤਾ ਵਿਚ ਹੋਇਆ ਮਿਲਦਾ ਹੈ। ਵਾਰਤਕ ਵਿਚ ਜ਼ਿਕਰ ਆਉਂਦਾ ਹੈ-

"ਹੀਰ ਰਾਂਝੇ ਨਾਲੋਂ ਵਧੇਰੇ ਖਿੱਚਣ ਵਾਲਾ ਸਿੱਖਵਾਦ ਸੀ। 'ਯਾਰੜੇ ਦਾ ਸਾਨੂੰ ਸੱਥਰ ਚੰਗਾ/ਭੱਠ ਖੇੜਿਆਂ ਦਾ ਰਹਿਣਾ' ਪੰਜਾਬੀ ਸਾਹਿਤ ਦਾ ਸਿਖਰ ਸੀ। ਇਥੋਂ ਸੋਚ ਅਗਾਂਹ ਜਿਥੇ ਰੱਜ ਸਕਦੀ ਸੀ।"

ਸ਼ਹਿਰੀ ਵਿਵੇਕ ਹੀਰ, ਸਿੱਖੀ ਅਤੇ ਪਿੰਡ ਤੋਂ ਉਲਟੇ ਰੁਖ ਖੜ੍ਹਾ ਸੀ। ਹਰੇ ਇਨਕਲਾਬ ਨਾਲ ਪੰਜਾਬ ਦੇ ਪਿੰਡ ਦੇ ਸੱਭਿਆਚਾਰਕ ਅਵਚੇਤਨ ਨੂੰ ਖੋਰਾ ਲੱਗ ਰਿਹਾ ਸੀ -

"ਹੁਣ ਤਾਂ ਸ਼ਮਸ਼ੇਰ, ਤੇਰਾ ਪੂਰਨ ਸਿੰਘੀ ਪੰਜਾਬ
ਇਸ ਪਰਦੇਸ ਅੰਦਰ ਸਿਰਫ਼ ਇੱਕ ਅਰਦਾਸ ਹੈ
ਲੰਮੀ ਝੜੀ 'ਚ ਰਿਸਦੀ ਕੱਚੀ ਕੰਧ ਦੇ
ਕੁਝ ਦਿਨ ਤਗੀ ਰਹਿ ਸਕਣ ਲਈ।" (ਯਾਰਾਂ ਨਾਲ ਸੰਵਾਦ, ਪਾਸ਼)

'ਅਕਾਲੀ, 'ਕਿਰਤੀ' ਤੋਂ ਸ਼ੁਰੂ ਹੋਏ, ਭਗਤ ਸਿੰਘ ਦੀ ਸ਼ਹਾਦਤ ਨਾਲ ਸਥਾਪਤ ਹੋਏ, ਬਾਅਦ ਵਿਚ ਕੰਵਲ ਦੇ ਨਾਵਲਾਂ ਰਾਹੀਂ ਪ੍ਰਵਾਨ ਚੜ੍ਹੇ ਲੋਕ-ਮੁਕਤੀ ਲਈ ਸ਼ਹਾਦਤ ਦੇ ਪ੍ਰਵਚਨ ਨੂੰ ਦਰਅਸਲ ਪੰਜਾਬੀ ਸੱਭਿਆਚਾਰਕ ਵਿਵੇਕ ਦੀ ਲਗਾਤਾਰਤਾ ਵਜੋਂ ਲਿਆ ਜਾਣਾ ਚਾਹੀਦਾ ਹੈ। ਇਸ ਵਹਿਣ ਬਾਰੇ ਨਿਖੇਧੀ ਇੱਕ ਪਾਸਾ ਹੈ। ਇਸ ਦੇ ਬਦਲ ਦੀ ਸੰਭਾਵਨਾ ਬਣਨਾ ਇਸ ਰੁਝਾਨ ਦੀ ਕੋਸ਼ਿਸ਼ ਨਹੀਂ। ਨਕਸਲੀ ਲਹਿਰ ਪੰਜਾਬ ਦੇ ਪਿੰਡ ਦਾ ਆਪਣੇ ਸੱਭਿਆਚਾਰਕ ਵਿਵੇਕ ਨੂੰ ਬਹਾਰ ਰੱਖਣ ਦਾ ਆਖਰੀ ਮੁਹਾਜ਼ ਸੀ। ਇਸ ਦੀ ਹਾਰ ਤੋਂ ਪੈਦਾ ਹੋਏ ਆਤਮ-ਚਿੰਤਨ ਵਿਚ ਇਸ ਮੁਹਾਜ਼ ਦੀਆਂ ਸੀਮਾਵਾਂ ਦੀ ਨਿਸ਼ਾਨਦੇਹੀ ਹੋਈ ਮਿਲਦੀ ਹੈ -

"ਪਿਛਲੀਆਂ ਦੋਹਾਂ ਕਿਤਾਬਾਂ ਵਿਚ ਮੇਰੀਆਂ ਲੱਗਭੱਗ ਸਾਰੀਆਂ ਕਵਿਤਾਵਾਂ ਵਿਚ ਲੋਹੇ ਦੀਆਂ ਜ਼ੰਜੀਰਾਂ ਪ੍ਰਤੀ ਮਨੁੱਖ ਦੀ ਅਨੁਭਵਸ਼ੀਲਤਾ ਸੀ, ਐਤਕੀਂ ਇਸ ਕਿਤਾਬ ਵਿਚ ਮੇਰੇ ਸਾਰੇ ਅਹਿਸਾਸ ਉਨ੍ਹਾਂ ਅਦਿੱਖ ਜ਼ੰਜੀਰਾਂ ਨਾਲ ਸਿੱਝਣ ਜਾਂ ਖਿੱਝਣ ਦਾ ਇਤਿਹਾਸ ਹਨ ਜੋ ਲੋਹੇ ਦੀਆਂ ਨਹੀਂ - ਪਰ ਲੋਹਾਂ ਉਨ੍ਹਾਂ ਦਾ ਹੈ।"

ਮੇਰੇ ਮੁਜਬ ਪ੍ਰੋ. ਪੂਰਨ ਸਿੰਘ ਸਿੱਖੀ ਜਜ਼ਬੇ ਅਤੇ ਪੰਜਾਬੀ ਮਾਨਸਿਕਤਾ / ਸੱਭਿਆਚਾਰ ਦੀ ਆਪਸੀ ਰਵਾਦਾਰੀ ਨੂੰ ਜਸਵੰਤ ਸਿੰਘ ਕੰਵਲ ਨੇ ਪੰਜਾਬ ਦੇ ਪਿੰਡ ਨਾਲ ਜੋੜ ਕੇ ਆਉਂਦੀਆਂ ਪੀੜ੍ਹੀਆਂ ਲਈ ਮੁਹਾਜ਼ ਤਿਆਰ ਕੀਤਾ। ਉਸ ਦੀ ਸਿਰਜਣਾ ਵਿਚ ਪ੍ਰੋ. ਕਿਸ਼ਨ ਸਿੰਘ ਦੀ ਸਿਧਾਂਤਕ ਮੁਸ਼ੱਕਤ, ਬਹਿਸ ਨੂੰ ਪੱਕੇ ਪੈਰੀਂ ਕਰਨ ਲਈ 'ਸੇਧ' ਦਾ ਪ੍ਰਕਾਸ਼ਨ ਅਤੇ ਇਸਦੀ ਸਿਖਰਲੀ ਪ੍ਰਾਪਤੀ ਵਜੋਂ 1978 'ਚ ਉਨ੍ਹਾਂ ਦੀ ਕਿਤਾਬ 'ਸਿੱਖ ਲਹਿਰ' ਪਾਸ਼ ਦੀ ਸਿਰਜਾਣਤਮਿਕ ਪ੍ਰਤਿਭਾ, ਵਿਚਾਰਧਾਰਕ ਸ਼ਿਲਪ ਅਤੇ ਸੰਬਾਦਕ ਇਤਿਹਾਸ ਮੁਖਤਾ ਵਿਚ ਆਪਣੀ ਚੋਟੀ 'ਤੇ ਪਹੁੰਚਦਾ ਹੈ। ਇਸ ਮੁਹਾਜ਼ ਦੀਆਂ ਕਮੀਆਂ-ਪੇਸ਼ੀਆਂ ਵੱਲ ਸੰਕੇਤ ਕਰਦਾ ਹੈ ਅਤੇ ਭਵਿੱਖ ਵਿਚ ਇਸ ਮੁਹਾਜ਼ ਦੀ ਉਸਾਰੀ ਲਈ ਸੰਭਾਵਨਾ ਪੈਦਾ ਕਰਦਾ ਹੈ।

ਪੰਜਾਬ ਵਿਚ ਹੀ ਹੋਰ ਤਾਕਤਾਂ ਦੀ ਸਰਗਰਮੀ ਵੀ ਜ਼ੋਰ ਫੜ ਰਹੀ ਸੀ। 20ਵੀਂ ਸਦੀ ਦੇ ਸ਼ੁਰੂ ਹੋਣ ਤੱਕ ਸ਼ਹਿਰੀ ਨਿੱਕ ਮਧਲੀ ਜਮਾਤ ਦਾ ਸਿੱਖੀ ਦੀ ਸੰਪਰਦਾਇਕ ਪਛਾਣ ਦਾ ਮੁਹਾਜ਼, 1930ਵਿਆਂ ਤੱਕ ਭਾਰ, ਅਕਾਲੀ ਲੀਡਰਸ਼ਿਪ ਹੇਠ ਸੰਗਠਿਤ ਹੋ ਚੁੱਕਿਆ ਸੀ। 1947 ਤੋਂ ਬਾਅਦ ਪੰਜਾਬ ਦੀ ਖੇਤਰੀ ਪਛਾਣ ਅਕਾਲੀ ਮੁੱਦਾ ਬਣੀ ਰਹੀ ਹੈ ਅਤੇ 1965 'ਚ ਅਕਾਲੀ ਦਲ ਉੱਤੇ ਜੱਟ ਤਬਕਾ ਕਾਬਜ਼ ਹੋ ਗਿਆ। ਸਿਰਦਾਰ ਕਪੂਰ ਸਿੰਘ ਨੇ ਇਸ ਖੇਤਰੀ ਪਛਾਣ ਨੂੰ ਸਿੱਖ ਫਲਸਫੇ ਨਾਲ ਜੋੜ ਕੇ ਇਸ ਪ੍ਰਕਾਰਜ ਨੂੰ ਅੱਗ ਤੋਰਿਆ। ਪਿੰਡਾਂ

'ਚ ਹਰੇ ਇਨਕਲਾਬ ਰਾਹੀਂ ਤਾਕਤਵਰ ਹੋਈ ਜੱਟ ਕਿਸਾਨੀ ਨੇ ਇਸ ਪ੍ਰਕਿਰਿਆ ਰਾਹੀਂ ਆਪਣੀ ਹੈਸੀਅਤ ਨੂੰ ਹਰਾ ਰੱਖਣ ਦਾ ਮੌਕਾ ਦੇਖਿਆ। ਦੇਵ ਥਰੀਕਿਆਂ ਵਾਲੇ ਅਤੇ ਕੁਲਦੀਪ ਮਾਣਕ ਦੀ ਜੋੜੀ ਵਲੋਂ ਇਸੇ ਦੌਰ ਵਿਚ ਸਾਮੰਤੀ ਜੱਟਵਾਦ ਦੀ ਮਹਿਮਾ ਦੀ ਵਿਆਪਕ ਪ੍ਰਵਾਨਗੀ ਇਸੇ ਪ੍ਰਕਿਰਿਆ ਦੀ ਬਹੁ-ਪਰਤੀ ਤਸਵੀਰ ਪੇਸ਼ ਕਰਦੀ ਹੈ। ਬੂਟਾ ਸਿੰਘ ਸ਼ਾਦ ਦੀ ਨਾਵਲਕਾਰੀ ਵੀ ਇਸੇ ਪ੍ਰਵਿਰਤੀ ਨੂੰ ਪੱਠੇ ਪਾਉਂਦੀ ਹੈ। ਜਿੱਥੇ ਪਾਸ਼ ਪਿੰਡ ਦੇ ਤਸੱਵਰ ਦੇ ਖੁਰਨ 'ਤੇ ਬੇਚੈਨ ਹੈ, ਉਥੇ ਹੀ ਸਿੱਖ (ਜੱਟ) ਖੇਤਰੀਵਾਦ ਅਤੇ ਸਾਮੰਤੀ ਜੱਟਵਾਦ 80ਵਿਆਂ ਦੇ ਖਾੜਕੂ ਦੌਰ ਵਜੋਂ ਸਾਹਮਣੇ ਆਉਂਦਾ ਹੈ। ਇਥੇ ਜੱਟਵਾਦ ਦੇ ਵਿਰੋਧ ਵਜੋਂ ਬਾਬਾ ਨਾਨਕ ਦੀ 5ਵੀਂ ਸ਼ਤਾਬਦੀ ਦੇ ਜਸ਼ਨਾਂ ਸਮੇਂ ਰਬਾਬੀ ਮਰਦਾਨੇ ਦਾ ਜ਼ਿਕਰ ਇਸ ਤਰ੍ਹਾਂ ਹੁੰਦਾ ਹੈ -

"ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ,
ਨਾਉਂ ਲੈਣਾ ਨਹੀਂ ਸ਼ਤਾਬਦੀ 'ਚ ਤੇਰਾ ਵੇ।
ਵੇ ਤੂੰ ਰਹੇਗਾ ਮੁਥਾਜ ਹਰ ਚੀਜ਼ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।'

(ਮਰਦਾਨੇ ਨੂੰ ਮਰਦਾਨਣ ਦਾ ਖਤ, ਸੰਤ ਰਾਮ ਉਦਾਸੀ)

ਹਿੰਦੁਸਤਾਨ ਦੀ ਸੱਤਾ ਪ੍ਰਣਾਲੀ ਵੀ ਐਮਰਜੈਂਸੀ ਤੋਂ ਬਾਅਦ ਜਮਹੂਰੀ ਸੰਸਥਾਵਾਂ ਦੇ ਖਾਤਮੇ ਵੱਲ ਵਧੀ ਹੋਈ ਸੀ ਅਤੇ ਖਾੜਕੂ ਲਹਿਰ ਉਸ ਦਾ ਪ੍ਰਤਿਰੂਪ ਹੀ ਸੀ। ਦੋਵੇਂ ਜਨਤਕ ਜਵਾਬਦੇਹੀ ਤੋਂ ਬਚ ਕੇ ਆਪਣੇ ਆਪ ਨੂੰ ਹਿੰਦੂ ਜਾਂ ਸਿੱਖ ਸਮੂਹਾਂ ਦੇ ਪ੍ਰਤੀਨਿਧੀ ਅਖਵਾਉਂਦੇ ਰਹੇ। ਦੇਸ਼ ਦੀ ਏਕਤਾ ਅਤੇ ਅਖੰਡਤਾ 'ਦੇ ਬਰਾਬਰ 'ਪੰਥ ਨੂੰ ਖ਼ਤਰਾ' ਘੜ ਲਿਆ ਗਿਆ। ਪਾਤਰ ਅਨੁਸਾਰ ਵਾਰਿਸ ਸ਼ਾਹ ਦੇ ਵੰਡਾਵੇ ਤੋਂ ਬਾਅਦ ਹੁਣ ਸ਼ਿਵ ਕੁਮਾਰ ਦੀ ਵਾਰੀ ਸੀ। ਸੰਤ ਰਾਮ ਉਦਾਸੀ ਵੱਲੋਂ ਸਿੱਖ ਇਤਿਹਾਸ ਦੇ ਇਨਕਲਾਬੀ ਵਿਰਸੇ ਨੂੰ ਆਧਾਰ ਬਣਾ ਕੇ ਲਿਖੀਆਂ ਅਮਰ ਕਵਿਤਾਵਾਂ ਨੂੰ ਖਾੜਕੂਆਂ ਵਲੋਂ ਅਪਣਾ ਲੈਣ ਦਾ ਵਾਅਦਾ, ਉਸ ਦੀ ਸਿਰਜਣ-ਸਮਰੱਥਾ ਨੂੰ ਗਹਿਰੀ ਦਲਦਲ 'ਚ ਲੈ ਗਿਆ ਅਤੇ ਉਸ ਨੇ ਲਿਖਣਾ ਬੰਦ ਕਰ ਦਿੱਤਾ। ਪਾਸ਼, ਰਵੀ, ਸੁਖਦੇਵ ਪ੍ਰੀਤ ਦੀ ਹੱਤਿਆ ਨੇ ਪੰਜਾਬੀ ਵਿਰਸੇ ਨੂੰ ਦਾਗ਼ਦਾਰ ਕਰ ਦਿੱਤਾ। ਵਰਿਆਮ ਸੰਧੂ ਦੀ ਕਹਾਣੀ 'ਮੈਂ ਹੁਣ ਠੀਕ ਠਾਕ ਹਾਂ' ਵਿੱਚ ਟੌਮੀ ਦੀ ਮੌਤ ਦਰਅਸਲ ਪੰਜਾਬ ਦੇ ਪੂਰਨ ਸਿੰਘੀ ਤਸੱਵਰ ਦੀ ਮੌਤ ਦਾ ਹੀ ਰੂਪਕ ਹੈ। ਇਹ ਦਰਅਸਲ ਪੰਜਾਬੀ ਵਿਰਾਸਤ ਨੂੰ ਆਧਾਰ ਬਣਾ ਕੇ ਬਾਬਾ ਫ਼ਰੀਦ ਤੋਂ ਹੀ ਚੱਲ ਰਹੀ ਚੇਤਨਾ ਦਾ ਆਪਣੇ ਦੋਖੀਆਂ ਨਾਲ ਟੱਕਰ ਦਾ ਨਵਾਂ ਪੜਾਅ ਸੀ। ਅਜਿਹੀ ਅਰਾਜਕਤਾ, ਰਾਜਸੀ ਨਿਜ਼ਾਮ ਨੂੰ ਹਮੇਸ਼ਾ ਤਕੜਾ ਰੱਖਦੀ ਹੈ ਅਤੇ 1990 ਵਿਚ ਇਹ ਦੌਰ ਆਪਣੇ ਅੰਤ ਨੂੰ ਪਹੁੰਚਿਆ। ਪੰਜਾਬ ਦੀ ਤ੍ਰਾਸਦੀ ਦਾ ਇਕ ਕਾਂਡ ਇਵੇਂ ਸੰਪੂਰਨ ਹੋਇਆ

"ਸਤਲੁਜ ਅੱਥਰਾ
ਲੜਦਾ ਭਿੜਦਾ ਸ਼ੋਰ ਮਚਾਂਦਾ
ਸਾਗਰ ਵੱਲ ਨੂੰ ਤੁਰ ਜਾਂਦਾ ਹੈ।

ਨਾ ਕੋਈ ਨਵਾਂ ਵਹਿਣ ਹੀ ਬਦਲੇ
ਨਾ ਕੋਈ ਸਿਰਜੇ
ਨੀਲੇ ਡੂੰਘੇ ਪਾਣੀਆਂ ਵਾਲੀ
ਝੀਲ ਸਦੀਵੀਂ
ਹੜ੍ਹ ਆਵੇ ਲਹਿ ਜਾਵੇ।
ਇੰਝ ਸਭਿੱਤਾ ਕੋਈ



ਕਦੋਂ ਭਲਾ ਸਿਮਰਾਂ ਨੂੰ ਛੋਂਹਦੀ
ਕੌਣ ਗੁਰੂ ਕਿਸਨੂੰ ਸਮਝਾਏ। (ਅਜਮੇਰ ਰੋਡੇ, ਸ਼ੁਭਚਿੰਤਨ )

## 7

ਸਮਾਜਵਾਦੀ ਕੈਂਪ ਦੀ ਟੁੱਟ-ਭੱਜ, ਕਮਿਊਨਿਸਟ ਪਾਰਟੀਆਂ ਦੀ ਸਿਰੇ ਦੀ ਸਿਥਲਤਾ, ਗਲੋਬਲਾਈਜੇਸ਼ਨ ਦਾ ਛੁਣਛੁਣਾ, ਉੱਤਰ-ਆਧੁਨਿਕਤਾਵਾਦ ਦਾ ਜਵੱਦੀ ਕਲਾਂ ਸੰਸਕਰਣ, ਨਵ-ਕਵਿਤਾ ਰਾਹੀਂ ਨਸ਼ਰ ਹੁੰਦਾ, ਸ਼ਹਿਰੀ ਵਸੀਂ ਨਿੱਕ-ਮਧਲੀ ਜਮਾਤ ਦਾ ਮਾਨਸਿਕ ਦੀਵਾਲੀਆਪਣ-ਇਹ 90ਵਿਆਂ ਦਾ ਪੰਜਾਬ ਹੈ। 20ਵੀਂ ਸਦੀ ਦੇ ਮਹਾਨ ਮਾਰਕਸਵਾਦੀ ਇਤਿਹਾਸਕਾਰ ਐਰਿਕ ਜੇ. ਹਾਬਜ਼ਬਾਅਮ ਦੇ ਮੁਹਾਵਰੇ 'ਚ ਕਹਿਣਾ ਹੋਵੇ ਤਾਂ ਪਾਸ਼ ਦੀ ਹੱਤਿਆ ਨਾਲ ਪੰਜਾਬ ਦੀ 20ਵੀਂ ਸਦੀ ਆਪਣੇ ਅੰਤ 'ਤੇ ਪਹੁੰਚਦੀ ਹੈ ਅਤੇ 21ਵੀਂ ਸਦੀ ਹਾਲੇ ਪੰਜਾਬ ਲਈ ਪੈਦਾ ਹੋਣੀ ਹੈ। ਇਸ 'ਸਭ ਤੋਂ ਖਤਰਨਾਕ' ਦੌਰ ਵਿਚ ਪੰਜਾਬ ਦਾ ਪਿੰਡ ਆਪਣਾ ਗੌਰਵਸ਼ਾਲੀ ਸੱਭਿਆਚਾਰਕ ਅਸਾਸਾ ਗੁਆ ਚੁੱਕਿਆ ਹੈ। ਜੱਗੇ ਦੇ ਲਹੂ ਨਾਲ ਤਾਂ ਨੌਂ ਮਣ ਰੇਤ ਭਿੱਜ ਗਈ ਸੀ ਪਰ ਜਦੋਂ ਪਿੰਡ ਗਰਕਿਆ ਹੈ ਤਾਂ ਚਾਰ ਬੂੰਦਾਂ ਨਹੀਂ ਨਿਕਲੀਆਂ।

70-80ਵਿਆਂ 'ਚ ਜਾਰੀ ਸਰਮਾਇਦਾਰੀ ਪ੍ਰਕਿਰਿਆ ਨੇ ਹੁਣ ਸੱਭਿਆਚਾਰਕ ਕਦਰਾਂ-ਕੀਮਤਾਂ ਵਜੋਂ ਖੁਦ ਨੂੰ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਕਲਿਆਣਕਾਰੀ ਰਾਜ ਨਾਲ ਜੁੜੀਆਂ ਸੰਸਥਾਵਾਂ ਦਾ ਪਤਨ ਹੁਣ ਆਪਣੇ ਚਰਮ 'ਤੇ ਸੀ। ਪੰਜਾਬ ਦੀ ਜੱਟ ਕਿਸਾਨੀ ਨੇ ਹੁਣ ਹਿੰਦੂ ਫਾਸ਼ੀਵਾਦੀ ਭਾਜਪਾ ਨਾਲ ਭਿਆਲੀ ਪਾ ਲਈ। ਭਾਰਤੀ ਕਿਸਾਨ ਯੂਨੀਅਨ ਨੇ ਡੰਕਲ ਅਤੇ ਗੈਟ ਸਮਝੌਤੇ ਨੂੰ ਜੀ ਆਇਆ ਕਹਿ ਦਿੱਤਾ। ਮੰਡੀ ਦਾ ਤਰਕ ਹੁਣ ਇੱਕ ਸੱਭਿਆਚਾਰਕ ਮਸਲਾ ਬਣ ਗਿਆ ਅਤੇ ਜਿਹੜੀਆਂ ਤਾਕਤਾਂ ਨੇ ਪਹਿਲੇ ਦੌਰ ਵਿਚ ਪੰਜਾਬੀ ਅਧਾਰਿਤ ਸਿੱਖ-ਖੇਤਰੀ ਪਛਾਣ ਦਾ ਮੁੱਦਾ ਉਛਾਲਿਆ ਸੀ ਉਹ ਹੁਣ ਅੰਗਰੇਜ਼ੀ ਰਾਹੀਂ ਵਿਸ਼ਵ ਮੰਡੀ ਵਿਚ ਪੰਜਾਬੀ / ਸਿੱਖ ਯੋਗਦਾਨ ਦਾ ਹੋਕਾ ਦੇਣ ਲੱਗੇ। ਪੰਜਾਬੀ ਦੀ ਗੱਲ ਕਰਨ ਵਾਲਿਆਂ ਨੂੰ ਪੰਜਾਬ ਦੋਖੀ ਦਾ ਖਿਤਾਬ ਦਿੱਤਾ ਜਾਣ ਲੱਗਾ।

ਇਸ ਪ੍ਰਸੰਗ ਵਿਚ ਦੋ ਘਟਨਾਵਾਂ ਮੈਨੂੰ ਜ਼ਿਕਰਯੋਗ ਲੱਗਦੀਆਂ ਹਨ। ਪਹਿਲੀ 9/11 ਤੋਂ ਬਾਅਦ ਜਦੋਂ ਅਮਰੀਕਾ ਵਿਚ ਸਿੱਖਾਂ ਤੇ ਮੁਸਲਮਾਨਾਂ ਦੇ ਭੁਲੇਖੇ ਹਮਲੇ ਹੋਏ ਤਾਂ ਸਿੱਖ ਸੰਸਥਾਵਾਂ ਨੇ ਬੜਾ ਰੋਸ ਕੀਤਾ ਕਿ ਕੁਝ ਸਿੱਖਾਂ ਨੂੰ ਵੀ ਮੁਸਲਮਾਨ ਸਮਝ ਕੇ ਮਾਰਿਆ ਜਾ ਰਿਹਾ ਹੈ। ਇਹ ਸਿੱਖੀ ਪ੍ਰਚਾਰ ਦੀ ਘਾਟ ਹੈ, ਸਾਡਾ ਤਾਂ ਇਤਿਹਾਸ ਹੀ ਮੁਸਲਮਾਨਾਂ ਦੇ ਵਿਰੋਧ ਦਾ ਹੈ, ਆਦਿ, ਆਦਿ। ਕਮਜ਼ੋਰ ਦੀ ਧਿਰ ਬਣਨ ਵਾਲੀ ਸਿੱਖੀ ਦਾ ਜਜ਼ਬਾ ਅਸਲੋਂ ਹੀ ਗਾਇਬ ਸੀ। ਬਜਾਇ ਕਿ ਅਸੀਂ ਨਿਰਦੋਸ਼ ਮੁਸਲਮਾਨਾਂ ਦੀ ਧਿਰ ਬਣਦੇ ਅਸੀਂ ਅਮਰੀਕੀ ਸ਼ਾਵਨਵਾਦ ਦਾ ਜੜ੍ਹ ਫੜ ਲਿਆ। ਜਿਸ ਵਿਚ ਮੁਸਲਮਾਨਾਂ 'ਤੇ ਹਮਲੇ ਜਾਇਜ਼ ਸਨ। ਦੂਜੀ, ਇਰਾਕ ਤੇ ਚੱਲ ਰਹੇ ਜਾਬਰ ਸਾਮਰਾਜੀ ਹਮਲੇ ਵਿਚੋਂ ਜਦੋਂ ਨਿਰਦੋਸ਼ ਇਰਾਕੀ ਜਨਤਾ ਦਾ ਕਤਲੇਆਮ ਜਾਰੀ ਸੀ ਤਾਂ ਸਿੱਖ ਆਗੂਆਂ ਨੂੰ ਬਸਰਾ ਵਿਚ ਗੁਰਦੁਆਰੇ ਦੀ ਹੀ ਚਿੰਤਾ ਸੀ। ਦੂਜੇ ਪਾਸੇ ਕਿਸਾਨ ਜਥੇਬੰਦੀਆਂ ਇਸ ਸਾਮਰਾਜੀ ਹਮਲੇ ਨੂੰ ਸਮੁੱਚੀ ਮਾਨਵਤਾ ਤੇ ਹੋਇਆ ਹਮਲਾ ਮੰਨ ਰਹੀਆਂ ਸਨ ਅਤੇ ਸਿੱਖੀ ਦੇ ਬੇਨਜ਼ੀਰ ਅਸੂਲਾਂ ਮੁਤਾਬਕ ਆਪਣੀ ਇਨਕਲਾਬੀ ਰਵਾਇਤ ਨੂੰ ਜ਼ਿੰਦਾ ਰੱਖ ਰਹੀਆਂ ਸਨ। ਪੰਜਾਬ ਦਾ ਪਿੰਡ ਹੁਣ ਸਾਰੀ ਦੁਨੀਆ ਦੇ ਪਿਛੇ ਨਾਲ ਆਪਣੀ ਕਿਸਮਤ ਜੋੜਨ ਵੱਲ ਤੁਰ ਪਿਆ ਸੀ। 70ਵਿਆਂ ਦੀ ਪੀੜ੍ਹੀ ਦੇ ਵਿਦਰੋਹੀ ਸੰਵਾਦੀ ਸ਼ੁਰੂ ਤੋਂ 90ਵਿਆਂ ਦਾ ਦੌਰ ਪੰਜਾਬ ਦੇ ਦਿਸਹੱਦਿਆਂ 'ਤੇ ਅਮਰੀਕੀ ਤਖ਼ਤ ਦੇ ਸੱਭਿਆਚਾਰ 'ਚ ਵਟਾਣ ਦਾ ਇਤਿਹਾਸ ਹੈ। ਮੁਸਲਮਾਨ, ਦਿੱਲੀ, ਰੰਗਪੁਰ ਖੇੜੇ ਹੁਣ ਪੰਜਾਬ ਜਾਂ ਸਿੱਖ ਮਾਨਸਿਕ ਜਗਤ ਦੇ ਸੱਤਾਧਾਰੀ ਹਨ। ਇਸ ਸਮੇਂ ਪੰਜਾਬੀ ਰਹਿਤਲ ਦੀਆਂ ਕਮਾਈਆਂ ਹੋਈਆਂ ਕਦਰਾਂ-

ਕੀਮਤਾਂ ਨੂੰ ਸਾਡੇ ਸਾਹਮਣੇ ਹੀ ਦੀਵਾਰਾਂ 'ਚ ਚਿਣਿਆ ਜਾ ਰਿਹਾ ਹੈ ਅਤੇ ਅਸੀਂ ਵਜ਼ੀਰ ਖਾਂ ਦੇ ਦਰਬਾਰੀਆਂ ਵਾਂਗ ਚੁੱਪ ਹਾਂ, ਇਕ ਸਾਜ਼ਿਸ਼ 'ਚ ਸ਼ਰੀਕ ਹਾਂ। ਇਸੇ ਗੁਨਾਹ 'ਚ ਹੀ ਸਵਾਲ ਪੈਦਾ ਹੁੰਦਾ ਹੈ-

'ਅਸੀਂ ਨਾਨਕ ਦੇ ਕੀ ਲੱਗਦੇ ਹਾਂ?' (ਜਸਵੰਤ ਜ਼ਫ਼ਰ)

ਬਾਬਾ ਨਾਨਕ ਅਤੇ ਬਾਬਾ 'ਫ਼ਰੀਦ' ਨਾਲ ਇਕ ਗੈਰਰਸਮੀਂ ਸੰਵਾਦ (ਹਰਮੀਤ ਵਿਦਿਆਰਥੀ) ਪੰਜਾਬੀ ਜਗਤ ਦੇ ਅਦੁੱਤੀ ਸਿਰਜਣਹਾਰਾਂ ਦੇ ਵਿਚਾਰਧਾਰਾਈ ਸੰਘਰਸ਼ ਸਾਹਮਣੇ ਆਪਣੀ ਕਾਇਰਾਨਾ ਹਾਰ ਦਾ ਇਕਬਾਲੀਆ ਬਿਆਨ ਹੈ। ਰਾਮ ਸਿੰਘ ਚਾਹਲ ਦੀ ਕਵਿਤਾ 'ਦਾਣਿਆਂ 'ਚੋਂ ਆਵਾਜ਼ ਆਈ ਹੈ' ਵਿਚ ਇਸ ਦੌਰ ਦੀ ਸੰਭਾਵੀ ਲੜਾਈ ਦੇ ਪਿੜ ਵੱਲ ਇਸ਼ਾਰਾ ਹੈ ਤਾਂ ਸੁਰਜੀਤ ਪਾਤਰ ਦੀ ਕਵਿਤਾ 'ਮਟਕਾ ਚੌਂਕ ਵੱਲ ਜਾਂਦਿਆਂ' ਚੰਡੀਗੜ੍ਹ ਦੇ ਨੌਕਰਸ਼ਾਹੀ ਵਾਤਾਵਰਣ ਦੇ ਸਾਹਮਣੇ ਪੰਜਾਬੀ ਲਈ ਗਿੜਗਿੜਾਉਣ ਤੋਂ ਉਪਜੀ ਬੇਬਸੀ ਦਾ ਹੱਲ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਜੁੜਨ ਵਿਚ ਦੱਸਦੀ ਹੈ। 'ਓ ਜਾਂਦਾ ਕੋਈ ਇਕ ਸਵਾਰ ਬਈ ਓ', ਦੇ ਲਹਿਜੇ ਵਿਚ ਪੰਜਾਬ ਦਾ ਪਿੰਡ ਬੋਲਦਾ ਹੈ।

'ਹੋ ਸਕਦਾ ਹੈ ਬੰਦਾ ਮੁੜ ਕਿਸੇ ਦਿਨ ਉੱਤਰ ਆਏ ਪਹਾੜੋਂ
ਜੇ ਕੈਥਲ ਨਹੀਂ
ਤਾਂ ਹਰ ਹਾਲ ਸਢੌਰੇ ਉਸ ਦੇ ਦਲ ਨਾਲ ਰਲ ਕੇ
ਪਰਤ ਆਵਾਂਗੇ ਆਪਾਂ ਵਤਨ ਨੂੰ
ਫਿਰ ਮਿਲਾਂਗੇ ਸਾਰੇ ਸੁੱਕੀ ਸਰਸਾ ਦੇ ਵਿਛੜੇ ਹੋਏ...." (ਪਾਸ਼, ਯਾਰਾਂ ਨਾਲ ਸੰਵਾਦ)

ਭਵਿੱਖ ਇਸ ਗੱਲ 'ਤੇ ਹੈ ਕਿ 'ਬੰਦਾ' ਕੌਣ ਹੈ, ਕਦੋਂ ਆਵੇਗਾ, ਕਦੋਂ ਪਰਤਾਂਗੇ ਆਪਣੇ ਹੀ ਵਤਨ ਨੂੰ ਕਿ ਜਿਸ ਵਿਚ ਰਹਿੰਦੇ ਹੋਏ ਵੀ ਉਸ ਦੇ ਨਹੀਂ ਹਾਂ। ਵਾਰ ਮਾਝ ਵਿਚ ਗੁਰੂ ਨਾਨਕ ਦੇਵ ਜੀ ਇਸ ਵਰਤਾਰੇ ਨੂੰ 'ਕੂੜ ਅਮਾਵਸ' ਕਹਿੰਦੇ ਹਨ। ਜਿਸ ਵਿਚ ਅੰਧੀ ਰਈਅਤ ਖੜ੍ਹੀ ਹੈ। ਮੈਂ ਇਸ ਪਰਚੇ ਦੇ ਸ਼ੁਰੂ ਵਿਚ ਗੁਰੂ ਗ੍ਰੰਥ ਸਾਹਿਬ ਨੂੰ 'ਪੰਜਾਬੀ ਬੰਦੇ ਦੇ ਸਿਧਾਂਤਕ ਮੁਹਾਜ਼ ਦਾ ਸਭ ਤੋਂ ਕਸ਼ੀਦਿਆ ਦਸਤਾਵੇਜ਼' ਕਿਹਾ ਹੈ। ਮੇਰਾ ਖਿਆਲ ਹੈ ਕਿ ਪਾਸ਼ ਕਿਸੇ ਹੋਰ ਸੰਦਰਭ ਵਿਚ ਗੁਜ਼ਰੇ 400 ਸਾਲਾਂ ਦਾ ਤਜਰਬਾ ਬੀੜ ਦਿੰਦਾ ਹੈ -

"ਉਥੇ ਸ਼ਾਹ ਕਾਲੀਆਂ ਰਾਤਾਂ ਵਿਚ
ਮੁਹੱਬਤ ਦਾ ਇਕ ਉਨੀਂਦਰਾ ਦਸਤਾਵੇਜ਼
ਸੁੱਤੀ ਪਈ ਧਰਤੀ ਤੇ ਫੜਫੜਾਉਂਦਾ ਹੈ
ਲਗਾਤਾਰ ਕੁਰੇਦਦੀ ਹੋਈ ਹਵਾ ਸਾਂਹਵੇਂ
ਨੰਗੀ ਹਿੱਕੇ ਖੜ੍ਹਨ ਦਾ ਇਕ ਸਿਲਸਿਲਾ ਹੈ। ( ਤੈਨੂੰ ਪਤਾ ਨਹੀਂ)

19 ਮਾਰਚ, ਸੰਸਾਰ ਭਰ ਵਿਚ ਇਰਾਕ ਉੱਤੇ ਅਮਰੀਕੀ ਹਮਲੇ ਦੇ ਵਿਰੋਧ ਵਜੋਂ ਮਨਾਇਆ ਜਾਂਦਾ ਹੈ। ਪੰਜਾਬੀ ਇਸ ਵਿਚ ਇਰਾਕੀ ਮਜ਼ਲੂਮਾਂ ਦੇ ਨਾਲ ਖੜ੍ਹਨ ਅਤੇ ਆਪਣੇ ਗੁਰਮੁਖ ਹੋਣ ਦਾ ਸਬੂਤ ਦੇਣ। ਗੁਰੂ ਗ੍ਰੰਥ ਸਾਹਿਬ ਤੋਂ ਨਿਕਲਿਆ ਰਸਤਾ ਹੁਣ ਚਮਕੌਰ ਦੀ ਗੜ੍ਹੀ ਵੱਲ ਜਾਂਦਾ ਹੈ ਜਿੱਥੇ ਇਰਾਕੀ ਰਣਤੱਤੇ 'ਚ ਹਨ। ਅਸੀਂ ਬੇਦਾਵਾ ਲਿਖਣਾ ਹੈ ਜਾਂ ਮੁਕਤੇ ਬਣਨਾ ਹੈ, ਗੁਰੂ ਗ੍ਰੰਥ ਦਾ ਭਵਿੱਖ ਇਸੇ ਚੋਣ ਤੇ ਨਿਰਭਰ ਕਰਦਾ ਹੈ। •

243, ਪੇਰਿਯਾਰ ਹੋਸਟਲ, ਜੇ.ਐਨ.ਯੂ. ਨਵੀਂ ਦਿੱਲੀ-67 ਫੋਨ : 09868366820





# 'ਆਖ਼ਰੀ ਪੱਤਾ' ਵਿਲੱਖਣ ਤੇ ਗੰਭੀਰ ਰਚਨਾ

1.

ਕੇ.ਐਲ.ਗਰਗ ਕਹਾਣੀਕਾਰ, ਵਿਅੰਗਕਾਰ ਤੇ ਹੁਣ ਨਾਵਲਕਾਰ ਬਣ ਗਿਆ ਹੈ। ਉਹ ਚਾਰ ਨਾਵਲ ਲਿਖ ਚੁੱਕਾ ਹੈ। ਪਿੱਛੇ ਜਿਹੇ ਉਹਦਾ ਇਕ ਨਵਾਂ ਨਾਵਲ 'ਆਖ਼ਰੀ ਪੱਤਾ' ਆਇਆ ਹੈ। ਮੇਰੀ ਇਕ ਪੁਰਾਣੀ ਧਾਰਨਾ ਹੈ ਕਿ ਨਾਵਲ ਇਕ ਗੰਭੀਰ ਸਿਨਫ ਹੈ। ਇਹਨੂੰ ਗੰਭੀਰਤਾ ਨਾਲ ਹੀ ਲਿਖਿਆ ਜਾਣਾ ਚਾਹੀਦਾ ਹੈ। ਪੰਜਾਹਵਿਆਂ ਤੋਂ ਟੱਪ ਕੇ ਵਿਅਕਤੀ ਦੇ ਜ਼ਜਬਿਆਂ ਵਿਚ ਠਹਿਰਾਅ ਤੇ ਸੋਚ ਵਿਚ ਪਕਿਆਈ ਆ ਜਾਂਦੀ ਹੈ। ਉਹ ਉਸ ਸਮੇਂ ਜੀਵਨ ਜਿਉਂ ਕੇ ਅਤੇ ਚਿੰਤਨ ਕਰਕੇ ਕਾਫ਼ੀ ਤਜਰਬਾ ਪ੍ਰਾਪਤ ਕਰ ਚੁੱਕਿਆ ਹੁੰਦਾ ਹੈ। ਕੇ.ਐਲ.ਗਰਗ ਦਾ ਨਵਾਂ ਨਾਵਲ 'ਆਖ਼ਰੀ ਪੱਤਾ' ਮੇਰੀ ਉਪਰੋਕਤ ਧਾਰਨਾ ਦੀ ਪੁਸ਼ਟੀ ਕਰਦਾ ਹੈ। ਇਸ ਨਾਵਲ ਵਿਚ ਗਰਗ ਨੇ ਡੂੰਘੀ ਸੂਝ ਤੇ ਮਨੋਵਿਗਿਆਨਕ ਸਮਝ ਦਾ ਪ੍ਰਗਟਾਵਾ ਕੀਤਾ ਹੈ।

ਨਾਵਲ ਦੇ ਪਾਤਰ ਬਹੁਤੇ ਜੀਵਨ ਦੇ ਪਿਛਲੇ ਪੱਖ ਵਿਚ ਪੁੱਜੇ ਹੋਏ ਹਨ। ਉਹਨਾਂ ਨੇ ਲੰਮਾ ਘਰੇਲੂ ਜੀਵਨ ਜੀਵਿਆ ਹੈ ਤੇ ਢੇਰ ਸਾਰੀਆਂ ਪ੍ਰਾਪਤੀਆਂ ਵੀ ਕੀਤੀਆਂ ਹਨ ਤੇ ਇੱਕ ਮੋੜ ਤੇ ਆ ਕੇ ਉਹ ਜੀਵਨ ਤੋਂ ਕੁਝ ਨਿਰਾਸ਼ ਹੋ ਚੁੱਕੇ ਜਾਪਦੇ ਹਨ। ਕਸਬੇ ਦੇ ਇੱਕ ਪਾਰਕ ਵਿਚ ਇਕੱਠੇ ਹੋ ਕੇ ਆਪਣੇ ਦੁੱਖ ਸਾਂਝੇ ਕਰਦੇ ਹਨ ਤੇ ਅਕਸਰ ਨਿਰਾਸ਼ਾ ਦਾ ਪ੍ਰਗਟਾਵਾ ਕਰਦੇ ਹਨ ਪਰੰਤੂ ਇਹਨਾਂ ਦਾ ਇੱਕ ਪਾਤਰ ਖੁਸ਼ਹਾਲ ਚੰਦ, ਜਿਹੜਾ ਕਿਸੇ ਵੇਲੇ ਬਹੁਤ ਧਨੀ ਹੁੰਦਾ ਹੈ ਤੇ ਜਿਸਨੇ ਭਰਪੂਰ ਜੀਵਨ ਜੀਵਿਆ ਹੈ ਤੇ ਜਿਸਨੇ ਸੱਟੇ ਵਿਚ ਸਭ ਕੁਝ ਹੀ ਗੁਆ ਲਿਆ ਹੁੰਦਾ ਹੈ, ਨਿਰਾਸ਼ਾਵਾਦੀ ਨਹੀਂ ਹੈ। ਉਹਦਾ ਦ੍ਰਿੜ ਵਿਸ਼ਵਾਸ ਹੈ ਕਿ ਹਾਰ ਸਦਾ ਨਹੀਂ ਰਹਿੰਦੀ। ਪਾਸਾ ਪਲਟੇਗਾ ਤੇ ਅਵੱਸ਼ ਜਿੱਤ ਪ੍ਰਾਪਤ ਹੋਵੇਗੀ। ਉਹ ਅਕਸਰ ਹੀ ਸਮਾਂ ਗੁਜ਼ਾਰਨ ਲਈ ਪਾਰਕ ਵਿੱਚ ਆਉਂਦਾ ਹੈ। ਲੋਕ ਉਹਨੂੰ ਅੱਜ ਵੀ ਮਖੌਲ ਨਾਲ ਲੱਖਪਤੀ ਸਾਹਿਬ ਕਹਿੰਦੇ ਹਨ। ਪਰ ਉਹ ਆਪਣੀ ਧੁਨ ਵਿਚ ਮਸਤ ਰਹਿੰਦਾ ਹੈ ਤੇ ਸਮਾਂ ਗੁਜ਼ਾਰਨ ਲਈ ਪਾਰਕ ਵਿਚ ਆਉਂਦਾ ਹੈ ਤੇ ਉੱਥੇ ਕੋਈ ਸਾਥੀ ਭਾਲ ਕੇ ਸ਼ਤਰੰਜ ਖੇਡਦਾ ਹੈ। ਨਾਵਲ ਦਾ ਦੂਜਾ ਪਾਤਰ ਟਿਕਟ ਚੈਕਰ ਦੇਸ ਰਾਜ ਹੁੰਦਾ ਹੈ ਜਿਹੜਾ ਕਿਸੇ ਸਮੇਂ ਸਧਾਰਨ ਜੀਵਨ ਜਿਉਂ ਰਿਹਾ ਹੁੰਦਾ ਹੈ। ਉਸਦੇ ਘਰੇ ਸੋਹਣੀ ਪਤਨੀ ਹੈ ਤੇ ਇੱਕ ਬੱਚੀ ਹੈ। ਉਹ ਆਪਣੇ ਜੀਵਨ ਨਾਲ ਸੰਤੁਸ਼ਟ ਹੈ ਤੇ ਕਬੀਲਦਾਰੀ ਦੇ ਚੱਕਰ ਵਿਚ ਗੇੜੇ ਕੱਢਦਾ ਹੈ। ਅਚਾਨਕ ਉਹਦੇ ਜੀਵਨ ਵਿਚ ਇਕ ਮੋੜ ਆਉਂਦਾ ਹੈ। ਉਹਦੇ ਗੁਆਂਢ ਵਿਚ ਰਹਿੰਦਾ ਦੂਜਾ ਟਿਕਟ ਚੈਕਰ ਅਚਾਨਕ ਰੰਡਾ ਹੋ ਜਾਂਦਾ ਹੈ। ਲੋਕ ਉਹਨੂੰ ਦੂਜਾ ਵਿਆਹ ਕਰਾਉਣ ਦੀ ਸਲਾਹ ਦਿੰਦੇ ਹਨ। ਕੁਝ ਸਮੇਂ ਉਪਰੰਤ ਜ਼ਿੰਦਗੀ ਵਿਚ ਹਾਰ ਖਾ ਚੁੱਕੀ ਫੂਲਾ ਰਾਣੀ ਉਸਨੂੰ ਮਿਲ ਜਾਂਦੀ ਹੈ ਤੇ ਉਹ ਇਕ ਦੂਜੇ ਦਾ ਪੂਰਕ ਬਣ ਜਾਂਦੇ ਹਨ, ਪਰੰਤੂ ਫੂਲਾ ਰਾਣੀ ਨੂੰ ਆਪਣੇ ਪਿਛਲੇ ਜੀਵਨ ਦੀ ਅਸਫਲਤਾ ਰੜਕਦੀ ਰਹਿੰਦੀ ਹੈ ਤੇ ਉਸ ਖੇਤਰ ਵਿਚ ਮੁੜ ਸਫਲ ਹੋਣ ਦੀ ਤਾਂਘ ਕਾਇਮ ਰਹਿੰਦੀ ਹੈ। ਜਿਹੜੀ ਐਕਟਰਸਾਂ ਵਰਗੀ ਸੋਹਣੀ ਹੁੰਦੀ ਹੈ। ਫੂਲਾਂ ਰਾਣੀ ਦੀ ਲਗਾਤਾਰ ਪ੍ਰੇਰਨਾ ਨਾਲ ਸੀਤਾ ਵਿਚ ਵੀ ਕਿਸੇ ਨਵੇਂ ਜੀਵਨ ਦੀ ਲਾਲਸਾ ਜਾਗਦੀ ਹੈ ਤੇ ਇਕ ਦਿਨ ਦੋਨੋਂ ਆਪਣਾ ਘਰ-ਬਾਰ ਛੱਡ ਕੇ ਅਲੋਪ ਹੋ ਜਾਂਦੀਆਂ ਹਨ। ਫੂਲਾਂ ਦੇ ਤਾਂ ਮਨ ਵਿਚ ਕੋਈ ਸੰਕਟ ਨਹੀਂ ਸੀ। ਉਸਦੀ ਦੁਰਗਾ ਦੱਤ ਨਾਲ ਕੋਈ ਗੂੜ੍ਹੀ ਮਾਨਸਿਕਤਾ ਸਾਂਝ ਨਹੀਂ ਪਈ ਸੀ ਪਰੰਤੂ ਸੀਤਾ ਆਪਣੇ ਪਤੀ ਦੇਸ ਰਾਜ ਤੇ ਆਪਣੀ ਬੱਚੀ ਨੂੰ ਭੁਲਾ ਕੇ ਚਲੀ ਜਾਂਦੀ ਹੈ। ਦੇਸ ਰਾਜ ਲਈ ਇਹ ਬਹੁਤ ਵੱਡੀ ਸੱਟ ਹੈ। ਉਹ ਹੌਲੀ-ਹੌਲੀ ਆਪਣਾ ਮਾਨਸਿਕ ਤੁਆਜ਼ਨ

ਗੁਆ ਦਿੰਦਾ ਹੈ। ਉਹਦੀ ਬੱਚੀ ਨੂੰ ਉਹਦੀ ਭੈਣ ਲੈ ਜਾਂਦੀ ਹੈ ਤੇ ਪਾਲਦੀ ਹੈ। ਦੇਸ ਰਾਜ ਨੂੰ ਆਸ ਹੈ ਕਿ ਇਕ ਦਿਨ ਸੀਤਾ ਵਾਪਸ ਆਵੇਗੀ ਤੇ ਇਹ ਵੀ ਸੋਚਦਾ ਹੈ ਕਿ ਉਹ ਗਈ ਵੀ ਗੱਡੀ ਰਾਹੀਂ ਹੈ ਤੇ ਆਵੇਗੀ ਵੀ ਗੱਡੀ ਰਾਹੀਂ। ਇਸ ਲਈ ਉਹ ਹਮੇਸ਼ਾ ਗੱਡੀ ਦੀ ਉਡੀਕ ਵਿਚ ਰਹਿੰਦਾ ਹੈ।

ਆਪਣੇ ਕੋਲ ਗਾਰਡਾਂ ਵਾਲੀ ਝੰਡੀ ਤੇ ਸੀਟੀ ਵੀ ਰੱਖਦਾ ਹੈ। ਉਹ ਵੀ ਸਮਾਂ ਬਿਤਾਉਣ ਲਈ ਪਾਰਕ ਵਿਚ ਖੁਸ਼ਹਾਲ ਚੰਦ ਕੋਲ ਆ ਜਾਂਦਾ ਹੈ। ਤੀਜਾ ਪਾਤਰ ਹੈ ਮਾਸਟਰ ਪਿਆਰੇ ਲਾਲ ਪ੍ਰਭਾਕਰ। ਉਂਝ ਉਹਦਾ ਨਾਂਅ ਪਿਆਰੇ ਲਾਲ ਸ਼ਰਮਾ ਹੈ ਪਰੰਤੂ ਹਿੰਦੀ ਦੀ ਪ੍ਰਭਾਕਰ ਪਾਸ ਕਰਨ ਕਰਕੇ ਲੋਕ ਉਹਨੂੰ ਪ੍ਰਭਾਕਰ ਕਹਿਣ ਲੱਗ ਜਾਂਦੇ ਹਨ। ਉਹਦਾ ਪਿਤਾ ਪੰਡਤਾਂ ਵਾਲੀ ਜਜਮਾਨੀ ਪ੍ਰੋਹਤੀ ਕਰਦਾ ਹੈ ਤੇ ਪੁੱਛਾਂ ਆਦਿ ਦਿੰਦਾ ਹੈ ਤੇ ਪਿਆਰੇ ਲਾਲ ਨੂੰ ਵੀ ਖਾਨਦਾਨੀ ਕੰਮ ਸਿੱਖਣ ਲਈ ਪ੍ਰੇਰਦਾ ਹੈ, ਪਰੰਤੂ ਪਿਆਰੇ ਲਾਲ ਇਹਨੂੰ ਨਖਿੱਧ ਕੰਮ ਸਮਝ ਕੇ ਇਸ ਤੋਂ ਦੂਰ ਭੱਜਦਾ ਹੈ ਤੇ ਕੁਝ ਮਿਹਨਤ ਕਰਕੇ ਇਕ ਪ੍ਰਾਈਵੇਟ ਸਕੂਲ ਵਿਚ ਭਾਸ਼ਾ ਅਧਿਆਪਕ ਲੱਗ ਜਾਂਦਾ ਹੈ। ਉਹ ਹਰ ਮਿਲਣ ਵਾਲੇ ਨੂੰ 'ਬੰਧੂ' ਕਹਿ ਕੇ ਮਿਲਦਾ ਹੈ। ਇਸ ਲਈ 'ਬੰਧੂ' ਵੀ ਉਹਦੇ ਨਾਂਅ ਨਾਲ ਜੁੜ ਜਾਂਦਾ ਹੈ। ਪਿਤਾ ਦੇ ਮਰਨ ਉਪਰੰਤ ਬੰਧੂ ਦੀ ਕਬੀਲਦਾਰੀ ਵਧ ਜਾਂਦੀ ਹੈ ਪਰੰਤੂ ਆਮਦਨ ਨਹੀਂ ਵਧਦੀ। ਪਰੰਤੂ ਉਹ ਸਬਰ ਨਾਲ ਜਿਉਂਦਾ ਹੈ ਤੇ ਸਮਾਂ ਕੱਟਣ ਲਈ ਉਹ ਵੀ ਪਾਰਕ ਵਿਚ ਖੁਸ਼ਹਾਲ ਚੰਦ ਹੋਰਾਂ ਕੋਲ ਆ ਜਾਂਦਾ ਹੈ। ਚੌਥਾ ਪਾਤਰ ਹੁਸ਼ਿਆਰ ਸਿੰਘ ਅਰੋੜਾ ਹੈ। ਇਹ ਪੱਛਮੀ ਪਾਕਿਸਤਾਨ 'ਚ ਆਇਆ ਅਰੋੜਾ ਖੱਤਰੀ ਹੈ। ਉਸਦਾ ਪਿਤਾ ਕਸਬੇ ਦੇ ਕੋਲ ਇਕ ਪਿੰਡ ਵਿਚ ਦੁਕਾਨਦਾਰੀ ਕਰਦਾ ਹੈ ਤੇ ਇਹ ਵੀ ਪਿਤਾ ਦੇ ਮਰਨ ਉਪਰੰਤ ਕਬੀਲਦਾਰੀ ਸਾਂਭਦਾ ਹੈ। ਵਿਆਹਿਆ ਜਾਂਦਾ ਹੈ, ਦੋ ਮੁੰਡਿਆਂ ਦਾ ਪਿਓ ਬਣਦਾ ਹੈ ਤੇ ਆਪਣਾ ਕਾਰੋਬਾਰ ਵਧਾਉਂਦਾ ਹੈ। ਪੰਜਾਬ ਵਿਚ ਅੱਤਵਾਦ ਦੇ ਸਮੇਂ ਉਹ ਕੇਸ ਰੱਖ ਲੈਂਦਾ ਹੈ ਤੇ ਆਪ ਹੁਸ਼ਿਆਰ ਸਿੰਘ ਬਣ ਜਾਂਦਾ ਹੈ। ਉਹਦੇ ਮੁੰਡੇ ਵਿਆਹੇ ਜਾਂਦੇ ਹਨ ਤੇ ਸ਼ਹਿਰ ਵਿਚ ਜਾ ਕੇ ਕਾਰੋਬਾਰ ਸ਼ੁਰੂ ਕਰਦੇ ਹਨ। ਅਚਾਨਕ ਉਹਦੀ ਪਤਨੀ ਮਰ ਜਾਂਦੀ ਹੈ ਤੇ ਉਹ ਉਸ ਉਮਰ ਵਿਚ ਇਕੱਲਾ ਰਹਿ ਜਾਂਦਾ ਹੈ ਜਦੋਂ ਹਾਲੇ ਮਰਦ ਨੂੰ ਸਰੀਰਕ ਤੇ ਮਾਨਸਿਕ ਪੱਖੋਂ ਔਰਤ ਦੀ ਲੋੜ ਹੁੰਦੀ ਹੈ। ਉਹ ਕਸਬੇ ਵਿਚ ਆਪਣੇ ਮੁੰਡਿਆਂ ਕੋਲ ਚਲਾ ਜਾਂਦਾ ਹੈ। ਪਰੰਤੂ ਉਥੇ ਵੀ ਆਪਣੀ ਭੁੱਖ ਦਾ ਪ੍ਰਗਟਾਵਾ ਕਰਦਾ ਹੈ। ਇਸ ਉੱਤੇ ਉਹਦੇ ਮੁੰਡੇ ਕਾਰੋਬਾਰ ਪ੍ਰਭਾਵਿਤ ਹੋਣ ਦੇ ਡਰੋਂ ਉਸਨੂੰ ਕਾਰੋਬਾਰ ਤੋਂ ਵਿਹਲਾ ਕਰ ਦਿੰਦੇ ਹਨ। ਉਹ ਵੀ ਪਾਰਕ ਵਿਚ ਆ ਕੇ ਖੁਸ਼ਹਾਲ ਚੰਦ ਹੋਰਾਂ ਦੀ ਜੁੰਡਲੀ ਵਿਚ ਸ਼ਾਮਲ ਹੋ ਜਾਂਦਾ ਹੈ। ਪੰਜਵਾਂ ਪਾਤਰ ਪਟਵਾਰੀ ਤੋਂ ਬਣਿਆ ਤਹਿਸੀਲਦਾਰ ਬਚਿੱਤਰ ਸਿੰਘ ਹੁੰਦਾ ਹੈ ਜਿਸਨੇ ਆਪਣੇ ਪੇਸ਼ੇ ਵਿਚ ਢੇਰ ਸਾਰਾ ਧਨ ਕਮਾਇਆ ਤੇ ਜਾਇਦਾਦ ਬਣਾਈ ਹੁੰਦੀ ਹੈ। ਉਸਦੇ ਦੋ ਮੁੰਡੇ ਹਨ ਜਿਹੜੇ ਪੜ੍ਹ-ਲਿਖ ਕੇ ਚੰਗਾ ਕਾਰੋਬਾਰ ਚਲਾਉਂਦੇ ਹਨ ਤੇ ਵੱਡੇ ਘਰੀਂ ਵਿਆਹੇ ਜਾਂਦੇ ਹਨ ਤੇ ਮੁੰਡੇ ਅਤੇ ਨੂੰਹਾਂ ਹੌਲੀ-ਹੌਲੀ ਬਚਿੱਤਰ ਸਿੰਘ ਤੇ ਉਹਦੀ ਪਤਨੀ ਨੂੰ ਖੂੰਜੇ ਲਾ ਦਿੰਦੇ ਹਨ। ਇੱਕ ਦਿਨ ਉਹਦੀ ਪਤਨੀ ਨੂੰਹ ਹੱਥੋਂ ਜਲੀਲ ਹੋ ਕੇ ਆਤਮ ਹੱਤਿਆ ਕਰ ਲੈਂਦੀ ਹੈ। ਇਸ ਤਰ੍ਹਾਂ ਉਹ ਵੀ ਸਾਰੇ ਪੱਖਾਂ ਤੋਂ ਉਚਾਟ ਹੋ ਕੇ ਪਾਰਕ ਵਿਚ ਉਹਨਾਂ ਕੋਲ ਆਉਣ ਲੱਗ ਜਾਂਦਾ ਹੈ ਤੇ ਨਿਰਾਸ਼ ਹੋ ਕੇ ਗੁਰਦੁਆਰੇ ਵਿਚ ਸੇਵਾ ਕਰਨ ਲੱਗ ਜਾਂਦਾ ਹੈ ਤੇ ਰਹਿੰਦਾ ਵੀ ਉੱਥੇ ਹੈ।

2

ਹੌਲੀ-ਹੌਲੀ ਸਮਾਂ ਬੀਤਦਾ ਹੈ ਤੇ ਇਹਨਾਂ ਪਾਤਰਾਂ ਦੇ ਜੀਵਨ ਵਿਚ ਤਬਦੀਲੀ ਆਉਂਦੀ ਹੈ। ਇਕ ਦਿਨ ਦੇਸ ਰਾਜ ਦਾ ਜੁਆਈ ਦੇਸ ਰਾਜ ਦੀ ਆਸ ਖ਼ਤਮ ਕਰ ਦਿੰਦਾ ਹੈ ਕਿ ਹੁਣ ਗੱਡੀ ਨਹੀਂ ਆਏਗੀ। ਕਿਉਂਕਿ ਉਸਦਾ ਐਕਸੀਡੈਂਟ ਹੋ ਗਿਆ। ਦੇਸ ਰਾਜ ਇਹ ਗੱਲ ਦਿਲ ਨੂੰ ਲਾ ਲੈਂਦਾ ਹੈ। ਉਸਦੀ ਜਿਉਣ ਦੀ ਆਸ ਖ਼ਤਮ ਹੋ ਜਾਂਦੀ ਹੈ ਤੇ ਉਹ ਪਾਰਕ ਵਿਚ ਆ ਕੇ ਦਮ ਤੋੜ ਦਿੰਦਾ ਹੈ। ਇਕ ਦਿਨ ਖੁਸ਼ਹਾਲ ਚੰਦ ਦੀ ਦਸ ਲੱਖ ਰੁਪਏ



ਦੀ ਲਾਟਰੀ ਨਿਕਲ ਆਉਂਦੀ ਹੈ ਤੇ ਜਿਸ ਹਾਕ ਦੀ ਉਹ ਆਸ ਰੱਖਦਾ ਸੀ ਉਹ ਵੱਜ ਜਾਂਦੀ ਹੈ। ਉਸਦੇ ਜੀਵਨ ਵਿਚ ਤਬਦੀਲੀ ਆਉਂਦੀ ਹੈ। ਤਹਿਸੀਲਦਾਰ ਬਚਿੱਤਰ ਸਿੰਘ ਹੁਸ਼ਿਆਰ ਸਿੰਘ ਲਈ ਇੱਕ ਅਧਖੜ ਬੇ-ਸਹਾਰਾ ਔਰਤ ਪ੍ਰਸਿੰਨੀ ਲੱਭ ਦਿੰਦਾ ਹੈ। ਜਿਸਦਾ ਸਾਰਾ ਪਰਿਵਾਰ ਇਕ ਹਾਦਸੇ ਵਿਚ ਮਾਰਿਆ ਗਿਆ ਹੁੰਦਾ ਹੈ। ਇਸ ਤਰ੍ਹਾਂ ਹੁਸ਼ਿਆਰ ਸਿੰਘ ਤੇ ਪ੍ਰਸਿੰਨੀ ਦੇਈ ਇਕ ਦੂਜੇ ਦੇ ਪੂਰਕ ਬਣ ਜਾਂਦੇ ਹਨ ਤੇ ਵਾਪਸ ਪਿੰਡ ਵਿਚ ਜਾ ਕੇ ਰਹਿਣ ਲੱਗ ਜਾਂਦੇ ਹਨ। ਇਸ ਤਰ੍ਹਾਂ ਉਹਨਾਂ ਦੋਨਾਂ ਨੂੰ ਆਪਣੀ ਮੰਜ਼ਿਲ ਮਿਲ ਜਾਂਦੀ ਹੈ। ਪਿਆਰੇ ਲਾਲ ਪ੍ਰਭਾਕਰ ਮੰਦਰ ਦੇ ਛੋਟੇ ਪੁਜਾਰੀ ਮਰਨ ਉਪਰੰਤ ਲੋਕਾਂ ਦੇ ਕਹਿਣ 'ਤੇ ਛੋਟਾ ਪੁਜਾਰੀ ਬਣ ਜਾਂਦਾ ਹੈ ਤੇ ਆਪਣਾ ਪਿਤਾ ਪੁਰਖੀ ਕੰਮ ਆਰੰਭ ਦਿੰਦਾ ਹੈ। ਜਿਸ ਵਿਚ ਉਹ ਛੇਤੀ ਹੀ ਸਫਲ ਹੋ ਜਾਂਦਾ ਹੈ। ਧਨ ਵੀ ਕਮਾਉਂਦਾ ਹੈ ਤੇ ਨਾਮ ਵੀ। ਉਹਨੂੰ ਵੀ ਜੀਵਨ ਜਿਉਣ ਦਾ ਇਕ ਰਾਹ ਲੱਭ ਪੈਂਦਾ ਹੈ। ਤਹਿਸੀਲਦਾਰ ਬਚਿੱਤਰ ਸਿੰਘ ਗੁਰਦੁਆਰੇ ਦਾ ਪ੍ਰਬੰਧਕ ਬਣ ਜਾਂਦਾ ਹੈ ਤੇ ਆਪਣਾ ਜੀਵਨ ਗੁਰਦੁਆਰੇ ਦੀ ਸੇਵਾ ਵਿਚ ਲਾ ਦਿੰਦਾ ਹੈ। ਉਹ ਪੰਜੇ ਜਣੇ ਫਿਰ ਵੀ ਸਮੇਂ-ਸਮੇਂ ਤੇ ਪਾਰਕ ਵਿਚ ਇਕੱਠੇ ਹੁੰਦੇ ਹਨ ਤੇ ਪਾਰਕ ਦੇ ਵਿਕਾਸ ਲਈ ਕੰਮ ਕਰਦੇ ਹਨ। ਖੁਸ਼ਹਾਲ ਚੰਦ ਦੋ ਕਮਰੇ ਬਣਵਾ ਕੇ ਲਾਇਬ੍ਰੇਰੀ ਤੇ ਡਿਸਪੈਂਸਰੀ ਖੋਲ੍ਹਦਾ ਹੈ। ਬਚਿੱਤਰ ਸਿੰਘ ਮਾਲੀ ਦੀ ਨਵੇਂ ਬੂਟੇ ਲਾਉਣ ਵਿਚ ਸਹਾਇਤਾ ਕਰਦਾ ਹੈ ਤੇ ਬਾਗ ਹਰਿਆ-ਭਰਿਆ ਹੋ ਜਾਂਦਾ ਹੈ। ਪ੍ਰਸਿੰਨੀ ਤੇ ਹੁਸ਼ਿਆਰ ਵੀ ਪਿੰਡੋਂ ਪਾਰਕ ਵਿਚ ਅਵੱਸ਼ ਆਉਂਦੇ। ਇਸ ਤਰ੍ਹਾਂ ਨਾਵਲਕਾਰ ਸਾਰੇ ਪਾਤਰਾਂ ਨੂੰ ਅੰਨ੍ਹੀ ਗਲੀ ਵਿਚੋਂ ਕੱਢ ਕੇ ਜੀਵਨ ਨੂੰ ਉਤਸ਼ਾਹ ਨਾਲ ਜਿਉਣ ਤੇ ਲੋਕ-ਲੇਖੇ ਲਾਉਣ ਦੇ ਰਾਹ ਤੋਰ ਦਿੰਦਾ ਹੈ। ਇਸ ਤਰ੍ਹਾਂ ਜੀਵਨ ਜਿਉਣ ਦਾ ਸੁਨੇਹਾ ਦੇਣਾ ਇਕ ਉਸਾਰੂ ਗੱਲ ਹੈ।

3

ਨਾਵਲ ਵਿਚ ਨਾਵਲਕਾਰ ਪੰਜਾਬ ਵਿਚ ਪਿਛਲੇ ਸਮੇਂ ਵਿਚ ਚੱਲੇ ਅੱਤਵਾਦ ਬਾਰੇ ਗੱਲ ਕਰਦਾ ਹੈ ਤੇ ਉਸਦਾ ਲੋਕ ਵਿਰੋਧੀ ਖਾਸਾ ਨੰਗਾ ਕਰਦਾ ਹੈ। ਨਾਵਲਕਾਰ ਸਾਧੂਆਂ ਦੇ ਪਾਤਰ ਪੇਸ਼ ਕਰਦਾ ਹੈ। ਨੁੱਕਰ ਨਾਟਕ ਦੀ ਪੇਸ਼ਕਾਰੀ ਕਰਵਾ ਕੇ ਤੇ ਖੇਡੇ ਵਾਲੇ ਦੀ ਖੇਡ ਦਾ ਵਰਨਣ ਕਰਕੇ, ਤਾਸ਼ ਖੇਡਦੇ ਮੁੰਡਿਆਂ ਨੂੰ ਕੁੱਟਦੀ ਪੁਲਿਸ ਦਾ ਵਰਨਣ ਕਰਕੇ ਜੀਵਨ ਦੇ ਵੱਖੋ-ਵੱਖਰੇ ਮਸਲਿਆਂ ਨੂੰ ਪੇਸ਼ ਕਰਦਾ ਹੈ ਅਤੇ ਸਮਾਜ ਦੇ ਗਲਤ ਵਰਤਾਰੇ ਨੂੰ ਨੰਗਾ ਕਰਦਾ ਹੈ। ਇਸ ਤਰ੍ਹਾਂ ਨਾਵਲਕਾਰ ਮਨੋਵਿਗਿਆਨਕ ਪੱਖੋਂ ਪਾਤਰਾਂ ਦੀ ਉਸਾਰੀ ਕਰਕੇ ਢੇਰ ਸਾਰੇ ਸਮਾਜਿਕ ਸਵਾਲਾਂ ਬਾਰੇ ਅੱਗੇ ਵਧੂ ਦ੍ਰਿਸ਼ਟੀ ਤੋਂ ਆਪਣੇ ਵਿਚਾਰ ਪੇਸ਼ ਕਰਦਾ ਹੈ ਅਤੇ ਇਸ ਨਾਵਲ ਰਾਹੀਂ ਜੀਵਨ ਸੰਘਰਸ਼ ਲੜਨ, ਸਦਾ ਆਸ਼ਾਵਾਦੀ ਰਹਿਣ ਤੇ ਜੀਵਨ ਦੀ ਜਿੱਤ ਦਾ ਝੰਡਾ ਉੱਚਾ ਕਰਕੇ ਜੀਵਨ ਜਿਉਣ ਦਾ ਰਾਹ ਦੱਸਦਾ ਹੈ। ਕੇ.ਐਲ.ਗਰਗ ਦਾ ਇਹ ਨਾਵਲ ਪੰਜਾਬੀ ਨਾਵਲ ਵਿਚ ਇਕ ਵਿਲੱਖਣ ਕਾਰਜ ਹੈ ਜਿਸਨੂੰ ਕਿਸੇ ਵੀ ਚੰਗੇ ਵਿਦੇਸ਼ੀ ਨਾਵਲਾਂ ਦੇ ਮੁਕਾਬਲੇ ਵਿਚ ਰੱਖਿਆ ਜਾ ਸਕਦਾ ਹੈ। ਖਾਸ ਕਰਕੇ ਅਮਰੀਕਨ ਨਾਵਲਕਾਰ ਅਰਨੈਸਟ ਹਮਿੰਗਵੇ ਦੇ ਸੰਸਾਰ ਪ੍ਰਸਿੱਧ ਨਾਵਲ 'ਬੁੱਢਾ ਤੇ ਸਮੁੰਦਰ' ਦੀ ਝਲਕ ਇਸ ਵਿਚ ਦੇਖੀ ਜਾ ਸਕਦੀ ਹੈ। ਇਸ ਨਾਵਲ ਵਿਚ ਨਾਵਲਕਾਰ ਇਕ ਦਰਸ਼ਨ ਇਕ ਫਿਲਾਸਫ਼ੀ ਪੇਸ਼ ਕਰਦਾ ਹੈ। ਇਹ ਫਿਲਾਸਫ਼ੀ ਟਕਸਾਲੀ ਜਾਂ ਕਿਤਾਬੀ ਨਹੀਂ ਬਲਕਿ ਜੀਵਨ ਸੰਘਰਸ਼ ਕਰਕੇ ਪ੍ਰਾਪਤ ਕੀਤੀ ਵਿਵਹਾਰਕ ਫਿਲਾਸਫੀ ਹੈ ਜਿਹੜੀ ਜੀਵਨ ਦਾ ਸਹਿਜ ਮਾਰਗ ਦੱਸਦੀ ਹੈ।

ਨਾਵਲ ਦਾ ਸਿਰਲੇਖ 'ਆਖਰੀ ਪੱਤਾ' ਜ਼ਿੰਦਗੀ ਦੀ ਆਸ ਦਾ ਪ੍ਰਤੀਕ ਹੈ ਜਿਸਦੇ ਅਰਥ ਹਨ ਕਿ, ਜ਼ਿੰਦਗੀ ਰੂਪੀ ਦਰੱਖਤ ਦਾ ਆਖਰੀ ਪੱਤਾ ਹੋਣ ਤੇ ਵੀ ਜੀਵਨ ਜਿਉਣ ਤੇ ਸੰਘਰਸ਼ ਕਰਨ ਦਾ ਤਿਆਗ ਨਹੀਂ ਕਰਨਾ ਚਾਹੀਦਾ।

**- ਸੁਰਜੀਤ ਗਿੱਲ**

## ਅੱਲਾ ਮੀਆਂ ਥੱਲੇ ਆ / (ਸਾਈਂ ਅਖ਼ਤਰ ਲਾਹੌਰੀ)

'ਅੱਲਾ ਮੀਆਂ ਥੱਲੇ ਆ' (ਕੁਕਨੁਸ ਪ੍ਰਕਾਸ਼ਨ, ਜਲੰਧਰ) ਦਰਸਾਉਂਦੀ ਹੈ ਕਿ ਕਲਾ ਆਪਣੇ ਸਮੇਂ ਦੀਆਂ ਪ੍ਰਸਥਿਤੀਆਂ ਦੇ ਯਥਾਰਥ ਵਿਚੋਂ ਪੈਦਾ ਹੁੰਦੀ ਹੈ। ਕਲਾਕਾਰ ਵਿਰੋਧ ਵਿਕਾਸੀ ਵਿਧੀ ਨਾਲ ਚਿੰਤਨ ਕਰਕੇ ਇਸ ਯਥਾਰਥ ਵਿਚੋਂ ਸਾਮਗਰੀ ਲੈਂਦਾ ਅਤੇ ਉਸ ਵਾਸਤੇ, ਅਗਾਂਹਵਧੂ ਸੇਧ ਦੇ ਅੰਤਰਗਤ ਕਲਾਮਈ ਕਿਰਤਾਂ ਸਿਰਜ ਕੇ ਸਮਾਜਿਕ ਵਿਕਾਸ ਲਈ ਰਸਤਾ ਬਣਾਉਂਦਾ ਹੈ। 'ਅੱਲਾ ਮੀਆਂ ਥੱਲੇ ਆ' ਨਾ ਕੇਵਲ ਲਹਿੰਦੇ ਪੰਜਾਬ ਦੇ ਸਮਾਜ ਦੀਆਂ ਸਮੱਸਿਆਵਾਂ ਦਾ ਉਲੇਖ ਕਰਦੀ ਹੈ, ਸਗੋਂ ਸਮੂਹ ਕਿਰਤੀ ਕਿਸਾਨ ਲੋਕਾਂ ਦੇ ਜੁਝਾਰੂ ਸੰਘਰਸ਼ ਦਾ ਚਿਤਰ ਖਿੱਚਦੀ ਹੈ।

ਇਸ ਦੀ 'ਅੱਲਾ ਮੀਆਂ ਥੱਲੇ ਆ' ਕਵਿਤਾ ਲੋਕਾਂ ਦੀਆਂ ਸਮੱਸਿਆਵਾਂ ਜਿਵੇਂ ਪਰਿਵਾਰਕ ਜੀਵਨ ਦੀਆਂ ਸਮੱਸਿਆਵਾਂ, ਸਮਾਜਿਕ ਰੀਤਾਂ-ਰਿਵਾਜਾਂ ਵਾਸਤੇ ਪੈਸੇ ਦੀ ਥੁੜ, ਔਰਤਾਂ ਦੀ ਦੁਰਦਸ਼ਾ, ਦੁਰਾਚਾਰ ਆਦਿ ਤੋਂ ਪਰਦਾ ਚੁੱਕਦੀ ਹੈ ਅਤੇ ਇਸ ਦੇ ਹੱਲ ਲੱਭਣ ਵੱਲ ਪ੍ਰੇਰਤ ਵੀ ਕਰਦੀ ਹੈ। ਅੱਲਾ ਮੀਆਂ ਨੂੰ ਸੰਬੋਧਨ ਵਧੀਆ ਕਲਾ ਜੁਗਤ ਹੈ ਜੋ ਵਿਚਾਰ ਪ੍ਰਗਟਾਵੇ ਲਈ ਕਾਰਗਾਰ ਤੇ ਉਮਦਾ ਹੈ। ਇਸ ਵਿਚ ਇਸ ਸਮੱਸਿਆ ਦੇ ਅੰਤਰ ਰਾਸ਼ਟਰੀ ਪਸਾਰ ਵੀ ਲਏ ਗਏ ਹਨ ਜਿਵੇਂ ਸੋਵੀਅਤ ਯੂਨੀਅਨ ਦਾ ਟੁੱਟਣਾ, ਅਮਰੀਕਾ ਦੀ ਠਾਣੇਦਾਰੀ ਆਦਿ ਸਮੱਸਿਆਵਾਂ ਵਧੀਆ ਨਿਭੀਆਂ ਹਨ।

'ਵਿਹਲਾ ਮੁੰਡਾ' ਆਧੁਨਿਕ ਪ੍ਰਛਾਵੇਂ ਹੇਠ ਬੇਰੁਜ਼ਗਾਰ ਕਿਸ਼ੋਰਾਂ ਦੀ ਹਾਲਤ ਦਾ ਸ਼ੀਸ਼ਾ ਹੈ। 'ਇਕ ਇਕ ਕਮਰਾ' ਪਰਿਵਾਰਕ ਜੀਵਨ ਦੇ ਵੱਡੇ ਆਕਾਰ ਤੇ ਸੀਮਤ ਰਹਿਣ ਸਥਾਨ ਦੀ ਸਮੱਸਿਆ ਵੱਲ ਧਿਆਨ ਦੁਆਉਂਦੀ ਹੈ। 'ਮਾਂਗਵੀ ਬੰਦੂਕ' ਦੱਸਦੀ ਹੈ ਕਿ ਲੋਕਾਂ ਦੇ ਸੰਘਰਸ਼ ਨੂੰ ਦਬਾਇਆ ਨਹੀਂ ਜਾ ਸਕਦਾ। ਸੰਘਰਸ਼ ਰਾਹੀਂ ਲੋਕਾਂ ਨੇ ਕਾਮਯਾਬੀਆਂ ਹਾਸਲ ਕਰਕੇ ਹੀ ਖਲੋਣਾ ਹੈ।

ਕੋਈ ਕਵਿਤਾ ਲੈ ਲਓ 'ਮਿਹਨਤਕਸ਼ ਦਾ ਬੱਚਾ', 'ਵਹੁਟੀ ਅੱਗੇ ਉੱਚੀ ਬੋਲਾਂ', 'ਬੰਦਾ ਬੜਾ ਖਾਸ ਹਾਂ' ਸਮਾਜਿਕ ਜੀਵਨ ਦੀਆਂ ਬੇਰੁਜ਼ਗਾਰੀ ਬੇਵਸੀ, ਗਰੀਬੀ ਸਮੱਸਿਆਵਾਂ ਦੇ ਪ੍ਰਗਟਾਅ ਲਈ ਇਕ ਤੋਂ ਇਕ ਵਧ ਕੇ ਹਨ।

'ਮਾਂ ਬੋਲੀ' ਸਾਂਈਂ ਅਖ਼ਤਰ ਦੀ ਪੰਜਾਬੀ ਮਾਂ ਬੋਲੀ ਪ੍ਰਤੀ ਪਹੁੰਚ ਵੀ ਦਰਸਾਉਂਦੀ ਹੈ ਅਤੇ ਲਹਿੰਦੇ ਪੰਜਾਬ ਵਿਚ ਇਸ ਦੀ ਅਜੋਕੀ ਹਾਲਾਤ 'ਤੇ ਵੀ ਰੌਸ਼ਨੀ ਪਾਉਂਦੀ ਹੈ ਅਤੇ ਕੁਝ ਸੋਚਣ ਲਈ ਪ੍ਰੇਰਤ ਵੀ ਕਰਦੀ ਹੈ। 'ਲਾਹੌਰ ਦੇ ਵੇਖ ਨਜ਼ਾਰੇ' ਜਿੱਥੇ ਇਸ ਪਿਆਰੇ ਸ਼ਹਿਰ ਦੇ ਸੱਭਿਆਚਾਰ ਦਾ ਵਰਨਣ ਕਰਦੀ ਹੈ ਉਥੇ ਇਥੋਂ ਦੇ ਵਾਸੀਆਂ ਦੀਆਂ ਪਰਿਵਾਰਕ, ਸਮਾਜਿਕ ਸਮੱਸਿਆਵਾਂ ਦੇ ਹੱਲਾਂ ਲਈ ਵੀ ਪ੍ਰੇਰਤ ਕਰਦੀ ਹੈ।

ਲਹਿੰਦੇ ਪੰਜਾਬ ਦੇ ਸਮਾਜ ਵਿਚ ਔਰਤ ਦੀ ਥਾਂ 'ਨਹਾਤਾ ਘੋੜਾ' ਤੋਂ ਪ੍ਰਗਟ ਹੁੰਦੀ ਹੈ। ਇਹ ਹਾਲਾਤ ਸਮਾਜਕ ਪਹੁੰਚ ਦੇ ਸਿਰ ਤੇ ਹੈ। ਜਿੰਨਾ ਚਿਰ ਇਹ ਨਹੀਂ ਬਦਲਦੀ ਹਾਲਾਤ ਸਹੀ ਕਰਵਟ ਨਹੀਂ ਲੈ ਸਕਦੇ।

ਅਗਲੀ ਅਹਿਮ ਕਵਿਤਾ 'ਮੇਰੇ ਦੇਸ਼ ਨੂੰ ਸੱਤੇ ਖ਼ੈਰਾਂ' ਲਹਿੰਦੇ ਪੰਜਾਬ ਦੇ ਸਮਾਜਿਕ ਜੀਵਨ ਦੇ ਵਿਲੱਖਣ ਪੱਖ 'ਤੇ ਰੌਸ਼ਨੀ ਪਾਉਂਦੀ ਹੈ। ਦੱਸਿਆ ਗਿਆ ਹੈ ਕਿ ਹਕੂਮਤ ਦਾ ਗਰੀਬ ਲੋਕਾਂ ਪ੍ਰਤੀ ਕੀ ਰਵੱਈਆ ਹੋਣਾ ਚਾਹੀਦਾ ਹੈ।

ਹਿਰਨੀ ਗ਼ਜ਼ਲਾਂ ਲਈ ਵਧੀਆ ਸੰਕੇਤ ਹੋ ਸਕਦਾ ਹੈ। ਹੋ ਸਕਦਾ ਹੈ ਕਿ ਇਸਨੂੰ ਵਧੇਰੇ ਸਾਹਿਤਕਾਰ ਅਪਣਾ ਲੈਣ।

ਕੁਲ ਮਿਲਾ ਕੇ 'ਅੱਲਾ ਮੀਆਂ ਥੱਲੇ ਆ' ਲਹਿੰਦੇ ਪੰਜਾਬ ਦੇ ਲੋਕ-ਸੰਘਰਸ਼ ਦੀ



ਅਗਵਾਈ ਕਰਦੀ ਹੋਈ ਅਗਾਂਹਵਧੂ ਨਜ਼ਰੀਏ ਦਾ ਪ੍ਰਸਾਰਣ ਕਰਦੀ ਹੈ ਅਤੇ ਇਹ ਉਸ ਸਮਾਜ ਦੀਆਂ ਸਮੱਸਿਆਵਾਂ ਨਾਲ ਦੋ ਚਾਰ ਹੁੰਦੀ ਹੋਈ ਉੱਚ ਕੋਟੀ ਦੀ ਕਲਾ ਕਿਰਤ ਸਿਰਜੇ ਜਾਣ ਲਈ ਪ੍ਰੇਰਨਾ ਦੇ ਪੂਰਨੇ ਵੀ ਪਾਉਂਦੀ ਹੈ। ਆਸ ਹੈ ਕਿ ਸਾਈਂ ਅਖ਼ਤਰ ਇਸ ਮੰਜ਼ਿਲ 'ਤੇ ਅੱਗੇ ਵਧਦੇ ਜਾਣਗੇ ਅਤੇ ਹੁੰਦਲ ਸਾਹਿਬ ਵੀ ਉਨ੍ਹਾਂ ਦੀਆਂ ਹੋਰ ਰਚਨਾਵਾਂ ਚੜ੍ਹਦੇ ਪੰਜਾਬ ਦੇ ਪਾਠਕਾਂ ਦੀ ਨਜ਼ਰ ਕਰੀ ਜਾਣਗੇ।

ਡਾ. ਰਾਏ ਜਸਵੀਰ ਸਿੰਘ,ਬੀ-13, ਗੁ. ਨ. ਦੇ.ਯੂਨੀਵਰਸਿਟੀ

ਜਾਣ-ਪਛਾਣ

## ਕਾਂ ਬਨੇਰੇ ਸੁੱਕਨ

ਲੇਖਕ — ਸਲੀਮ ਸ਼ਹਿਜ਼ਾਦ

ਸਲੀਮ ਸ਼ਹਿਜ਼ਾਦ ਪਾਕਿਸਤਾਨ ਦੀ ਪੰਜਾਬੀ ਕਵਿਤਾ ਵਿਚ ਪ੍ਰਸਿੱਧ ਨਾਂ ਹੈ। ਉਸ ਦੀਆਂ ਛੋਟੀਆਂ ਨਜ਼ਮਾਂ ਦੀ ਵੱਡੀ ਕਿਤਾਬ ਸਾਨੂੰ ਦੋਸਤਾਂ ਦੇ ਹੱਥ, ਵਾਇਆ ਦਿੱਲੀ ਪ੍ਰਾਪਤ ਹੋਈ ਹੈ। ਹਰ ਕਵਿਤਾ ਸ਼ਾਹਮੁਖੀ ਦੇ ਨਾਲ-ਨਾਲ ਗੁਰਮੁਖੀ ਅੱਖਰਾਂ ਵਿਚ ਵੀ ਛਾਪੀ ਗਈ ਹੈ। ਇਸੇ ਕਾਰਨ ਇਸ ਦੇ ਸਫ਼ੇ ਦੁਗਣੇ ਹੋ ਗਏ ਹਨ ਅਰਥਾਤ 284 ਸਫ਼ੇ। ਸਲੀਮ ਨਿੱਕੀ ਨਜ਼ਮ ਲਿਖਦਾ ਹੈ। ਕਈ ਵਾਰ ਇਕ ਸਫ਼ੇ ਉੱਤੇ ਇੱਕੋ ਹੀ ਸ਼ਿਅਰ ਹੁੰਦਾ ਹੈ। ਏਹੀ ਵਜ੍ਹਾ ਹੈ ਕਿ ਸਫ਼ਿਆਂ ਨੂੰ ਬੇਲੋੜੇ ਤੌਰ 'ਤੇ ਵਧਾਇਆ ਗਿਆ ਹੈ। ਪੁਸਤਕ ਵਿਚ ਛਪਾਈ ਦੀਆਂ ਬਹੁਤ ਗਲਤੀਆਂ ਹਨ, ਖਾਸ ਤੌਰ 'ਤੇ ਗੁਰਮੁਖੀ ਅੱਖਰਾਂ ਦੀ ਛਪਾਈ ਵਿਚ। ਸੁਚੇਤ ਕਿਤਾਬ ਘਰ ਦੇ ਮਾਲਕ ਮਕਸੂਦ ਸਾਹਿਬ ਨੂੰ ਇਸ ਪਾਸੇ ਖ਼ਾਸ ਧਿਆਨ ਦੇਣਾ ਪਵੇਗਾ। ਸਲੀਮ ਸੂਖਮ ਗੱਲ ਕਰਦਾ ਹੈ ਤੇ ਸੰਖੇਪ ਵੀ। ਪਾਕਿਸਤਾਨ ਵਿਚ ਜੋ ਕੁਝ ਪਿਛਲੇ ਪੰਜ ਦਹਾਕਿਆਂ 'ਤੇ ਫ਼ੌਜੀ ਰਾਜ ਵਲੋਂ ਕੀਤਾ ਜਾ ਰਿਹਾ ਹੈ ਉਸ ਦਾ ਭਰਪੂਰ ਵਰਨਣ ਤਾਂ ਭਾਵੇਂ ਨਹੀਂ, ਪਰ ਫੇਰ ਵੀ ਇਸ਼ਾਰਿਆਂ ਵਜੋਂ ਸੰਕੇਤ ਜ਼ਰੂਰ ਹਨ। ਅਸੀਂ ਆਸ ਕਰਦੇ ਹਾਂ ਕਿ ਕਵੀ ਆਪਣੇ ਦੇਸ਼ ਦੀ ਹੋਣੀ ਵੱਲ ਵੀ ਅੱਖ ਪੁੱਟ ਕੇ ਵੇਖੇਗਾ। ਪੇਸ਼ ਨੇ ਕੁਝ ਛੋਟੀਆਂ ਛੋਟੀਆਂ ਨਜ਼ਮਾਂ—

**1. ਸੱਚ**

ਸੱਚ ਤੇ ਆਖਰ ਸੱਚ ਏ ਸੱਜਣਾ
ਝੂਠ ਤੇ ਝੂਠ ਈ ਰਹਿਣਾ
ਕਦ ਤੱਕ ਸਾਥੋਂ ਖੋਹ ਦੇ ਰਹਿਣਾ
ਲਿਖਤਾਂ ਦਾ ਇਹ ਗਹਿਣਾ।
ਜਿਵੇਂ ਤੁਹਾਡੀ ਮਰਜ਼ੀ ਕਰ ਲਓ
ਅਸਾਂ ਤਾਂ ਚੁੱਪ ਨਹੀਂ ਰਹਿਣਾ।

**2.**

ਨਜ਼ਮਾਂ ਮੇਰੇ ਅੰਦਰ ਲੱਥੀਆਂ
ਜਿਓਂ ਚਿੜੀ ਦੀ ਚੀਕ
ਪੋਟਿਆਂ ਵਿਚੋਂ ਸਿੰਮਦੀ ਰਹਿੰਦੀ
ਹਰਫ਼ਾਂ ਵਾਲੀ ਲੀਕ।

**3. ਬੋਲ ਫ਼ਕੀਰਾ ਬੋਲ**

ਸੁੱਚੀਆਂ ਖਰੀਆਂ ਗੱਲਾਂ ਦੱਸਦੇ
ਨਾ ਕੋਈ ਮੰਦਾ ਬੋਲ
ਮਿੱਠਾ ਮਿੱਠਾ ਦਰਦ ਅੰਦਰ ਦਾ
ਸੀਨਾ ਦੇਸੀ ਖੋਲ੍ਹ
ਮਨ ਦੀਆਂ ਰਮਜ਼ਾਂ ਤਨ ਆਪਣੇ ਤੇ
ਕੋਈ ਤਾਂ ਦੇਵੇ ਫੋਲ।

**4. ਸਾਡੀਆਂ ਚੁੱਪਾਂ ਨੂੰ ਜੇ ਕੀਲੋਗੇ**

ਤੁਹਾਡੀਆਂ ਅੱਖਾਂ ਉਧਲ ਜਾਣਗੀਆਂ,
ਸਾਡੀਆਂ ਸੱਧਰਾਂ ਉਧਲ ਗਈਆਂ ਨੇ,
ਤੁਹਾਨੂੰ ਨੀਂਦਰਾਂ ਨਹੀਂ ਆਣਗੀਆਂ
ਸਾਡੇ ਪੋਟੇ ਹੰਝੂ ਸੁੱਟਣਗੇ,
ਸਭ ਖ਼ਾਬ ਤੁਹਾਡੇ ਟੁੱਟਣਗੇ।

## ਖ਼ਿਆਲ ਆਪੋ-ਆਪਣਾ

• ਤੁਸੀਂ ਦੁਨੀਆਂ ਦੇ ਚੋਟੀ ਦੇ ਜੁਝਾਰੂ ਕਵੀਆਂ ਨਾਲ ਪੰਜਾਬੀ ਪਾਠਕਾਂ ਦੀਆਂ ਮੁਲਾਕਾਤਾਂ ਕਰਾ ਕੇ ਬੜਾ ਚੰਗਾ ਕੰਮ ਕਰ ਰਹੇ ਹੋ। ਜਿਹੜੀਆਂ ਖਿੜਕੀਆਂ ਸਾਡੇ ਆਮ ਪਾਠਕਾਂ ਲਈ ਬੰਦ ਸਨ, ਤੁਸੀਂ ਉਨ੍ਹਾਂ ਵਿਚੋਂ ਕੁਝ ਖੋਲ੍ਹ ਦਿੱਤੀਆਂ ਸਨ ਤੇ ਰਹਿੰਦੀਆਂ ਨੂੰ ਖੋਲ੍ਹਣ ਦਾ ਭਰੋਸਾ ਦੇ ਰਹੇ ਹੋ। ਧੰਨਵਾਦ। ਪਰ ਮੈਂ ਤੁਹਾਨੂੰ ਇਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਇਕ ਪਿੰਡ ਵਿਚ ਬੈਠੇ ਸਾਰੀ ਦੁਨੀਆਂ ਨੂੰ ਗਾਹ ਰਹੇ ਹੋ, ਪਰ ਕੀ ਤੁਸੀਂ ਕਿਸੇ ਨਾਲ ਕੋਈ ਅਜਿਹਾ ਸੰਪਰਕ ਵੀ ਜੋੜਿਆ ਹੈ ਜਿਸ ਨਾਲ ਪੰਜਾਬੀ ਕਵਿਤਾ ਦੇ ਨਮੂਨੇ ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ, ਮਹਿਮੂਦ ਦਰਵੇਸ਼, ਬ੍ਰਤੋਲਤ ਬ੍ਰੈਖ਼ਤ ਤੇ ਲੋਰਕਾ ਦੇ ਦੇਸ਼ਵਾਸੀਆਂ ਤੱਕ ਸਾਰੀ ਉੱਤਰੀ ਪੰਜਾਬੀ ਕਵਿਤਾ ਨਾ ਸਹੀ, ਉਸ ਦੀਆਂ ਚੋਣਵੀਆਂ ਕ੍ਰਾਂਤੀਸ਼ੀਲ ਕਵਿਤਾਵਾਂ ਦੇ ਨਮੂਨੇ ਪਹੁੰਚ ਜਾਣ। ਇਹ ਵਪਾਰ ਦੁਵੱਲ ਹੋ ਸਕੇ ਤਾਂ ਤੁਹਾਡੀ ਬੜੀ ਜੈ-ਜੈ ਕਾਰ ਹੋਵੇਗੀ।

**ਪ੍ਰਿੰ. ਪ੍ਰੀਤਮ ਸਿੰਘ ਪਟਿਆਲਾ**

• 'ਚਿਰਾਗ਼' ਨੇ ਆਪਣੇ 52ਵੇਂ ਅੰਕ ਨਾਲ ਆਪਣੀਆਂ ਪ੍ਰਾਪਤੀਆਂ ਦੇ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਗੱਡ ਲਿਆ ਹੈ। ਮੇਰੇ ਵਰਗੇ ਅਨੇਕਾਂ ਹੋਣਗੇ ਜਿਨ੍ਹਾਂ ਨੇ ਮਹਿਮੂਦ ਦਰਵੇਸ਼ ਦਾ ਇਕ ਅੱਖਰ ਵੀ ਨਹੀਂ ਪੜ੍ਹਿਆ ਹੋਇਆ, ਪਰ ਹੁਣ ਇੱਕੋ ਵੇਲੇ ਇਸ ਵਿਸ਼ਵ ਪੱਧਰ ਦੇ ਕ੍ਰਾਂਤੀਕਾਰੀ ਕਵੀ ਦਾ ਇੰਨਾ ਕੁਝ ਇਕੋ ਥਾਂ ਹਾਜ਼ਰ ਹੈ। ਤੁਹਾਡੇ ਯਤਨ ਅਤੇ ਸਿਰੜ ਨਾਲ ਕੀਤੇ ਕੰਮ ਨੂੰ ਸਲਾਮ! ਅਨੁਵਾਦ ਦਾ ਪੱਧਰ ਵੀ ਵਧੀਆ ਹੈ। ਕਵਿਤਾ ਦਾ ਅਨੁਵਾਦ ਸਭ ਤੋਂ ਔਖਾ ਕੰਮ ਹੈ, ਪਰ ਤੁਸੀਂ ਇਸ ਵਿਚ ਕਾਮਯਾਬ ਹੋਏ ਹੋ। ਇੱਕ ਕਵੀ ਦੀ ਦੂਜੇ ਕਵੀ ਨਾਲ ਗੁਫ਼ਤਗੂ ਵਿਚੋਂ ਇਹੋ ਜਿਹਾ ਕੁਝ ਸਿਰਜ ਹੁੰਦਾ ਹੈ। ਤੁਸੀਂ ਬ੍ਰੈਖ਼ਤ ਅਤੇ ਲੋਰਕਾ ਬਾਰੇ ਵੀ ਵਿਸ਼ੇਸ਼ ਅੰਕ ਕੱਢਣ ਦਾ ਨਿਸ਼ਚਾ ਕੀਤਾ ਹੈ। ਤੁਹਾਡੇ ਵਰਗੇ ਸਿਰੜੀ ਬੰਦੇ ਲਈ ਕੁਝ ਵੀ ਅਸੰਭਵ ਨਹੀਂ ਹੈ।

**ਸੁਖਪਾਲ ਸਿੰਘ ਬਿੰਦ**

• ਪਟਿਆਲਾ ਕਾਨਫਰੰਸ ਬਾਰੇ ਸ੍ਰੀ ਤੇਜਵੰਤ ਮਾਨ ਅਤੇ ਸੂਫ਼ੀ ਅਮਰਜੀਤ ਦੇ ਵਿਚਾਰ ਪੜ੍ਹਨ ਤੋਂ ਬਾਅਦ ਮੇਰੇ ਮਨ 'ਚ ਜੋ ਵਿਚਾਰ ਉਤਪੰਨ ਹੋਏ, ਉਹ ਇਹ ਕਿ ਮੈਂ ਹਾਲੇ ਤਕ ਕੋਈ ਵੀ ਵਿਸ਼ਵ ਪੰਜਾਬੀ ਕਾਨਫਰੰਸ ਐਸੀ ਨਹੀਂ ਦੇਖੀ-ਸੁਣੀ, ਜਿਸ ਨੂੰ ਸਹੀ ਮਾਅਨਿਆਂ 'ਚ ਵਿਸ਼ਵ ਪੰਜਾਬੀ ਕਾਨਫਰੰਸ ਕਿਹਾ ਜਾ ਸਕੇ। ਹਰ ਕਾਨਫਰੰਸ ਜਾਂ ਤੇ ਕੋਈ ਸਾਹਿਤਿਕ ਸਭਾ ਜਾਂ ਰਾਜਸੀ ਪਾਰਟੀ ਕੁਝ ਖ਼ਾਸ ਨਿਜੀ ਮਕਸਦਾਂ ਨੂੰ ਲੈ ਕੇ ਸ਼ੁਰੂ ਹੁੰਦੀ ਹੈ ਅਤੇ ਉਸ ਕਾਨਫਰੰਸ 'ਚ ਸ਼ਾਮਿਲ ਹੋਏ ਸਾਹਿਤਕਾਰ/ਬੁੱਧੀਜੀਵੀਆਂ ਲਈ ਇਕ ਮੌਜ ਮੇਲੇ ਤੋਂ ਵੱਧ ਨਹੀਂ ਹੁੰਦੀ। ਉਨ੍ਹਾਂ ਕਾਨਫਰੰਸਾਂ ਚੋਂ ਨਿਕਲਦੇ ਖਿਆਲ ਕੁਝ ਕੁ 'ਖਾਸ' ਆਦਮੀਆਂ/ਲੇਖਕਾਂ ਨੂੰ ਕੋਈ ਆਰਜ਼ੀ ਜਿਹਾ ਲਾਭ ਬੇਸ਼ੱਕ ਪੁਚਾ ਸਕਣ, ਪਰ ਸਮੁੱਚੇ ਪੰਜਾਬੀ ਸਾਹਿਤ ਜਾਂ ਸਭਿਆਚਾਰ ਨੂੰ ਕੋਈ ਲਾਭ ਨਹੀਂ ਪਹੁੰਚਦਾ। ਸਭ ਤੋਂ ਮਾੜਾ ਹਾਲ ਵਿਦੇਸ਼ਾਂ – ਥਾਈਲੈਂਡ, ਇੰਗਲੈਂਡ, ਅਮਰੀਕਾ ਆਦਿ 'ਚ ਹੋ ਚੁੱਕੀਆਂ ਕਾਨਫਰੰਸਾਂ ਦਾ ਸੁਣਿਆ ਜਾਂਦਾ ਹੈ। ਜੇ ਕੋਈ ਪਰਚਾ ਪਿਛਲੇ ਵੀਹ ਪੰਝੀ ਵਰ੍ਹਿਆਂ ਦੌਰਾਨ ਹੋਈਆਂ ਵਿਸ਼ਵ ਕਾਨਫਰੰਸਾਂ ਦਾ ਲੇਖਾ-ਜੋਖਾ ਅਤੇ ਉਨ੍ਹਾਂ ਚੋਂ ਨਿਕਲੇ ਸੁਝਾਵਾਂ ਬਾਰੇ ਸਰਵੇ ਕਰ ਕੇ ਪ੍ਰਕਾਸ਼ਤ ਕਰੇ ਤਾਂ ਕਾਨਫਰੰਸ ਦੇ ਆਯੋਜਨ ਕਰਨ ਵਾਲਿਆਂ ਅਤੇ ਉਨ੍ਹਾਂ 'ਚ ਹਿੱਸਾ ਲੈਣ ਵਾਲਿਆਂ ਦਾ ਕਾਫੀ ਭਲਾ ਹੋ ਸਕਦਾ ਹੈ।

ਅਮਰੀਕਾ ਦੇ 'ਨੇਟਿਵ ਇੰਡੀਅਨ' ਬਾਰੇ ਸੂਫ਼ੀ ਅਮਰਜੀਤ ਦਾ ਉਲੱਥਾ ਕੀਤਾ 'ਖ਼ਤ' ਪੰਜਾਬੀ ਸਾਹਿਤ ਚਿੰਤਨ 'ਚ ਇਕ ਵਾਧਾ ਹੈ। ਸਾਡੇ ਇੰਡੀਆ ਵਿਚ ਵੀ 'ਨੇਟਿਵ ਇੰਡੀਅਨ' ਹਨ ਜਿਨ੍ਹਾਂ ਨੂੰ ਅਸੀਂ 'ਆਦਿ ਵਾਸੀ' ਕਹਿੰਦੇ ਹਾਂ ਅਤੇ ਜੋ ਆਪਣੇ ਖੋਹੇ ਗਏ



ਹੱਕਾਂ ਲਈ ਝਾਰਖੰਡ, ਬਸਤਰ ਆਦਿ ਖੇਤਰਾਂ 'ਚ ਜੱਦੋ-ਜਹਿਦ ਕਰਦੇ ਆ ਰਹੇ ਹਨ। ਅੰਗ੍ਰੇਜ਼ਾਂ ਨੇ ਅੱਜ ਤੋਂ 100-150 ਵਰ੍ਹੇ ਪਹਿਲਾਂ 'ਬਿਰਸਾ ਮੁੰਡਾ' ਨੂੰ ਇਸੇ ਤਰ੍ਹਾਂ ਕੈਦ ਕਰਕੇ ਤਸੀਹੇ ਦਿੱਤੇ ਸਨ, ਜਿਸ ਤਰ੍ਹਾਂ ਅਮਰੀਕਾ 'ਚ 'ਲਿਓਨਾਰਡ ਪਿਲਟੀਅਰ' ਨੂੰ ਅਤੇ ਜਿਸ ਤਰ੍ਹਾਂ ਜਵਾਹਰ ਲਾਲ ਨਹਿਰੂ ਨੇ ਆਦਿ ਵਾਸੀਆਂ ਦੇ ਰਾਜਾ 'ਭ੍ਰਾਂਜ ਦੇਓ' ਨੂੰ ਮਰਵਾਇਆ ਸੀ।

ਅਲਬੱਤਾ ਮੈਂ ਐਂਟੀ ਅਮਰੀਕਨ ਅਤੇ ਐਂਟੀ ਕੈਪੀਟਲਿਸਟ ਹੁੰਦਿਆਂ ਹੋਇਆਂ ਵੀ ਫਲਿਸਤੀਨੀਆਂ ਦੀ ਅੱਜ ਦੀ ਜੱਦੋ-ਜਹਿਦ ਬਾਰੇ ਕਿਸੇ ਹਮਦਰਦੀ ਦਾ ਹੁੰਗਾਰਾ ਨਹੀਂ ਭਰ ਸਕਦਾ। ਇਸ ਦਾ ਕਾਰਨ ਇਹ ਕਿ ਮੇਰਾ ਇਹ ਮੰਨਣਾ ਹੈ ਕਿ ਯਹੂਦੀਆਂ ਨੂੰ ਜੋ ਪਿਛਲੇ ਡੇਢ, ਦੋ ਹਜ਼ਾਰ ਵਰ੍ਹਿਆਂ ਤੋਂ ਹਰ ਕੌਮ, ਹਰ ਮੁਲਕ ਵਲੋਂ ਹੋਏ ਜ਼ੁਲਮਾਂ ਨੂੰ ਸਹਿੰਦੇ ਆ ਰਹੇ ਹਨ, ਉਨ੍ਹਾਂ ਨੂੰ ਵੀ ਐਸੀ ਧਰਤੀ ਉੱਤੇ ਧਾਰਮਿਕ, ਸਭਿਆਚਾਰਕ ਅਤੇ ਵਿਚਾਰਕ ਪੱਧਰ ਤੇ ਇੱਜ਼ਤ-ਮਾਨ ਨਾਲ ਜੀ ਸਕਣ। ਇਸਦਾ ਕਾਰਨ ਇਹ ਕਿ ਜਿਸ ਵੇਲੇ ਇਜ਼ਰਾਈਲ ਹੋਂਦ ਵਿਚ ਆਇਆ ਤਕਰੀਬਨ ਉਨ੍ਹੀਂ ਦਿਨੀਂ ਹੀ ਮੈਨੂੰ ਯੇਰੋਸ਼ਲਮ, ਸੀਰੀਆ, ਲੈਬਨਾਨ, ਜੌਰਡਨ, ਇਰਾਕ ਆਦਿ ਦੇਸ਼ਾਂ 'ਚ ਘੁੰਮਣ ਫਿਰਨ ਅਤੇ ਉਥੋਂ ਦੇ ਲੋਕਾਂ (ਮੁਸਲਮਾਨ ਧਰਮ ਦੇ) ਨੂੰ ਮਿਲਣ ਦਾ ਇਤਫਾਕ ਹੋਇਆ।

'ਅਸੀਂ ਇਨ੍ਹਾਂ ਯਹੂਦੀਆਂ ਦਾ ਖੁਰਾ ਖੋਜ ਮਿਟਾ ਦੇਵਾਂਗੇ।'

'ਨੇਸਤੋ ਨਾਬੂਦ ਕਰ ਦੇਵਾਂਗੇ'

ਵਰਗੇ ਫਿਕਰੇ ਸੁਣਨ ਨੂੰ ਆਮ ਮਿਲਦੇ ਸਨ। ਮੈਂ ਅਤੇ ਮੇਰੇ ਸਫਰ ਦੇ ਸਾਥੀ ਆਪ ਉਸ ਗੋਲਾਬਾਰੀ ਥੱਲਿਓਂ ਨਿਕਲੇ ਸਾਂ, ਜੋ ਜੌਰਡਨ, ਸੀਰੀਆ ਵਾਲੇ ਆਪਣੇ ਨਿੱਕੇ ਜਿਹੇ ਮੁਲਕ 'ਤੇ ਕਰ ਰਹੇ ਸਨ, ਜਿਥੇ ਸਾਰੀ ਦੁਨੀਆ ਤੋਂ ਇਕੱਠੇ ਹੋਏ ਯਹੂਦੀ ਆਪਣਾ ਸਿਰ ਲੁਕਾਉਣ ਲਈ ਯਤਨਸ਼ੀਲ ਸਨ। ਕਿਸੇ ਵੀ ਸਮੱਸਿਆ ਦੀ ਜੜ੍ਹ ਉਸਦੇ ਮੁੱਢਲੇ ਇਤਿਹਾਸ/ਪਿਛੋਕੜ ਵੱਲ ਘੋਖਵੀਂ ਤੇ ਨਿਰਪੱਖ ਨਜ਼ਰ ਮਾਰੇ ਬਿਨਾਂ, ਉਸ ਸਮੱਸਿਆ 'ਚ ਗ੍ਰਸਤ ਹੋਏ ਲੋਕਾਂ ਨਾਲ ਇਨਸਾਫ ਨਹੀਂ ਕਰ ਸਕਦੇ। ਅਲਬੱਤਾ ਮੈਂ ਇਹ ਵੀ ਮੰਨਦਾ ਹਾਂ ਕਿ ਅਮਰੀਕਾ ਦੀ ਸ਼ਹਿ ਨਾਲ ਜੋ ਕੁਝ ਅੱਜ ਇਜ਼ਰਾਇਲ ਕਰ ਰਿਹਾ ਹੈ, ਉਸ ਦੇ ਹੱਕ ਵਿਚ ਵੀ ਮੈਂ ਨਹੀਂ ਹਾਂ। •

**ਮਨਮੋਹਨ ਬਾਵਾ**

*ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦਾ ਕਾਵਿ-ਅਨੁਵਾਦ ਦੇ ਖੇਤਰ ਵਿਚ*

*ਇਕ ਹੋਰ ਉਪਰਾਲਾ*

**ਪਾਬਲੋ ਨੇਰੂਦਾ**

**"ਚੋਣਵੀਂ ਕਵਿਤਾ – ਭਾਗ ਦੂਜਾ"**

(ਪੁਸਤਕ ਏਸ ਸਾਲ ਦੇ ਅੰਤ ਵਿਚ ਆ ਰਹੀ ਹੈ)

ਸਫ਼ੇ 270 ਮੁੱਲ 300

**ਮਨਪ੍ਰੀਤ ਪ੍ਰਕਾਸ਼ਨ – ਦਿੱਲੀ**

## ਪੁਸਤਕ ਪ੍ਰਾਪਤੀ

1. ਖਿੱਲਰੇ ਪੱਤਰੇ (ਸਵੈ-ਜੀਵਨੀ) ਜਗਦੀਸ਼ ਸਿੰਘ ਵਰਿਆਮ, ਪੰਨੇ 120, ਮੁੱਲ 100/- ਵਰਿਆਮ ਪ੍ਰਕਾਸ਼ਨ, ਲਾਡੋਵਾਲੀ ਰੋਡ, ਜਲੰਧਰ
2. ਹੰਝੂਆਂ ਦੇ ਹਾਰ (ਕਵਿਤਾਵਾਂ / ਗਜ਼ਲਾਂ) ਤਰਸੇਮ ਸਿੰਘ ਸਫ਼ਰੀ ਪੰਨੇ 104, ਮੁੱਲ 140/- ਦੀਪਕ ਪਬਲਿਸ਼ਰਜ਼, ਜਲੰਧਰ
3. ਮਹਾਂ-ਸ਼ਕਤੀ ਦੀਆਂ ਆਖਰੀ ਘੜੀਆਂ (ਇਤਿਹਾਸਕ ਖੋਜ) ਡਾ. ਪ੍ਰੇਮ ਸਿੰਘ ਪੰਨੇ 295 ਮੁੱਲ 150/- ਸਿੰਘ ਬ੍ਰਦਰਜ਼ ਅੰਮ੍ਰਿਤਸਰ।
4. ਰਾਣੀ ਓਸ ਬਾਜ਼ਾਰ ਦੀ (ਕਹਾਣੀ ਸੰਗ੍ਰਹਿ) ਮਸਊਦ ਅਹਿਮਦ ਚੌਧਰੀ ਪੰਨੇ 208, ਮੁੱਲ 250/- ਇਸਟੀਚਿਊਟ ਆਫ਼ ਪੰਜਾਬੀ ਲਿਟਰੇਚਰ, ਲਾਹੌਰ।
5. ਤਿੰਨਾ ਦਰਿਆਵਾਂ ਸਿਓ ਦੋਸਤੀ ( ਦਰਿਆਵਾਂ ਦੇ ਰੇਖਾ-ਚਿੱਤਰ) ਜਸਵੰਤ ਸਿੰਘ ਵਿਰਦੀ ਪੰਨੇ 150 ਮੁੱਲ 150/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ।
6. ਹੁਣ ਧੀਆਂ ਦੀ ਵਾਰੀ (ਕਵਿਤਾ) ਸੁਰਿੰਦਰ ਗਿੱਲ ਪੰਨੇ 108, ਮੁੱਲ ..... ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ।
7. ਆਜ਼ਾਦੀ ਦੀ ਆਤਮ-ਕਥਾ ( ਮੇਜਰ ਜੈਪਾਲ ਸਿੰਘ ਦੀ ਜੀਵਨੀ) ਅਨੁਵਾਦ ਡਾ. ਗੁਰਨਾਇਬ ਸਿੰਘ, ਪੰਨੇ 200, ਮੁੱਲ 200/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
8. ਜ਼ਿੰਦਗੀ ਦੇ ਵਸੀਵੇਂ (ਕਵਿਤਾ) ਦਲਜੀਤ ਗਿੱਲ ਪੰਨੇ 88, ਮੁੱਲ 75/- ਨਵਜੋਤ ਸਾਹਿਤ ਸੰਸਥਾ ਔੜ, ਜਲੰਧਰ।
9. ਕਾਂ ਬਨੇਰੇ ਸੁੱਕਣ (ਕਵਿਤਾਵਾਂ) ਸਲੀਮ ਸ਼ਹਿਜ਼ਾਦ ਪੰਨੇ 284, ਮੁੱਲ 174/- ਸੁਚੇਤ ਕਿਤਾਬ ਘਰ ਲਾਹੌਰ, ਪਾਕਿਸਤਾਨ।
10. ਖਾਮੋਸ਼ ਜਵਾਲਾਮੁਖੀ (ਮਿੰਨੀ ਕਹਾਣੀਆਂ) ਜਸਵੰਤ ਕੌਰ ਵੰਤਾ ਪੰਨੇ 104, ਮੁੱਲ 100/- ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ।
11. ਕਲਾਮ ਮਿਰਜ਼ਾ (ਕਵਿਤਾ) ਸੁਖਦੇਵ ਸਿੰਘ ਔਲਖ, ਪੰਨੇ 112, ਮੁੱਲ 50/- ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ।
12. ਖੁਦਕੁਸ਼ੀ ਦੇ ਮੋੜ 'ਤੇ (ਨਾਵਲ) ਕੁਲਦੀਪ ਸਿੰਘ ਦੀਪ, ਪੰਨੇ 72, ਮੁੱਲ 90/- ਬਿਸ਼ਨ ਚੰਦ ਐਂਡ ਸੰਨਜ਼, ਦਿੱਲੀ।
13. ਇਕ ਟੋਟਾ ਵਰੇਸ (ਕਾਵਿ ਸੰਗ੍ਰਹਿ) ਅਰਤਿੰਦਰ ਸੰਧੂ, ਪੰਨੇ 112, ਮੁੱਲ 78/- ਰੂਪੀ ਪ੍ਰਕਾਸ਼ਨ ਅੰਮ੍ਰਿਤਸਰ।
14. ਹੋਣੀ ਇਕ ਦੇਸ਼ ਦੀ (ਨਾਵਲ ਭਾਗ-2) ਕੇਵਲ ਕਲੋਟੀ ਪੰਨੇ 248, ਮੁੱਲ 200/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
15. ਘਾਟੀ ਪੁਤਲੀਘਰਾਂ ਦੀ (ਨਾਵਲ) ਕੇਵਲ ਕਲੋਟੀ ਪੰਨੇ 236, ਮੁੱਲ 150/- ਲਾਹੌਰ ਬੁੱਕ ਸ਼ਾਪ, ਲੁਧਿਆਣਾ।
16. ਸ਼ਬਦਾਂ ਨਾਲ ਮੁਹੱਬਤ (ਕਵਿਤਾਵਾਂ) ਅੰਮ੍ਰਿਤ ਸਵਿਤੋਜ ਪੰਨੇ 64, ਮੁੱਲ 25/- ਉਡਾਨ ਪਬਲੀਕੇਸ਼ਨ ਮਾਨਸਾ।
17. ਅਣਗਿਣਤ ਵਰ੍ਹਾ (ਕਹਾਣੀਆਂ) ਜਸਪਾਲਮਾਨ ਖੇੜਾ, ਪੰਨੇ 96, ਮੁੱਲ 100/- ਨੈਸ਼ਨਲ ਬੁੱਕ ਸ਼ਾਪ ਦਿੱਲੀ।




## ਵਾਹ ਰੇ ਕੁਕਨੁਸ !

ਅੱਜ ਅਸੀਂ ਇਹ ਮਾਣ ਨਾਲ ਕਹਿ ਸਕਦੇ ਹਾਂ ਕਿ ਕੁਕਨੁਸ ਪ੍ਰਕਾਸ਼ਨ ਦੀਆਂ ਮਿਆਰੀ ਅਤੇ ਕਿਫ਼ਾਇਤੀ ਕਿਤਾਬਾਂ ਪਾਠਕਾਂ ਵਿਚ ਦਿਨੋ-ਦਿਨ ਮਕਬੂਲ ਹੋ ਰਹੀਆਂ ਹਨ।ਹੁਣ ਤੱਕ ਇਹ ਪ੍ਰਕਾਸ਼ਨ ਡੇਢ ਸੌ ਤੋਂ ਉੱਪਰ ਕਿਤਾਬਾਂ ਛਾਪ ਚੁੱਕਾ ਹੈ।ਜਿਨ੍ਹਾਂ ਵਿਚ ਕੁਝ ਇਹ ਹਨ:

ਵਿਸ਼ਵ-ਸਾਹਿਤ ਲੜੀ : 'ਰਾਤ', 'ਪਹੁ-ਫੁਟਾਲਾ', 'ਦੁਰਘਟਨਾ' (ਐਲੀ ਵਾਈਜ਼ਲ), 'ਰੇਤ ਦਾ ਦਰਵਾਜ਼ਾ'(ਤਾਹਿਰ ਬਿਨ ਜੈਲੋਨ), ਬੁੱਢਾ ਜੋ ਇਸ਼ਕੀਆਂ ਕਹਾਣੀਆ ਪੜ੍ਹਦਾ (ਲੂਈਸ ਸੈਪਲ ਵੈਦਾ), ਰੂਸੀ ਨਾਵਲ- ਚਾਨਣੀਆਂ ਪੈੜਾਂ (ਤਿਖੋਨ ਸਾਈਮੁਸ਼ਕਿਨ), ਪਾਕਿਸਤਾਨੀ ਨਾਵਲ ਪੰਧ- (ਅਫ਼ਜ਼ਲ ਅਹਿਸਨ ਰੰਧਾਵਾ), ਕਮਜ਼ਾਤ (ਫ਼ਖ਼ਰ ਜ਼ਮਾਂ), ਇਕ ਸਮੁੰਦਰ ਪਾਰ, ਤ੍ਰੇਹ (ਮੀਰ ਤਨਹਾ ਯੂਸਫ਼ੀ), ਜੀਵਨ ਯਾਦਾਂ (ਪਾਬਲੋ ਨੇਰੂਦਾ), ਜਾਪਾਨੀ ਕਹਾਣੀਆਂ,ਗੋਰਕੀ ਦੀਆਂ ਕਹਾਣੀਆਂ, ਪਾਕਿਸਤਾਨੀ ਕਹਾਣੀਆਂ, ਬਿਹਾਰ ਦੀਆਂ ਕਹਾਣੀਆਂ, ਸੰਸਾਰ ਪ੍ਰਸਿੱਧ ਖੇਡ ਕਹਾਣੀਆਂ, ਚੋਣਵੀਂ ਕਵਿਤਾ-ਨਾਜ਼ਿਮ ਹਿਕਮਤ, ਹਬੀਬ ਜਾਲਿਬ, ਪਰਵੀਨ ਸ਼ਾਕਿਰ, ਮਹਿਮੂਦ ਦਰਵੇਸ਼, ਪਾਬਲੋ ਨੇਰੂਦਾ ਅਤੇ ਟੈਗੋਰ ਦੀ ਗੀਤਾਂਜਲੀ।

**ਖ਼ਤ ਲੜੀ**- ਫੈਜ਼ ਅਹਿਮਦ ਫ਼ੈਜ਼, ਖ਼ਲੀਲ ਜਿਬਰਾਨ, ਸਆਦਤ ਹਸਨ ਮੰਟੋ, ਮਿਰਜ਼ਾ ਗਾਲਿਬ ਅਤੇ ਪ੍ਰੇਮ ਚੰਦ।

**ਕਹਾਣੀਆਂ** : ਗੁਰਦੇਵ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਰਾਜਿੰਦਰ ਕੌਰ, ਇਫ਼ਤਿਖਾਰ ਨਸੀਮ, ਸੁਕੀਰਤ, ਗੁਰਮੇਲ ਮਡਾਹੜ, ਪ੍ਰੀਤਮਾ ਦੁਮੇਲ, ਜਸਵੀਰ ਰਾਣਾ, ਜਤਿੰਦਰ ਸਿੰਘ ਹਾਂਸ, ਦਵਿੰਦਰ ਮੰਡ, ਗੁਰਮੀਤ ਕੜਿਆਲਵੀ, ਜਸਵੰਤ ਅਮਨ, ਪਵਨ ਪਰਿੰਦਾ ਅਤੇ ਜਸਵੀਰ ਕਲਸੀ ਦੇ ਕਹਾਣੀ ਸੰਗ੍ਰਹਿ।

**ਨਾਵਲ** : ਹਰ ਆਦਮੀ ਦਾ ਡਰ (ਕੁਲਦੀਪ ਬੱਗਾ), ਮਰਦ ਵਿਚਲੀ ਔਰਤ (ਅਜਾਇਬ ਕਮਲ), ਸੁਲਘਦਾ ਸੱਚ, ਜ਼ਮੀਂ ਖਾ ਗਈ, ਆਪਣੇ ਸਨਮੁੱਖ, ਮੈਂ ਪਰਤ ਆਵਾਂਗਾ (ਅਜੀਤ ਰਾਹੀਂ), ਪ੍ਰੀਤੂ, ਤਰਕਾਲਾਂ (ਪਰਮਜੀਤ ਜੱਜ), ਪਰਾਈ ਧਰਤੀ (ਇਕਬਾਲ ਅਰਪਨ), ਧੁਖ਼ਦਾ ਗੋਹਟਾ (ਹਰਨੇਕ ਹੇਅਰ)।

**ਕਵਿਤਾਵਾਂ / ਗ਼ਜ਼ਲਾਂ** : ਸਰਦਾਰ ਪੰਛੀ, ਇਫ਼ਤਿਖ਼ਾਰ ਨਸੀਮ, ਹਰਦਿਆਲ ਸਾਗਰ, ਬਰਜਿੰਦਰ ਚੌਹਾਨ, ਸੁਰਿੰਦਰ ਸੋਹਲ, ਉਂਕਾਰਪ੍ਰੀਤ, ਸ਼ਹਰਯਾਰ, ਮਨਮੋਹਨ, ਕ੍ਰਿਸ਼ਨ ਭਨੋਟ, ਹਰਭਜਨ ਹੁੰਦਲ, ਪ੍ਰਮਿੰਦਰਜੀਤ (ਸੰਪਾਦਕ ਵਜੋਂ), ਸੁਖਪਾਲ, ਰਮਨਦੀਪ, ਰਮਨ, ਦੀਪਕ, ਜਗਤਾਰਜੀਤ, ਹਰਵਿੰਦਰ ਭੰਡਾਲ, ਸ਼ਿਵ ਨਾਥ, ਬਲਵਿੰਦਰ ਸੰਧੂ, ਹਰਮੀਤ ਵਿਦਿਆਰਥੀ, ਸੋਮਾ ਸਬਲੋਕ, ਗੁਰਦਿਆਲ ਪੱਲ੍ਹਾ, ਭੁਪਿੰਦਰਪ੍ਰੀਤ, ਕੇਵਲਜੀਤ ਭੁੱਲਰ, ਰਾਮ ਸਿੰਘ ਚਾਹਲ, ਮਦਨਵੀਰਾ, ਜਗੀਰ ਜੋਸਨ, ਦਰਸ਼ਨ ਬੁਲੰਦਵੀ, ਅਮਰੀਕ ਡੋਗਰਾ ਅਤੇ ਸੁਖਵਿੰਦਰ ਚੋਹਲਾ ਦੇ ਕਾਵਿ-ਸੰਗ੍ਰਹਿ।

**ਵਿਸ਼ਵ ਚਿੰਤਨ ਲੜੀ** : ਸਮਕਾਲੀ ਮਾਰਕਸੀ ਚਿੰਤਨ, ਮਾਰਕਸੀ ਵਿਸ਼ਵ ਚਿੰਤਨ, ਦਲਿਤ ਚਿੰਤਨ (ਡਾ. ਭੀਮ ਇੰਦਰ)

**ਵਾਰਤਕ/ਸਫ਼ਰਨਾਮੇ** : ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ, ਸ਼ਿਵ ਵਰਮਾ, ਵਰਿਆਮ ਸਿੰਘ ਸੰਧੂ, ਡਾ. ਰਜਨੀਸ਼ ਬਹਾਦਰ ਸਿੰਘ, ਬਿਪਨ ਗੋਇਲ, ਡਾ. ਗੁਰਚਰਨ ਸਿੰਘ ਮਹਿਤਾ, ਤਸਕੀਨ, ਹਰਵਿੰਦਰ ਭੰਡਾਲ, ਬਲਦੇਵ ਸਿੰਘ ਆਜ਼ਾਦ ਅਤੇ ਗੁਰਚਰਨ ਸੱਗੂ ਦੀਆਂ ਵਾਰਤਕ ਪੁਸਤਕਾਂ, ਉਪਰੋਕਤ ਕਿਤਾਬਾਂ ਤੋਂ ਬਿਨਾਂ ਪੱਚੀ ਹੋਰ ਕਿਤਾਬਾਂ।

150 ਕਿਤਾਬਾਂ ਦੇ ਪੂਰੇ ਸੈੱਟ ਦੀ ਕੀਮਤ : 2500 ਰੁਪਏ
ਜੀਵਨ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ
ਤੁਹਾਡੀ ਆਪਣੀ ਪਸੰਦ ਦੀਆਂ ਗਿਆਰਾਂ ਸੌ ਰੁਪਏ ਮੁੱਲ ਦੀਆਂ ਕਿਤਾਬਾਂ ਸਿਰਫ ਪੰਜ ਸੌ ਰੁਪਏ ਵਿਚ
ਪਾਠਕਾਂ ਲਈ ਵਿਸ਼ੇਸ਼ ਰਿਆਇਤ : 40 ਪ੍ਰਤੀਸ਼ਤ ਤੋਂ 70 ਪ੍ਰਤੀਸ਼ਤ ਤੱਕ
ਵਧੇਰੇ ਜਾਣਕਾਰੀ ਲਈ ਪੰਜ ਰੁਪਏ ਡਾਕ ਟਿਕਟਾਂ ਭੇਜ ਕੇ ਸੂਚੀ ਪੱਤਰ ਮੰਗਵਾਉ।

ਕੁਕਨੁਸ ਦਾ 'ਚਲਦਾ ਫਿਰਦਾ ਕਿਤਾਬ ਘਰ' ਤੁਹਾਡੇ ਘਰ ਤੱਕ ਕਿਤਾਬਾਂ ਲਿਆਉਣ/ਪੁਚਾਉਣ ਲਈ ਵਚਨਬੱਧ ਹੈ

## ਸੰਪਰਕ : ਕੁਕਨੁਸ ਪ੍ਰਕਾਸ਼ਨ

ਐਨ. ਐਮ. 451, ਮੁਹੱਲਾ ਕਰਾਰ ਖਾਂ, ਜਲੰਧਰ ਫੋਨ : 2214028, 98140-55411
(ਸਹਿਯੋਗ ਰਾਸ਼ੀ ਮਨੀਆਰਡਰ ਜਾਂ ਡਿਮਾਂਡ ਡਰਾਫ਼ਟ ਰਾਹੀਂ ਹੀ ਭੇਜਣਾ)

Chirage Quarterly July-September, 2005
Registered with the Registrar of News-Papers of India No.-PUN-PUN 0 2276/AL/TC94

ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਲ

ਅਮਰ ਪ੍ਰੀਤ
ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ (O) 01852-222927
(R) 98140-75265
(Fax) 225327